Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

REALTY ONE GROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567
916-320-9444

Vol. 18, Issue- 794, 21 to 27 Mar., 2024, Ph: 916-320-9444, E-mail: punjabmailusa@yahoo.com, Web: punjabmailusa.com

## ਟੈਕਸਾਸ ਰਾਹੀਂ ਘੁਸਪੈਠ ਕਰਨ ਵਾਲਿਆਂ ਨੂੰ ਕੀਤਾ ਜਾਵੇਗਾ ਗ੍ਰਿਫ਼ਤਾਰ

■ ਟੈਕਸਾਸ ਗਵਰਨਰ ਨੇ ਸੈਨੇਟ ਬਿਲ-4 'ਤੇ ਦਸਤਖਤ ਕਰਕੇ ਘੁਸਪੈਠ ਰੋਕਣ ਦੀ ਕੀਤੀ ਸੀ ਪ੍ਰੋੜਤਾ



ਟੈਕਸਾਸ, (ਪੰਜਾਬ ਮੇਲ)- ਅਮਰੀਕੀ ਸੁਪਰੀਮ ਕੋਰਟ ਨੇ ਟੈਕਸਾਸ ਲਈ ਇਕ ਇਮੀਗ੍ਰੇਸ਼ਨ ਕਾਨੂੰਨ ਨੂੰ ਤੁਰੰਤ ਲਾਗੂ ਕਰਨ ਦਾ ਰਸਤਾ ਸਾਫ ਕਰ ਦਿੱਤਾ ਹੈ। ਇਹ ਕਾਨੂੰਨ ਸੂਬੇ ਦੇ ਅਧਿਕਾਰੀਆਂ ਨੂੰ ਉਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਨਜ਼ਰਬੰਦ ਕਰਨ ਦੀ ਇਜਾਜ਼ਤ ਦਿੰਦਾ ਹੈ, ਜੋ ਕਿ ਮੈਕਸੀਕੋ ਦੇ ਰਸਤੇ ਤੋਂ ਗੈਰ ਕਾਨੂੰਨੀ ਢੰਗ ਨਾਲ ਬਾਰਡਰ ਰਾਹੀਂ ਟੈਕਸਾਸ ਇਲਾਕੇ ਵਿਚ ਘੁਸਪੈਠ ਕਰਦੇ ਹਨ। ਇਸ ਕਾਨੂੰਨ ਸੰਬੰਧੀ ਭਾਵੇਂ ਕਿ ਚੁਣੌਤੀਆਂ ਸੰਘੀ ਅਪੀਲ ਅਦਾਲਤ ਵਿਚ ਜਾਰੀ ਹਨ, ਪਰ ਇਹ ਫੈਸਲਾ ਟੈਕਸਾਸ ਸਟੇਟ ਲਈ ਬਹੁਤ ਮਹੱਤਵਪੂਰਨ ਹੈ। ਕਿਉਂਕਿ ਪਿਛਲੇ ਲੰਮੇ ਸਮੇਂ ਤੋਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦਾ ਟੈਕਸਾਸ ਗਵਰਨਰ ਗਰੇਗ ਐਬੋਟ ਨਾਲ ਇਸ ਗੱਲ ਤੋਂ ਵਿਵਾਦ ਚੱਲ ਰਿਹਾ ਸੀ ਕਿ ਬਾਰਡਰ 'ਤੇ ਸਖਤੀ ਨਹੀਂ ਹੋਣੀ ਚਾਹੀਦੀ ਸੀ। ਕਿਉਂਕਿ ਇਹ ਫੈਡਰਲ ਦੇ ਅਧੀਨ ਆਉਂਦਾ ਹੈ।

ਟੈਕਸਾਸ ਦੇ ਗਵਰਨਰ ਨੇ ਸੈਨੇਟ ਬਿਲ-4 'ਤੇ ਦਸਤਖਤ ਕਰਕੇ ਇਸ ਘੁਸਪੈਠ ਨੂੰ ਰੋਕਣ ਦੀ ਪ੍ਰੋੜਤਾ ਕੀਤੀ ਸੀ। ਆਸਟਿਨ ਵਿਚ ਇਕ ਸੰਘੀ ਜੱਜ ਨੇ ਟੈਕਸਾਸ ਸਰਕਾਰ ਨੂੰ ਕਾਨੂੰਨ ਲਾਗੂ ਕਰਨ ਤੋਂ ਰੋਕ ਦਿੱਤਾ ਸੀ। ਪਰ 5ਵੀਂ ਯੂ.ਐੱਸ. ਸਰਕਟ ਕੋਰਟ ਆਫ ਅਪੀਲਜ਼ ਨੇ ਹੇਠਲੀ ਅਦਾਲਤ ਦੇ ਫੈਸਲੇ 'ਤੇ ਅਸਥਾਈ ਰੋਕ ਲਗਾ ਦਿੱਤੀ ਅਤੇ ਕਿਹਾ ਕਿ ਜੇਕਰ ਸੁਪਰੀਮ ਕੋਰਟ ਨੇ ਕਾਰਵਾਈ ਨਹੀਂ ਕੀਤੀ, ਤਾਂ ਮਾਰਚ ਵਿਚ ਕਾਨੂੰਨ ਲਾਗੂ ਹੋਵੇਗਾ।

ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੀਨ ਜੀਨ ਨੇ ਕਿਹਾ ਕਿ ਅਸੀਂ ਇਸ ਫੈਸਲੇ ਨਾਲ ਬੁਨਿਆਦੀ ਤੌਰ 'ਤੇ ਅਸਹਿਮਤ ਹਾਂ। ਐੱਸ.ਬੀ.-4 ਨਾ ਸਿਰਫ ਟੈਕਸਾਸ ਵਿਚ ਘੱਟ ਗਿਣਤੀਆਂ ਨੂੰ ਅਸੁਰੱਖਿਅਤ ਬਣਾਏਗਾ, ਇਹ ਕਾਨੂੰਨ ਲਾਗੂ ਕਰਨ 'ਤੇ ਵੀ ਵੱਡਾ ਬੋਝ ਪਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਸਰਹੱਦ 'ਤੇ ਹਫੜਾ-ਦਫੜੀ ਅਤੇ ਉਲਝਣ ਪੈਦਾ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਸਿਰਫ ਰਾਜਨੀਤਿਕ ਫਾਇਦਾ ਲੈਣ ਲਈ ਕੀਤਾ ਜਾ ਰਿਹਾ ਹੈ।

## ਲੋਕ ਸਭਾ ਚੋਣਾਂ: ਕਾਂਗਰਸ 'ਚ ਕਾਟੋ ਕਲੇਸ਼ ਨੇ ਪਾਰਟੀ ਲਈ ਖੜ੍ਹੀ ਕੀਤੀਆਂ ਚੁਣੌਤੀਆਂ

■ ਕਈ ਵੱਡੇ ਆਗੂ ਲੀਡਰਸ਼ਿਪ ਤੋਂ ਚੱਲ ਰਹੇ ਨਾਰਾਜ਼

ਚੰਡੀਗੜ੍ਹ, (ਪੰਜਾਬ ਮੇਲ)- ਪਾਰਟੀ 'ਚ ਚੱਲ ਰਹੇ ਕਾਟੋ ਕਲੇਸ਼ ਕਾਰਨ ਇਸ ਵਾਰ ਕਾਂਗਰਸ ਲਈ ਲੋਕ ਸਭਾ ਚੋਣਾਂ ਕਾਫ਼ੀ ਚੁਣੌਤੀਪੂਰਨ ਰਹਿਣਗੀਆਂ। ਬੇਸ਼ੱਕ ਹਾਲੇ ਤੱਕ ਪਾਰਟੀ ਨੇ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ ਪਰ ਇਸ ਦਰਮਿਆਨ ਕਈ ਆਗੂ ਦੂਜੀਆਂ ਪਾਰਟੀਆਂ 'ਚ ਚਲੇ ਗਏ ਹਨ। ਸਾਬਕਾ ਕਾਂਗਰਸੀ ਐੱਮ.ਪੀ. ਪਰਨੀਤ ਕੌਰ ਭਾਜਪਾ 'ਚ ਸ਼ਾਮਲ ਹੋ ਗਏ। ਇਸ ਤੋਂ ਇਲਾਵਾ ਬਸੀ ਪਠਾਣਾਂ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ.ਪੀ. ਅਤੇ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਰਾਜ ਕੁਮਾਰ ਚੱਬੇਵਾਲ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ, ਜਿਸ ਕਾਰਨ ਪਾਰਟੀ ਨੂੰ ਬਹੁਤ ਵੱਡਾ ਝਟਕਾ ਲੱਗਿਆ ਹੈ। ਇਸ ਸਮੇਂ ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਸ਼ਮਸ਼ੇਰ ਸਿੰਘ ਦੂਲੋਂ ਵੀ ਕਾਂਗਰਸ ਦੇ ਕੁਝ ਲੀਡਰਾਂ ਤੋਂ ਖ਼ੁਸ਼ ਨਹੀਂ ਜਾਪਦੇ। ਇਨ੍ਹਾਂ ਦੋਵੇਂ ਆਗੂਆਂ ਨੇ ਸਮੇਂ-ਸਮੇਂ ਸਿਰ ਪਹਿਲਾਂ ਪੰਜਾਬ ਕਾਂਗਰਸ ਦੇ ਕੰਮ ਕਰਨ ਦੇ ਤਰੀਕਿਆਂ 'ਤੇ ਸਵਾਲ ਚੁੱਕੇ ਸਨ।

ਪਿਛਲੇ ਦਿਨੀਂ ਨਿੱਜੀ ਰੈਲੀਆਂ ਕਰਨ ਲਈ ਇਕ ਸੀਨੀਅਰ ਆਗੂ ਵਿਰੁੱਧ ਅਨੁਸ਼ਾਸਨੀ ਕਾਰਵਾਈ ਦੀ ਮੰਗ ਦਰਮਿਆਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਸੀ ਕਿ ਜੋ ਵੀ ਗ਼ਲਤੀ ਕਰੇਗਾ, ਉਸ ਨੂੰ ਪਾਰਟੀ ਤੋਂ ਬਾਹਰ ਕੱਢ ਦਿੱਤਾ ਜਾਵੇਗਾ। ਕਿਸੇ ਦਾ ਨਾਂ ਲਏ ਬਿਨਾਂ ਵੜਿੰਗ ਨੇ ਕਿਹਾ ਕਿ ਕੋਈ ਵੀ ਪਾਰਟੀ ਤੋਂ ਉੱਪਰ ਨਹੀਂ ਹੈ। ਬੇਸ਼ੱਕ ਤਿੰਨ ਕਾਂਗਰਸੀ ਆਗੂਆਂ ਵਲੋਂ ਇਕ ਤੋਂ ਬਾਅਦ ਇਕ ਪਾਰਟੀ ਛੱਡ ਕੇ ਹੋਰਨਾਂ ਸਿਆਸੀ ਪਾਰਟੀਆਂ 'ਚ ਸ਼ਾਮਲ ਹੋਣ ਦੇ ਸਵਾਲ 'ਤੇ ਸਿੱਧੂ ਨੇ ਕਿਹਾ ਸੀ ਕਿ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਪਾਰਟੀ ਨਾਲ ਮਜ਼ਬੂਤੀ ਨਾਲ ਖੜ੍ਹੇ ਹਨ। ਔਖੇ ਸਮੇਂ 'ਚ ਕਿਰਦਾਰਾਂ ਦੀ ਪਛਾਣ ਹੁੰਦੀ ਹੈ ਪਰ ਉਨ੍ਹਾਂ ਨੇ ਇਹ ਵੀ ਸਾਫ਼ ਕੀਤਾ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ ਨਹੀਂ ਲੜਨਗੇ।

■ ਬਾਕੀ ਖਬਰ ਸਫਾ 17 'ਤੇ

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਦੂਸਰਾ ਨਗਰ ਕੀਰਤਨ 24 ਮਾਰਚ; ਤਿਆਰੀਆਂ ਮੁਕੰਮਲ

■ 22 ਮਾਰਚ, ਦਿਨ ਸ਼ੁਕਰਵਾਰ ਨੂੰ ਹੋਵੇਗੀ ਆਤਿਸ਼ਬਾਜ਼ੀ



ਸੈਕਰਾਮੈਂਟੋ, (ਪੰਜਾਬ ਮੇਲ)- ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਦੂਸਰਾ ਹੋਲਾ-ਮਹੱਲਾ ਨਗਰ ਕੀਰਤਨ 24 ਮਾਰਚ ਨੂੰ ਸਜਾਇਆ ਜਾ ਰਿਹਾ ਹੈ। ਇਸ ਸੰਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਗੁਰਦੁਆਰਾ ਸਾਹਿਬ ਦੇ ਹਾਲ ਵਿਚ 13 ਮਾਰਚ, ਦਿਨ ਸ਼ੁੱਕਰਵਾਰ ਤੋਂ ਸਮਾਗਮ ਸ਼ੁਰੂ ਹੋ ਗਏ ਹਨ ਅਤੇ ਰੋਜ਼ਾਨਾ ਸ਼ਾਮ ਨੂੰ ਕੀਰਤਨੀ ਜੱਥੇ ਅਤੇ ਕਥਾਵਾਚਕ ਗੁਰਬਾਣੀ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਜਿਨ੍ਹਾਂ ਵਿਚ ਭਾਈ ਹਰਜੀਤਪਾਲ ਸਿੰਘ ਜੀ, ਭਾਈ ਗੁਰਵਿੰਦਰ ਸਿੰਘ ਜੀ ਕਥਾਵਾਚਕ, ਭਾਈ ਪਿੰਦਰਪਾਲ ਸਿੰਘ ਜੀ ਕਥਾਵਾਚਕ, ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ, ਭਾਈ ਮਾਹਲ ਸਿੰਘ ਜੀ ਚੰਡੀਗੜ੍ਹ ਵਾਲੇ, ਭਾਈ ਹਰਪ੍ਰੀਤ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਵਾਲੇ, ਭਾਈ ਸੁਖਵਿੰਦਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਵਾਲੇ ਸ਼ਾਮਲ ਹਨ। ਗੁਰਦੁਆਰਾ ਸਾਹਿਬ ਵਿਖੇ 22 ਮਾਰਚ, ਦਿਨ ਸ਼ੁਕਰਵਾਰ ਨੂੰ ਆਤਿਸ਼ਬਾਜ਼ੀ ਹੋਵੇਗੀ। 23 ਮਾਰਚ, ਦਿਨ ਸ਼ਨੀਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। 24 ਮਾਰਚ, ਦਿਨ ਐਤਵਾਰ ਨੂੰ ਠੀਕ ਸਵੇਰੇ 10 ਵਜੇ ਨਗਰ ਕੀਰਤਨ ਆਰੰਭ ਹੋਵੇਗਾ। ਨਗਰ ਕੀਰਤਨ ਦਾ ਪੈਂਡਾਂ 6 ਮੀਲ ਲੰਮਾ ਹੋਵੇਗਾ। ਬਰਾਡਸ਼ਾਅ ਰੋਡ ਤੋਂ ਵਿਨਟੇਜ ਪਾਰਕ ਅਤੇ ਐਲਕ ਗਰੋਵ ਫਲੋਰਿਨ ਰੋਡ ਤੋਂ ਹੁੰਦਾ ਹੋਇਆ ਗਰਬਰ ਰੋਡ ਤੋਂ ਵਾਪਸ ਗੁਰਦੁਆਰਾ ਸਾਹਿਬ ਪਹੁੰਚੇਗਾ। ਇਸ ਮੌਕੇ ਗਤਕੇ ਦੇ ਜੌਹਰ ਵੀ ਦਿਖਾਏ ਜਾਣਗੇ। ਪਾਰਕਿੰਗ ਦਾ ਵਿਸ਼ੇਸ਼ ਪ੍ਰਬੰਧ ਹੈ, ਜਿੱਥੇ ਬੱਸਾਂ ਰਾਹੀਂ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਪਹੁੰਚਾਇਆ ਜਾਵੇਗਾ। ਆਪ ਸਮੂਹ ਸੰਗਤ ਅੱਗੇ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਹੋਰ ਜਾਣਕਾਰੀ ਲਈ ਸਫਾ ਨੰਬਰ 8 'ਤੇ ਲੱਗੇ ਇਸ਼ਤਿਹਾਰ ਨੂੰ ਦੇਖੋ ਜੀ।

## ਕੇਜਰੀਵਾਲ ਵੱਲੋਂ ਈ.ਡੀ. ਦੇ 9 ਸੰਮਨਾਂ ਨੂੰ ਦਿੱਲੀ ਹਾਈ ਕੋਰਟ 'ਚ ਚੁਣੌਤੀ



ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਥਿਤ ਆਬਕਾਰੀ ਨੀਤੀ ਕੇਸ 'ਚ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਨੌਂ ਸੰਮਨਾਂ ਨੂੰ ਦਿੱਲੀ ਹਾਈ ਕੋਰਟ 'ਚ ਚੁਣੌਤੀ ਦਿੱਤੀ ਹੈ। ਹਾਈ ਕੋਰਟ ਦਾ ਡਵੀਜ਼ਨ ਬੈਂਚ ਮਾਮਲੇ 'ਤੇ ਸੁਣਵਾਈ ਕਰੇਗਾ। ਈ.ਡੀ. ਵੱਲੋਂ ਭੇਜੇ ਨੌਂਵੇਂ ਸੰਮਨ 'ਚ ਮੁੱਖ ਮੰਤਰੀ ਕੇਜਰੀਵਾਲ ਨੂੰ 21 ਮਾਰਚ ਨੂੰ ਤਲਬ ਕੀਤਾ ਗਿਆ ਹੈ। ਬੀਤੀ 16 ਮਾਰਚ ਨੂੰ ਇੱਕ ਮੈਜਿਸਟਰੇਟੀ ਅਦਾਲਤ ਨੇ ਆਬਕਾਰੀ ਨੀਤੀ (ਜਿਹੜੀ ਹੁਣ ਰੱਦ ਹੋ ਚੁੱਕੀ ਹੈ) ਕੇਸ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਈ.ਡੀ. ਵੱਲੋਂ ਭੇਜੇ ਸੰਮਨਾਂ ਦੀ ਪਾਲਣਾ ਨਾ ਕਰਨ 'ਤੇ ਏਜੰਸੀ ਵੱਲੋਂ ਦਾਇਰ ਸ਼ਿਕਾਇਤਾਂ 'ਤੇ ਸੁਣਵਾਈ ਕਰਦਿਆਂ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦੇ ਦਿੱਤੀ ਸੀ। ਏਜੰਸੀ ਨੇ ਕੇਜਰੀਵਾਲ ਨੂੰ 22 ਫਰਵਰੀ 7ਵਾਂ ਤੇ 27 ਫਰਵਰੀ ਨੂੰ 8ਵਾਂ ਸੰਮਨ ਜਾਰੀ ਕੀਤਾ ਸੀ। 'ਆਪ' ਨੇਤਾ ਤੇ ਦਿੱਲੀ ਦੀ ਕੈਬਨਿਟ ਮੰਤਰੀ ਆਤਿਸ਼ੀ ਸਿੰਘ ਨੇ ਕਿਹਾ ਕਿ ਈ.ਡੀ. ਭਾਜਪਾ ਦਾ 'ਸਿਆਸੀ ਹਥਿਆਰ' ਬਣ ਚੁੱਕੀ ਹੈ ਅਤੇ ਹੁਣ ਵਿਰੋਧੀਆਂ ਪਾਰਟੀਆਂ 'ਤੇ ਝੂਠੇ ਦੋਸ਼ ਲਾ ਰਹੀ ਹੈ। ਦੂਜੇ ਪਾਸੇ ਭਾਜਪਾ ਨੇ ਸੰਮਨਾਂ ਦੀ ਪਾਲਣਾ ਨਾ ਕਰਨ ਲਈ ਅਰਵਿੰਦ ਕੇਜਰੀਵਾਲ ਦੀ ਆਲੋਚਨਾ ਕੀਤੀ।

## ਕੈਨੇਡਾ 'ਤੇ ਮੰਦੀ ਦੀ ਖਤਰਾ!

■ ਦੀਵਾਲੀਆਪਨ ਲਈ ਅਰਜ਼ੀ ਦੇਣ ਵਾਲੀਆਂ ਕੰਪਨੀਆਂ ਦੀ ਗਿਣਤੀ 'ਚ ਤੇਜ਼ੀ ਨਾਲ ਹੋਇਆ ਵਾਧਾ
■ 800 ਤੋਂ ਵੱਧ ਕੰਪਨੀਆਂ ਨੇ ਜਨਵਰੀ ਵਿਚ ਦੀਵਾਲੀਆਪਨ ਲਈ ਦਾਇਰ ਕੀਤੀ ਅਰਜ਼ੀ

ਸਰੀ, (ਪੰਜਾਬ ਮੇਲ)- ਬ੍ਰਿਟੇਨ ਸਮੇਤ ਦੁਨੀਆਂ ਦੇ ਕਈ ਦੇਸ਼ ਇਸ ਸਮੇਂ ਮੰਦੀ ਦੀ ਲਪੇਟ 'ਚ ਹਨ। ਜਾਪਾਨ ਇਸ ਤੋਂ ਥੋੜ੍ਹਾ ਬਚ ਗਿਆ, ਪਰ ਹੁਣ ਕੈਨੇਡਾ ਦੇ ਮੰਦੀ ਵਿਚ ਫਸਣ ਦਾ ਖ਼ਤਰਾ ਹੈ। ਦੇਸ਼ ਵਿਚ ਦੀਵਾਲੀਆਪਨ ਲਈ ਅਰਜ਼ੀ ਦੇਣ ਵਾਲੀਆਂ ਕੰਪਨੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਕੱਲੇ ਜਨਵਰੀ ਵਿਚ 800 ਤੋਂ ਵੱਧ ਕੰਪਨੀਆਂ ਨੇ ਦੀਵਾਲੀਆਪਨ ਲਈ ਅਰਜ਼ੀ ਦਾਇਰ ਕੀਤੀ ਸੀ।


ਇਸ ਤੋਂ ਪਹਿਲਾਂ 2023 ਵਿਚ ਦੇਸ਼ 'ਚ ਦੀਵਾਲੀਆਪਨ ਫਾਈਲਿੰਗ ਵਿਚ ਲਗਭਗ 40 ਪ੍ਰਤੀਸ਼ਤ ਦਾ ਵਾਧਾ ਹੋਇਆ ਸੀ। ਦੀਵਾਲੀਆਪਨ ਲਈ ਅਰਜ਼ੀ ਦੇਣ ਵਾਲੀਆਂ ਕੰਪਨੀਆਂ ਦੀ ਗਿਣਤੀ 13 ਸਾਲਾਂ ਵਿਚ ਸਭ ਤੋਂ ਵੱਧ ਹੈ। ਕੋਰੋਨਾ ਮਿਆਦ ਦੌਰਾਨ ਕੰਪਨੀਆਂ ਨੂੰ 45,000 ਡਾਲਰ ਦਾ ਵਿਆਜ ਮੁਕਤ ਕਰਜ਼ਾ ਦਿੱਤਾ ਗਿਆ ਸੀ, ਜਿਸ ਦੀ ਮੁੜ ਅਦਾਇਗੀ ਦੀ ਸਮਾਂ ਸੀਮਾ ਜਨਵਰੀ ਵਿਚ ਖ਼ਤਮ ਹੋ ਗਈ ਸੀ। ਛੋਟੀਆਂ ਕੰਪਨੀਆਂ ਕੈਨੇਡਾ ਦੀ ਕੁੱਲ ਘਰੇਲੂ ਪੈਦਾਵਾਰ ਦਾ ਲਗਭਗ 33 ਪ੍ਰਤੀਸ਼ਤ ਹਿੱਸਾ ਬਣਾਉਂਦੀਆਂ ਹਨ। ਸਵਾਲ ਪੈਦਾ ਹੁੰਦਾ ਹੈ ਕਿ ਕੀ ਕੈਨੇਡਾ ਮੰਦੀ ਵੱਲ ਵਧ ਰਿਹਾ ਹੈ?

■ ਬਾਕੀ ਖਬਰ ਸਫਾ 17 'ਤੇ

## ਬਾਇਡਨ ਤੇ ਟਰੰਪ ਆਪੋ-ਆਪਣੀ ਪਾਰਟੀਆਂ ਦੀਆਂ ਪ੍ਰਾਇਮਰੀ ਚੋਣਾਂ ਜਿੱਤੇ

■ ਨਵੰਬਰ 'ਚ ਦੋਵਾਂ ਵਿਚਾਲੇ ਸਖਤ ਮੁਕਾਬਲਾ ਹੋਣ ਦੀ ਸੰਭਾਵਨਾ ਵਧੀ





ਟੈਂਪੇ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਆਪੋ-ਆਪਣੀ ਪਾਰਟੀਆਂ ਦੀਆਂ ਪ੍ਰਾਇਮਰੀ ਚੋਣਾਂ ਜਿੱਤੀਆਂ, ਜਿਸ ਨਾਲ ਇਸ ਸਾਲ ਨਵੰਬਰ 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ 'ਚ ਇਨ੍ਹਾਂ ਦੋਵਾਂ ਨੇਤਾਵਾਂ ਵਿਚਾਲੇ ਸਖ਼ਤ ਮੁਕਾਬਲਾ ਹੋਣ ਦੀ ਸੰਭਾਵਨਾ ਵਧ ਗਈ ਹੈ। ਦੋਵੇਂ ਆਗੂ ਆਪੋ-ਆਪਣੇ ਪਾਰਟੀਆਂ ਦੇ ਸੰਭਾਵੀ ਉਮੀਦਵਾਰ ਹਨ।

ਟਰੰਪ ਨੇ ਐਰੀਜ਼ੋਨਾ, ਫਲੋਰੀਡਾ, ਇਲੀਨੋਇਸ, ਕਨਸਾਸ ਅਤੇ ਓਹਾਇਓ ਵਿੱਚ ਆਸਾਨੀ ਨਾਲ ਰਿਪਬਲਿਕਨ ਪ੍ਰਾਇਮਰੀ ਚੋਣਾਂ ਜਿੱਤ ਲਈਆਂ ਹਨ, ਜਦੋਂਕਿ ਬਾਇਡਨ ਨੇ ਫਲੋਰਿਡਾ ਨੂੰ ਛੱਡ ਕੇ ਇਨ੍ਹਾਂ ਰਾਜਾਂ ਵਿਚ ਡੈਮੋਕ੍ਰੇਟਿਕ ਪਾਰਟੀ ਦੀਆਂ ਪ੍ਰਾਇਮਰੀ ਚੋਣਾਂ ਵੀ ਜਿੱਤੀਆਂ ਹਨ। ਫਲੋਰਿਡਾ ਵਿਚ ਡੈਮੋਕਰੇਟਿਕ ਪਾਰਟੀ ਨੇ ਆਪਣੀ ਪ੍ਰਾਇਮਰੀ ਨੂੰ ਰੱਦ ਕਰ ਦਿੱਤਾ ਅਤੇ ਬਾਇਡਨ ਨੂੰ ਆਪਣੇ

■ ਬਾਕੀ ਖਬਰ ਸਫਾ 17 'ਤੇ

## ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਭਾਜਪਾ 'ਚ ਸ਼ਾਮਲ

■ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਐਲਾਨ ਸਕਦੀ ਹੈ ਉਮੀਦਵਾਰ



ਦਿੱਲੀ 'ਚ ਸਾਬਕਾ ਸਫੀਰ ਤਰਨਜੀਤ ਸਿੰਘ ਸੰਧੂ ਦਾ ਭਾਜਪਾ 'ਚ ਸ਼ਾਮਲ ਹੋਣ 'ਤੇ ਸਵਾਗਤ ਕਰਦੇ ਹੋਏ ਪਾਰਟੀ ਆਗੂ।

ਅੰਮ੍ਰਿਤਸਰ, (ਪੰਜਾਬ ਮੇਲ)- ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਰਸਮੀ ਤੌਰ 'ਤੇ ਭਾਜਪਾ ਵਿਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਭਾਜਪਾ ਦੇ ਜਨਰਲ ਸਕੱਤਰ ਵਿਨੋਦ ਤਾਵੜੇ ਨੇ ਭਾਰਤੀ ਜਨਤਾ ਪਾਰਟੀ ਵਿਚ ਜੀ ਆਇਆਂ ਕਿਹਾ। ਉਨ੍ਹਾਂ ਦੇ ਨਾਲ ਭਾਜਪਾ ਦੇ ਜਨਰਲ ਸਕੱਤਰ ਤਰੁਣ ਚੁੱਘ ਅਤੇ ਸਕੱਤਰ ਮਨਜਿੰਦਰ ਸਿੰਘ ਸਿਰਸਾ ਵੀ ਮੌਜੂਦ ਸਨ।

ਸਮੁੰਦਰੀ ਪਰਿਵਾਰ ਨਾਲ ਸਬੰਧਤ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਅਮਰੀਕਾ ਵਿਚ ਭਾਰਤ ਦੇ ਸਫੀਰ ਰਹਿ ਚੁੱਕੇ ਹਨ। ਸੇਵਾਮੁਕਤੀ ਤੋਂ ਬਾਅਦ ਉਹ ਅੰਮ੍ਰਿਤਸਰ ਵਿਚ ਹਨ ਅਤੇ ਉਨ੍ਹਾਂ ਨੂੰ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਜਪਾ ਦੇ ਸੰਭਾਵੀ ਉਮੀਦਵਾਰਾਂ ਦੀ ਕਤਾਰ ਵਿਚ ਦੇਖਿਆ ਜਾ ਰਿਹਾ ਹੈ।

ਨਵੀਂ ਦਿਲੀ ਵਿੱਚ ਭਾਜਪਾ ਆਗੂ ਸ਼੍ਰੀ ਤਾਵੜੇ ਨੇ ਸ਼੍ਰੀ ਸੰਧੂ ਨੂੰ ਭਾਜਪਾ 'ਚ ਸ਼ਾਮਲ ਕਰਨ ਮੌਕੇ

■ ਬਾਕੀ ਖਬਰ ਸਫਾ 17 'ਤੇ

# ਕੈਲੀਫੋਰਨੀਆ ਵਿਚ ਪ੍ਰੋਪੋਜੀਸ਼ਨ-47 'ਚ ਸੋਧ ਕਰਨ ਲਈ 7-ਇਲੈਵਨ ਮਾਲਕਾਂ ਵੱਲੋਂ 1 ਮਿਲੀਅਨ ਡਾਲਰ ਇਕੱਤਰ





















**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ਵਿਚ ਪ੍ਰੋਪੋਜੀਸ਼ਨ-47 'ਚ ਸੁਧਾਰ ਕਰਨ ਲਈ ਸੈਕਰਾਮੈਂਟੋ ਵਿਖੇ ਕੈਲੀਫੋਰਨੀਆ ਦੀਆਂ 7-ਇਲੈਵਨ ਸਟੋਰਾਂ ਦੇ ਮਾਲਕਾਂ ਅਤੇ ਡਿਸਟ੍ਰਿਕਟ ਅਟਾਰਨੀ ਸਮੇਤ ਹੋਰਨਾਂ ਅਮਰੀਕਨ ਆਗੂਆਂ ਨਾਲ ਭਰਵੀਂ ਮੀਟਿੰਗ ਕੀਤੀ ਗਈ। ਪ੍ਰੋਪੋਜੀਸ਼ਨ-47 ਨੂੰ ਖਤਮ ਕਰਨ ਦੀ ਮੁਹਿੰਮ ਲਈ 7-ਇਲੈਵਨ ਸਟੋਰ ਜਥੇਬੰਦੀਆਂ ਵੱਲੋਂ ਅਟਾਰਨੀ ਐਸੋਸੀਏਸ਼ਨ ਨੂੰ 1 ਮਿਲੀਅਨ ਡਾਲਰ ਤੋਂ ਵੱਧ ਰਕਮ ਦਾ ਚੈੱਕ ਭੇਂਟ ਕੀਤਾ ਗਿਆ। ਵੱਖ-ਵੱਖ ਥਾਵਾਂ ਤੋਂ ਆਈਆਂ 7-ਇਲੈਵਨ ਜਥੇਬੰਦੀਆਂ ਨੇ ਆਪੋ-ਆਪਣਾ ਯੋਗਦਾਨ ਇਸ ਵਿਚ ਪਾਇਆ, ਤਾਂਕਿ ਇਸ ਕਾਨੂੰਨ ਨੂੰ ਬਦਲਿਆ ਜਾ ਸਕੇ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਨੈਸ਼ਨਲ ਕੁਲੀਜ਼ਨ 7-ਇਲੈਵਨ ਓਨਰ ਐਸੋਸੀਏਸ਼ਨ ਦੇ ਚੇਅਰਮੈਨ ਸੁੱਖੀ ਸੰਧੂ ਨੇ ਪੰਜਾਬ ਮੇਲ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅੱਜ ਅਸੀਂ ਇਥੇ ਪ੍ਰੋਪੋਜੀਸ਼ਨ-47 'ਚ ਸੁਧਾਰ ਲਈ ਇਕੱਤਰ ਹੋਏ ਹਾਂ। ਉਨ੍ਹਾਂ ਦੱਸਿਆ ਕਿ ਇਸ ਪ੍ਰੋਪੋਜੀਸ਼ਨ-47 ਕਰਕੇ ਜਿੱਥੇ ਸਟੋਰ ਮਾਲਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਇਸ ਨਾਲ ਨਸ਼ਾਖੋਰੀ ਵਧੀ ਹੈ ਅਤੇ ਬੇਘਰੇ ਲੋਕਾਂ ਵਿਚ ਵੀ ਵਾਧਾ ਹੋਇਆ ਹੈ। ਉਨ੍ਹਾਂ ਦੱਸਿਆ ਕਿ 1 ਮਿਲੀਅਨ ਡਾਲਰ ਦੀ ਰਕਮ ਪ੍ਰੋਪੋਜੀਸ਼ਨ-47 'ਚ ਸੁਧਾਰ ਕਰਾਉਣ ਲਈ ਨਵੰਬਰ ਵਿਚ ਹੋ ਰਹੀਆਂ ਚੋਣਾਂ ਦੌਰਾਨ ਆਮ ਜਨਤਾ ਦੇ ਸਿਗਨੇਚਰ ਲੈਣ ਲਈ ਬੈਲੇਟ 'ਤੇ ਪਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇ ਇਹ ਬੈਲੇਟ 'ਤੇ ਆ ਕੇ ਪਾਸ ਹੋ ਜਾਂਦਾ ਹੈ, ਤਾਂ ਤਿੰਨਾਂ ਚੀਜ਼ਾਂ ਦਾ ਹੱਲ ਹੋ ਸਕੇਗਾ। ਉਨ੍ਹਾਂ ਕਿਹਾ ਕਿ ਸਟੋਰ ਮਾਲਕਾਂ ਦੇ ਨਾਲ-ਨਾਲ ਆਮ ਲੋਕਾਂ ਨੂੰ ਵੀ ਇਸ ਸੰਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਤੇ ਉਨ੍ਹਾਂ ਉਮੀਦ ਕੀਤੀ ਕਿ ਇਹ ਮੁਸ਼ਕਿਲਾਂ ਜਲਦ ਹੱਲ ਹੋ ਜਾਣਗੀਆਂ।

ਇਸ ਦੌਰਾਨ ਕੈਲੀਫੋਰਨੀਆ ਸੈਂਟਰਵੈਲੀ (FOA) ਦੇ ਪ੍ਰੈਜ਼ੀਡੈਂਟ ਜਿਵਤੇਸ਼ ਗਿੱਲ ਨੇ ਪੰਜਾਬ ਮੇਲ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 2014 ਤੋਂ ਪ੍ਰੋਪੋਜੀਸ਼ਨ-47 ਦੇ ਹੋਂਦ ਵਿਚ ਆਉਣ ਨਾਲ ਸਟੋਰਾਂ ਵਿਚ ਚੋਰੀਆਂ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸਟੋਰ ਮਾਲਕ ਲੰਮੇ ਸਮੇਂ ਤੋਂ ਇਸ ਪ੍ਰੋਪੋਜੀਸ਼ਨ ਨੂੰ ਖਤਮ ਕਰਵਾਉਣ ਲਈ ਜੱਦੋ-ਜਹਿਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਕੈਲੀਫੋਰਨੀਆ ਦੀ ਸਟੇਟ ਕੈਪੀਟਲ ਵਿਖੇ ਵੀ ਮੁਜ਼ਾਹਰਾ ਕੀਤਾ ਗਿਆ ਸੀ, ਜਿੱਥੇ ਹਜ਼ਾਰਾਂ ਸਟੋਰ ਮਾਲਕ ਇਕੱਠੇ ਹੋਏ ਸਨ। ਉਨ੍ਹਾਂ ਕਿਹਾ ਕਿ ਸਟੋਰਾਂ ਵਿਚ ਜੇ ਕੋਈ ਚੋਰੀ ਕਰਦਾ ਹੈ, ਤਾਂ ਉਸ ਨੂੰ ਸਜ਼ਾ ਮਿਲਣੀ ਜ਼ਰੂਰੀ ਹੈ।

ਲਾਸ ਏਂਜਲਸ ਤੋਂ ਆਏ ਜਗਤਾਰ ਸਿੰਘ ਸਮਰਾ ਨੇ ਕਿਹਾ ਕਿ ਜਿਹੜੇ ਨਸ਼ਾਖੋਰ ਇਥੇ ਤੁਰੇ ਫਿਰਦੇ ਹਨ, ਪੁਲਿਸ ਉਨ੍ਹਾਂ ਨੂੰ ਤਾਂ ਕੁੱਝ ਕਹਿੰਦੀ ਨਹੀਂ। ਪਰ ਹੱਕ ਹਲਾਲ ਦੀ ਕਮਾਈ ਕਰਨ ਵਾਲੇ ਸਟੋਰ ਮਾਲਕਾਂ ਦਾ ਜੋ ਨੁਕਸਾਨ ਹੋ ਰਿਹਾ ਹੈ, ਉਸ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ।

ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੁੱਖੀ ਸੰਧੂ, ਜਿਵਤੇਸ਼ ਗਿੱਲ, ਸੁਖਮਿੰਦਰ ਢਿੱਲੋਂ, ਇੰਦਰਜੀਤ ਸਿੱਧੂ, ਜੈ ਬਰਾੜ, ਕੈਵਿਨ ਨਿੱਜਰ, ਪ੍ਰਿਥਵੀਪਾਲ ਲਾਲੀ ਗਿੱਲ, ਨਛੱਤਰ ਭੁੱਲਰ, ਨਿੱਕ ਥਿਆਰਾ, ਸੰਨੀ ਧਾਮੀ, ਸਤਿੰਦਰ ਟੋਨੀ ਗਿੱਲ, ਤਰਲੋਚਨ ਰੰਗੀ, ਨਿੱਕ ਭੁੱਲਰ, ਬਿੱਲੂ ਸਮਰਾ, ਕੁਲਦੀਪ ਧਾਲੀਵਾਲ, ਰੂਬੀ ਹੁੰਦਲ, ਬਲਦੇਵ ਸਿੰਘ, ਗੁਨੂੰ ਸਿੰਘ, ਹਰਜਿੰਦਰ ਸਿੰਘ ਅਤੇ ਜਗਤਾਰ ਸਮਰਾ ਵੀ ਹਾਜ਼ਰ ਸਨ।

7-ਇਲੈਵਨ ਜਥੇਬੰਦੀਆਂ ਵੱਲੋਂ ਇਕ ਮਿਲੀਅਨ ਦਾ ਚੈੱਕ ਸੈਕਰਾਮੈਂਟੋ ਕਾਊਂਟੀ ਦੀ ਸਾਬਕਾ ਡਿਸਟ੍ਰਿਕ ਅਟਾਰਨੀ ਐਨੀ ਮੈਰੀ ਸ਼ੁਬਰਟ, ਵੈਂਚੂਰਾ ਕਾਊਂਟੀ ਦੇ ਸਾਬਕਾ ਡਿਸਟ੍ਰਿਕ ਅਟਾਰਨੀ ਗਰੇਗ ਟੋਟਨ, ਸੈਕਰਾਮੈਂਟੋ ਕਾਊਂਟੀ ਦੇ ਡਿਸਟ੍ਰਿਕ ਅਟਾਰਨੀ ਤੀਨ ਹੋਅ ਅਤੇ ਯੋਲੋ ਕਾਊਂਟੀ ਦੇ ਡਿਸਟ੍ਰਿਕ ਅਟਾਰਨੀ ਜੈਫ ਰਿਸਿਗ ਨੂੰ ਭੇਂਟ ਕੀਤਾ ਗਿਆ। ਬੁਲਾਰਿਆਂ ਨੇ ਦੱਸਿਆ ਕਿ ਗਰੇਗ ਟੋਟਨ ਅਤੇ ਐਨੀ ਸ਼ੁਬਰਟ ਪ੍ਰੋਪੋਜੀਸ਼ਨ-47 ਨੂੰ ਰੀਫਾਰਮ ਕਰਵਾਉਣ ਲਈ ਅਤੇ ਸਿਗਨੇਚਰ ਇਕੱਠੇ ਕਰਨ ਲਈ ਚਲਾਈ ਮੁਹਿੰਮ ਦੇ ਕੋ-ਚੇਅਰ ਹਨ।

ਇਸ ਦੌਰਾਨ 7-ਇਲੈਵਨ ਕੰਪਨੀ ਵੱਲੋਂ ਕੈਥਰੀਨ ਵਰਕਸ ਜੈੱਫ ਜਿਨ, ਐਲਫੋਂਸੋ ਫਰਾਕੋ, ਕ੍ਰਿਸ ਕੁਸੀਨਸ, ਡਿਨਾ ਟੈਨਰ, ਕਿਨਥ ਫੋਰਮੈਨ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਪ੍ਰੋਪੋਜੀਸ਼ਨ-47 ਨਵੰਬਰ 4, 2014 ਨੂੰ ਸਟੇਟ ਆਫ ਕੈਲੀਫੋਰਨੀਆ ਵਿਚ ਪਾਸ ਕੀਤਾ ਗਿਆ ਸੀ। ਇਸ ਅਧੀਨ ਗਰੋਸਰੀ ਸਟੋਰਾਂ, ਗੈਸ ਸਟੇਸ਼ਨਾਂ ਆਦਿ ਤੋਂ ਸਾਮਾਨ ਚੁੱਕਣ ਵਾਲੇ ਚੋਰਾਂ ਨੂੰ ਰਾਹਤ ਦਿੱਤੀ ਗਈ ਸੀ। ਉਸ ਤੋਂ ਬਾਅਦ ਪਿਛਲੀ ਦਿਨੀਂ ਇਸ ਵਿਚ ਸੋਧ ਕਰਕੇ ਚੋਰੀ ਕੀਤੇ ਸਾਮਾਨ ਦੀ ਰਕਮ 950 ਡਾਲਰ ਤੱਕ ਵਧਾ ਦਿੱਤੀ ਸੀ, ਜਿਸ ਨਾਲ ਕੈਲੀਫੋਰਨੀਆ ਭਰ ਦੇ ਸਟੋਰ ਮਾਲਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੋਰ ਸ਼ਰੇਆਮ ਸਟੋਰਾਂ ਤੋਂ ਸਾਮਾਨ ਚੁੱਕ ਕੇ ਚਲੇ ਜਾਂਦੇ ਹਨ। ਪਰ ਉਨ੍ਹਾਂ ਨੂੰ ਕਾਨੂੰਨ ਅਨੁਸਾਰ ਰੋਕਿਆ ਨਹੀਂ ਜਾ ਸਕਦਾ। ਜਿਸ ਕਰਕੇ ਜਿਥੇ ਚੋਰੀ ਦੀਆਂ ਵਾਰਦਾਤਾਂ ਵਧੀਆ ਹਨ, ਉਥੇ ਕ੍ਰਾਈਮ 'ਚ ਵੀ ਵਾਧਾ ਹੋਇਆ ਹੈ।

# ਦੂਸਰਾ ਹੋਲਾ-ਮਹੱਲਾ ਨਗਰ ਕੀਰਤਨ

## 24 ਮਾਰਚ, ਦਿਨ ਐਤਵਾਰ

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟ

7676, Bradshaw Road, Sacramento, CA-95829



ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵੱਲੋਂ ਦੂਸਰਾ ਹੋਲਾ-ਮਹੱਲਾ ਨਗਰ ਕੀਰਤਨ 24 ਮਾਰਚ ਨੂੰ ਸਜਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## LAKHBIR SINGH AUJLA

ELITE TRUCK REPAIR & WASH

10399 E STOCKTON BLVD ELK GROVE, CA 95624



Designed By Punjab Mail USA

## ਲਖਬੀਰ ਸਿੰਘ ਔਜਲਾ


ਮੁੱਖ ਸੇਵਾਦਾਰ, ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ

# ਦੂਸਰਾ ਹੋਲਾ-ਮਹੱਲਾ ਨਗਰ ਕੀਰਤਨ 24 ਮਾਰਚ

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ

7676, Bradshaw Road, Sacramento, CA-95829






ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਵੱਲੋਂ
ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ ਸਜਾਏ ਜਾ ਰਹੇ

## ਦੂਸਰੇ ਹੋਲਾ-ਮਹੱਲਾ ਨਗਰ ਕੀਰਤਨ

ਦੀਆਂ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈਆਂ







**ਧੀਰਾ ਨਿੱਝਰ**
ਖੇਡ ਪ੍ਰਮੋਟਰ

ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**CAMP LOGISTICS**
TRANSPORATATION & BROKERAGE INC
9365, Miko Circle, Elk Grove, CA 95624

**Randhir Singh Nijjar**
**Lakhy Singh | Sajjad Anwar**

Designed By Punjab Mail USA

# ਹੋਲਾ-ਮਹੱਲਾ ਨਗਰ ਕੀਰਤਨ

## 24 ਮਾਰਚ, ਦਿਨ ਐਤਵਾਰ

ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ

7676, Bradshaw Road, Sacramento, CA-95829





ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵੱਲੋਂ ਦੂਸਰਾ **ਹੋਲਾ-ਮਹੱਲਾ ਨਗਰ ਕੀਰਤਨ 24 ਮਾਰਚ** ਨੂੰ ਸਜਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

# ਦਵਿੰਦਰ ਸਿੰਘ ਝਾਵਰ



Davinder Singh Jhawar



# US

US Transport Inc.

9875 Dino Drive, Elk Grove, CA 95624

Designed By Punjab Mail USA

ੴ ਸਤਿਗੁਰ ਪ੍ਰਸਾਦਿ



# ਹੋਲਾ-ਮਹੱਲਾ ਨਗਰ ਕੀਰਤਨ 24 ਮਾਰਚ

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ

### 7676, Bradshaw Road, Sacramento, CA-95829



ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵੱਲੋਂ ਦੂਸਰਾ ਹੋਲਾ-ਮਹੱਲਾ ਨਗਰ ਕੀਰਤਨ 24 ਮਾਰਚ ਨੂੰ ਸਜਾਇਆ ਜਾ ਰਿਹਾ ਹੈ। 24 ਮਾਰਚ, ਦਿਨ ਐਤਵਾਰ ਨੂੰ ਸਵੇਰੇ 10 ਵਜੇ ਨਗਰ ਕੀਰਤਨ ਆਰੰਭ ਹੋਵੇਗਾ, ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸੁਭਾਗ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



Designed By Punjab Mail USA

# PARGAT SINGH SANDHU

## Mayor City of GALT, CALIFORNIA



Designed By Punjab Mail USA

# ਦੂਸਰਾ ਹੋਲਾ-ਮਹੱਲਾ ਨਗਰ ਕੀਰਤਨ 24 ਮਾਰਚ

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ

**7676, Bradshaw Road, Sacramento, CA-95829**

**ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵੱਲੋਂ ਦੂਸਰਾ ਹੋਲਾ-ਮਹੱਲਾ ਨਗਰ ਕੀਰਤਨ ਕੱਢਣ 'ਤੇ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈ**



## A & I TRUCKING

COMMITMENT TO SERVICE


ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

Designed By Punjab Mail USA

A&I
Watsonville, CA

GAKHAL GROUP

GB Entertainment







**ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ , ਪਲਵਿੰਦਰ ਸਿੰਘ ਗਾਖਲ**

**Amolak Singh Gakhal, Iqbal Singh Gakhal, Palwinder Singh Gakhal**

**123, E LEE ROAD WATSONVILLE, CA 95076**

# ਲੋਕਾਂ 'ਚ ਕੈਨੇਡੀਅਨ ਨਾਗਰਿਕਤਾ ਲੈਣ ਦਾ ਕ੍ਰੇਜ਼ ਘਟਿਆ

ਓਟਾਵਾ, (ਰਾਜ ਗੋਗਨਾ/ਪੰਜਾਬ ਮੇਲ)- ਕਈ ਸਾਲ ਪਹਿਲਾਂ ਲੋਕਾਂ ਵਿਚ ਕੈਨੇਡਾ ਦਾ ਨਾਗਰਿਕ ਬਣਨ ਦਾ ਹੁਣ ਕ੍ਰੇਜ਼ ਘੱਟ ਗਿਆ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਕੈਨੇਡਾ ਦੀ ਨਾਗਰਿਕਤਾ ਦਰ ਵਿਚ 30 ਫੀਸਦੀ ਦੀ ਗਿਰਾਵਟ ਆਈ ਹੈ। 2006 ਤੋਂ 2016 ਤੱਕ ਸਥਿਤੀ ਬਦਲਣੀ ਸ਼ੁਰੂ ਹੋ ਗਈ। ਉਦੋਂ ਤੋਂ ਹੁਣ ਤੱਕ ਇੱਕ ਬਹੁਤ ਵੱਡੀ ਤਬਦੀਲੀ ਆਈ ਹੈ, ਜਿਸ ਵਿਚ ਭਾਰਤੀਆਂ ਦੀ ਵੀ ਕੈਨੇਡੀਅਨ ਨਾਗਰਿਕਤਾ ਵਿਚ ਦਿਲਚਸਪੀ ਖਤਮ ਹੋ ਗਈ ਹੈ ਅਤੇ ਪਰਵਾਸੀ ਹੁਣ ਕੈਨੇਡੀਅਨ ਨਾਗਰਿਕਤਾ ਲਈ ਪਹਿਲਾਂ ਵਾਂਗ ਕਾਹਲੀ ਨਹੀਂ ਕਰਦੇ। ਪ੍ਰਵਾਸੀਆਂ ਵਿਚ ਨਾਗਰਿਕਤਾ ਦਰ ਵਿਚ 30 ਫੀਸਦੀ ਦੀ ਗਿਰਾਵਟ ਆਈ ਹੈ। 1996 ਵਿਚ, 75 ਪ੍ਰਤੀਸ਼ਤ ਤੋਂ ਵੱਧ ਪ੍ਰਵਾਸੀਆਂ ਨੇ ਨਾਗਰਿਕਤਾ ਲਈ ਅਰਜ਼ੀ ਦਿੱਤੀ ਸੀ। ਸਾਲ 2021 'ਚ ਇਹ ਅੰਕੜਾ ਘੱਟ ਕੇ 45.7 ਫੀਸਦੀ 'ਤੇ ਆ ਗਿਆ ਸੀ। ਕੈਨੇਡੀਅਨ ਨਾਗਰਿਕਤਾ ਵਿਚ ਦਿਲਚਸਪੀ ਉਹ ਨਹੀਂ ਹੈ, ਜੋ ਪਹਿਲਾਂ ਹੁੰਦੀ ਸੀ। ਇੱਕ ਸਮੇਂ ਭਾਰਤੀਆਂ ਵਿਚ ਕੈਨੇਡਾ ਜਾਣ ਅਤੇ ਸੈਟਲ ਹੋਣ ਦਾ ਬਹੁਤ ਵੱਡਾ ਕ੍ਰੇਜ਼ ਹੁੰਦਾ ਸੀ, ਪਰ ਹੁਣ ਕੈਨੇਡਾ ਨੇ ਮੋੜ ਲਿਆ ਹੋਇਆ ਹੈ। ਭਾਰਤ ਹੀ ਨਹੀਂ, ਹਰ ਪਾਸੇ ਅਜਿਹਾ ਦੇਖਣ ਨੂੰ ਮਿਲਦਾ ਹੈ। ਇਸ ਕਾਰਨ ਕੈਨੇਡਾ ਦੀ ਨਾਗਰਿਕਤਾ ਦੀ ਮੰਗ ਵੀ ਘੱਟ ਗਈ ਹੈ। ਇੱਕ ਤਾਜ਼ਾ ਸਰਵੇਖਣ ਦੱਸਦਾ ਹੈ ਕਿ 20 ਸਾਲ ਪਹਿਲਾਂ ਦਾ ਕੈਨੇਡਾ ਅੱਜ ਦੇ ਕੈਨੇਡਾ ਨਾਲੋਂ ਬਹੁਤ ਹੀ ਵੱਖਰਾ ਹੈ। ਇਸ ਲਈ ਪ੍ਰਵਾਸੀ ਹੁਣ ਪਹਿਲਾਂ ਵਾਂਗ ਕੈਨੇਡੀਅਨ ਨਾਗਰਿਕਤਾ ਲਈ ਕਾਹਲੀ ਨਹੀਂ ਕਰਨਗੇ। ਸਟੈਟਿਸਟਿਕਸ ਕੈਨੇਡਾ ਦੀ ਰਿਪੋਰਟ ਦੇ ਮੁਤਾਬਕ ਇਸ ਸਮੇਂ ਕੈਨੇਡਾ ਵਿਚ ਰਹਿ ਰਹੇ ਪ੍ਰਵਾਸੀਆਂ ਵਿਚ ਕੈਨੇਡੀਅਨ ਨਾਗਰਿਕਤਾ ਲੈਣ ਦਾ ਕ੍ਰੇਜ਼ ਘੱਟ ਗਿਆ ਹੈ। ਇਹ ਖੋਜ 1996 ਤੋਂ 2021 ਦੀ ਮਿਆਦ ਨੂੰ ਕਵਰ ਕਰਦੇ ਹੋਏ ਕੀਤੀ ਗਈ ਸੀ। ਇਹ ਪਾਇਆ ਗਿਆ ਹੈ ਕਿ ਪ੍ਰਵਾਸੀਆਂ ਵਿਚ ਨਾਗਰਿਕਤਾ ਦਰ ਵਿਚ 30 ਪ੍ਰਤੀਸ਼ਤ ਦੀ ਕਮੀ ਆਈ ਹੈ। ਪਿਛਲੇ ਦਹਾਕੇ 'ਚ ਸਭ ਤੋਂ ਵੱਡੀ ਗਿਰਾਵਟ ਆਈ ਹੈ। ਡੇਟਾ ਦੀ ਜਾਂਚ ਕੀਤੀ ਗਈ ਕਿ ਕੈਨੇਡਾ ਵਿਚ 5, 10 ਜਾਂ 15 ਸਾਲਾਂ ਤੋਂ ਰਹਿ ਰਹੇ ਕਿੰਨੇ ਲੋਕ ਕੈਨੇਡੀਅਨ ਨਾਗਰਿਕਤਾ ਲਈ ਅਰਜ਼ੀ ਦਿੰਦੇ ਹਨ। 1996 ਵਿਚ, 75 ਪ੍ਰਤੀਸ਼ਤ ਤੋਂ ਵੱਧ ਪ੍ਰਵਾਸੀਆਂ ਨੇ ਕੈਨੇਡੀਅਨ ਨਾਗਰਿਕਤਾ ਲਈ ਅਰਜ਼ੀ ਦਿੱਤੀ ਸੀ। ਜਦੋਂਕਿ ਸਾਲ 2021 ਵਿਚ ਇਹ ਅੰਕੜਾ ਘੱਟ ਕੇ 45.7 ਫੀਸਦੀ ਰਹਿ ਗਿਆ। 2016 ਅਤੇ 2021 ਦੇ ਵਿਚਕਾਰ, ਪ੍ਰਵਾਸੀ ਇੰਨੇ ਨਿਰਾਸ਼ ਹੋ ਗਏ ਕਿ ਉਨ੍ਹਾਂ ਨੇ ਬਹੁਤ ਘੱਟ ਵਾਰ ਕੈਨੇਡੀਅਨ ਨਾਗਰਿਕਤਾ ਲਈ ਅਰਜ਼ੀ ਦਿੱਤੀ। ਕੈਨੇਡੀਅਨ ਨਾਗਰਿਕਤਾ ਦੀ ਲਾਲਸਾ ਵੀ ਵੱਖ-ਵੱਖ ਪ੍ਰਵਾਸੀਆਂ ਵਿਚ ਵੱਖੋ-ਵੱਖਰੀ ਹੁੰਦੀ ਹੈ। ਉਦਾਹਰਨ ਲਈ, ਜਿਨ੍ਹਾਂ ਦੀ ਸਾਲਾਨਾ ਆਮਦਨ 50,000 ਅਤੇ 100,000 ਕੈਨੇਡੀਅਨ ਡਾਲਰ ਦੇ ਵਿਚਕਾਰ ਹੈ, ਉਨ੍ਹਾਂ ਦੀ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਕਰਨ ਦੀ ਸੰਭਾਵਨਾ 14 ਪ੍ਰਤੀਸ਼ਤ ਵੱਧ ਹੈ, ਜਦੋਂਕਿ 10,000 ਡਾਲਰ ਤੋਂ ਘੱਟ ਆਮਦਨ ਵਾਲੇ ਕੈਨੇਡੀਅਨ ਨਾਗਰਿਕਤਾ ਲਈ ਅਰਜ਼ੀ ਦੇਣ ਤੋਂ ਬਚਦੇ ਹਨ। ਇਸ ਤੋਂ ਇਲਾਵਾ, ਯੂਨੀਵਰਸਿਟੀ ਦੀ ਡਿਗਰੀ ਵਾਲੇ 51.8 ਪ੍ਰਤੀਸ਼ਤ ਦੇ ਮੁਕਾਬਲੇ, ਹਾਈ ਸਕੂਲ ਦੀ ਡਿਗਰੀ ਵਾਲੇ 30.5 ਪ੍ਰਤੀਸ਼ਤ ਕੈਨੇਡੀਅਨ ਨਾਗਰਿਕਤਾ ਲਈ ਅਰਜ਼ੀ ਦਿੰਦੇ ਹਨ। ਪ੍ਰਵਾਸੀ ਜਿਸ ਦੇਸ਼ ਤੋਂ ਆਏ ਹਨ, ਉਸ ਦੇ ਆਧਾਰ 'ਤੇ ਡੇਟਾ ਵੀ ਵੱਖਰਾ ਹੋ ਸਕਦਾ ਹੈ। ਪੂਰਬੀ ਏਸ਼ੀਆਈ ਦੇਸ਼ਾਂ ਦੇ ਪ੍ਰਵਾਸੀਆਂ ਵਿਚ ਕੈਨੇਡੀਅਨ ਨਾਗਰਿਕਤਾ ਦੀ ਮੰਗ ਵਿਚ 58 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ, ਜਦੋਂਕਿ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਦੀ ਮੰਗ ਵਿਚ 40.7 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਪੱਛਮੀ ਏਸ਼ੀਆਈ ਦੇਸ਼ਾਂ ਤੋਂ ਕੈਨੇਡੀਅਨ ਨਾਗਰਿਕਤਾ ਦੀ ਮੰਗ ਵਿਚ 30 ਫੀਸਦੀ ਦੀ ਕਮੀ ਆਈ ਹੈ। ਕੈਨੇਡੀਅਨ ਨਾਗਰਿਕਤਾ ਦੀ ਮੰਗ ਪੂਰਬੀ ਯੂਰਪੀਅਨ ਦੇਸ਼ਾਂ ਵਿਚ 29 ਪ੍ਰਤੀਸ਼ਤ ਅਤੇ ਮੱਧ ਅਮਰੀਕਾ ਦੇ ਲੋਕਾਂ ਵਿਚ 28.2 ਪ੍ਰਤੀਸ਼ਤ ਘਟੀ ਹੈ। 2006 ਤੋਂ 2016 ਤੱਕ, ਸਥਿਤੀ ਬਦਲਣੀ ਸ਼ੁਰੂ ਹੋ ਗਈ ਕਿਉਂਕਿ ਨਾਗਰਿਕਤਾ ਪ੍ਰੀਖਿਆ ਸਖ਼ਤ ਹੋ ਗਈ, ਭਾਸ਼ਾ ਦੇ ਹੁਨਰ ਦੀ ਮੰਗ ਵਧ ਗਈ। ਇਸ ਤੋਂ ਇਲਾਵਾ ਅਰਜ਼ੀ ਦੀ ਫੀਸ ਵੀ ਜ਼ਿਆਦਾ ਹੈ। ਇਸ ਡੇਟਾ ਵਿਚ ਕੋਵਿਡ ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਕਿਉਂਕਿ ਕੈਨੇਡੀਅਨ ਨਾਗਰਿਕਤਾ ਦੀ ਮੰਗ ਨੂੰ ਘਟਾਉਣ ਵਿਚ ਲਗਭਗ 40 ਪ੍ਰਤੀਸ਼ਤ ਭੂਮਿਕਾ ਕੋਵਿਡ ਕਾਰਨ ਰਹੀ ਹੈ। ਇਸ ਤੋਂ ਇਲਾਵਾ ਭਾਰਤ ਵਰਗੇ ਦੇਸ਼ਾਂ ਤੋਂ ਵੱਡੀ ਗਿਣਤੀ 'ਚ ਨੌਜਵਾਨ ਕੈਨੇਡਾ ਜਾਂਦੇ ਹਨ ਪਰ ਫਿਰ ਨਾਗਰਿਕਤਾ ਲਈ ਕੋਸ਼ਿਸ਼ ਕਰਨੀ ਹੈ ਜਾਂ ਨਹੀਂ, ਇਹ ਉੱਥੋਂ ਦੇ ਹਾਲਾਤ ਨੂੰ ਦੇਖ ਕੇ ਹੀ ਤੈਅ ਹੁੰਦਾ ਹੈ।

**■ਪਿਛਲੇ 5 ਸਾਲਾਂ ਵਿਚ ਸਥਿਤੀ ਬਦਲੀ**




## ਸਿਆਟਲ ਦੇ ਵਿਰਕ ਤੇ ਸਮੁੰਦਰੀ ਪਰਿਵਾਰ ਨੂੰ ਸਦਮਾ

# ਡਾਕਟਰ ਬੌਬੀ ਵਿਰਕ ਦੇ ਮਾਤਾ ਜੀ ਸ਼੍ਰੀਮਤੀ ਬੇਅੰਤ ਕੌਰ ਵਿਰਕ ਦਾ ਦਿਹਾਂਤ

ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)- ਸਿਆਟਲ ਦੀ ਜਾਣੀ ਪਛਾਣੀ ਸ਼ਖਸੀਅਤ ਡਾਕਟਰ ਬੌਬੀ ਵਿਰਕ ਦੇ ਸਤਿਕਾਰਯੋਗ ਮਾਤਾ ਜੀ ਸ਼੍ਰੀਮਤੀ ਬੇਅੰਤ ਕੌਰ ਵਿਰਕ (77) ਦਾ 15 ਮਾਰਚ ਨੂੰ ਸਪੋਕੇਨ ਦੇ ਹਸਪਤਾਲ ਵਿਚ ਦਿਹਾਂਤ ਹੋ ਗਿਆ। ਉਹ ਕੁੱਝ ਦਿਨ ਪਹਿਲਾਂ ਹੀ ਸਪੋਕੇਨ ਆਪਣੇ ਛੋਟੇ ਲੜਕੇ ਡਾਕਟਰ ਨਵਦੀਪ ਸਿੰਘ ਵਿਰਕ (ਬੰਨੀ) ਪਾਸ ਗਏ ਸੀ, ਪਰੰਤੂ 15 ਮਾਰਚ ਨੂੰ ਸਿਹਤ ਖਰਾਬ ਹੋਣ 'ਤੇ ਹਸਪਤਾਲ ਦਾਖਲ ਕਰਵਾਇਆ, ਪਰੰਤੂ ਇਲਾਜ ਦੌਰਾਨ ਹੀ 15 ਮਾਰਚ ਨੂੰ ਉਨ੍ਹਾਂ ਦਾ ਦਿਹਾਂਤ ਹੋ ਗਿਆ। ਉਹ ਆਪਣੇ ਪਿੱਛੇ ਪਤੀ ਕਰਨਲ ਹਰਦਿਆਲ ਸਿੰਘ ਵਿਰਕ, 2 ਲੜਕੇ ਡਾਕਟਰ ਬੌਬੀ ਵਿਰਕ ਤੇ ਡਾਕਟਰ ਨਵਦੀਪ ਸਿੰਘ ਵਿਰਕ (ਬੰਨੀ) ਅਤੇ 4 ਪੋਤੇ ਛੱਡ ਗਏ ਹਨ। ਉਨ੍ਹਾਂ ਦਾ ਸਸਕਾਰ ਸਪੋਕੇਨ ਦੇ ਹੈਨਰੀ ਵੈਲੀ ਸ਼ਮਸ਼ਾਨ ਘਾਟ 315 N Pine Rd. Spokane WA 99206 ਵਿਖੇ 23 ਮਾਰਚ, ਦਿਨ ਸ਼ਨਿੱਚਰਵਾਰ 11.00 ਵਜੇ ਕੀਤਾ ਜਾਵੇਗਾ। ਉਪਰੰਤ ਸਪੋਕੇਨ ਦੇ ਸਿੱਖ ਟੈਂਪਲ ਗੁਰਦੁਆਰਾ ਸਾਹਿਬ ਵਿਖੇ ਅੰਤਿਮ ਅਰਦਾਸ ਹੋਵੇਗੀ, ਜਿੱਥੇ ਭਾਰੀ ਗਿਣਤੀ ਵਿਚ ਸੰਗਤ ਸਿਆਟਲ ਤੋਂ ਪਹੁੰਚ ਰਹੀ ਹੈ।

2019 ਵਿਚ ਮਾਤਾ ਬੇਅੰਤ ਕੌਰ ਵਿਰਕ ਤੇ ਕਰਨਲ ਹਰਦਿਆਲ ਸਿੰਘ ਵਿਰਕ ਨੇ ਆਪਣੀ ਸ਼ਾਦੀ ਦੀ 50ਵੀਂ ਸਾਲਗਿਰ੍ਹਾ ਮਨਾਈ ਸੀ, ਜਿੱਥੇ ਸਿਆਟਲ ਦੀਆਂ ਮਾਣਮੱਤੀਆਂ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ ਸੀ। ਬੇਅੰਤ ਕੌਰ ਸਿੱਖਾਂ ਦੀ ਸਿਰਮੌਰ ਹਸਤੀ ਤੇਜਾ ਸਿੰਘ ਸਮੁੰਦਰੀ ਦੀ ਪੋਤਰੀ ਸੀ, ਜਿਨ੍ਹਾਂ ਮਿਲ ਕੇ ਡਾਕਟਰ ਬੌਬੀ ਵਿਰਕ ਤੇ ਅਮਰੀਕਾ ਦੇ ਅੰਬੈਸਡਰ ਤਰਨਜੀਤ ਸਿੰਘ ਸੰਧੂ ਦੇ ਉਪਰਾਲੇ ਸਦਕਾ ਸਿਆਟਲ ਦੀ ਲਟਕਦੀ ਮੰਗ ਪੂਰੀ ਕਰਵਾਈ ਸੀ ਤੇ ਇਸ ਸਾਲ ਤੋਂ ਭਾਰਤੀ ਕੌਂਸਲੇਟ ਦਾ ਦਫਤਰ ਖੋਲ੍ਹਿਆ ਗਿਆ ਹੈ, ਜਿੱਥੇ ਸਾਰੇ ਦਫਤਰੀ ਕੰਮ ਹੋ ਰਹੇ ਹਨ। ਹੁਣ ਸਾਨ ਫਰਾਂਸਿਸਕੋ ਨਹੀਂ ਜਾਣਾ ਪੈਂਦਾ।


ਮਾਤਾ ਬੇਅੰਤ ਕੌਰ ਵਿਰਕ ਦੀ ਯਾਦਗਾਰੀ ਫੋਟੋ।

ਮਾਤਾ ਬੇਅੰਤ ਕੌਰ ਵਿਰਕ ਦੀ ਮੌਤ ਦੀ ਖਬਰ ਸੁਣਦਿਆਂ ਹੀ ਸਿਆਟਲ ਵਿਚ ਮਾਤਮ ਛਾ ਗਿਆ। ਇਸ ਮੌਕੇ ਭਾਰਤ ਤੋਂ ਪਦਮ ਸ਼੍ਰੀ ਕਰਤਾਰ ਸਿੰਘ ਪਹਿਲਵਾਨ, ਜਸਜੀਤ ਸਿੰਘ ਸਮੁੰਦਰੀ, ਤਰਨਜੀਤ ਸਿੰਘ ਸੰਧੂ ਸਮੁੰਦਰੀ ਤੇ ਗੁਰਦੀਪ ਸਿੰਘ ਸਿੱਧੂ ਤੋਂ ਇਲਾਵਾ ਸਿਆਟਲ ਦਾ ਪੰਜਾਬੀ ਭਾਈਚਾਰਾ ਸੁਰਜੀਤ ਸਿੰਘ ਤੇ ਰਨਵੀਰ ਸਿੰਘ ਨਾਗਰਾ ਪਰਿਵਾਰ, ਪਿੰਟੂ ਬਾਠ, ਦਲਜੀਤ ਸਿੰਘ ਵਿਰਕ, ਸੇਮ ਵਿਰਕ, ਜੋਗਿੰਦਰ ਸਿੰਘ ਸੰਧੂ, ਜੋਅ ਜੌਹਲ ਕੈਲੀਫੋਰਨੀਆ, ਅਜੀਤ ਸਿੰਘ ਸੰਧੂ ਲੈਥਰੋਪ, ਬਿੱਲਾ ਸੰਘੇੜਾ ਸੈਨਹੋਜ਼ੇ, ਗੁਰਜਤਿੰਦਰ ਸਿੰਘ ਰੰਧਾਵਾ ਮੁੱਖ ਸੰਪਾਦਕ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ., ਖਜ਼ਾਨ ਸਿੰਘ ਸੰਧੂ, ਰਾਜਿੰਦਰ ਸਿੰਘ ਮਾਹਲ, ਰਮਨ ਮੱਲੀ, ਸੰਨੀ ਗਿੱਲ, ਰਾਜਬੀਰ ਸਿੰਘ ਸੰਧੂ, ਬੌਬੀ ਰੰਧਾਵਾ, ਜਸਬੀਰ ਸਿੰਘ, ਜੋਅ ਕੁਮਾਰ, ਸੁੱਖਵਿੰਦਰ ਵਿਰਕ, ਗੁਰਵਿੰਦਰ ਸਿੰਘ ਰਿੱਪੀ ਧਾਲੀਵਾਲ, ਸ਼ਰਨਜੀਤ ਸਿੰਘ ਬਾਠ, ਵਰਿਆਮ ਸਿੰਘ, ਮਨਮੋਹਣ ਸਿੰਘ ਧਾਲੀਵਾਲ, ਹਰਦੀਪ ਸਿੰਘ ਗਿੱਲ, ਹਰਦੀਪ ਸਿੱਧੂ, ਜਗਦੇਵ ਸਿੰਘ ਸੰਧੂ, ਹਰਦੇਵ ਸਿੰਘ ਜੱਜ, ਤਰਨਜੀਤ ਸਿੰਘ ਗਰੇਵਾਲ, ਲੱਖਾ ਸਿੰਘ, ਬਲਵੰਤ ਸਿੰਘ ਔਲਖ, ਸੁਖਚੈਨ ਸਿੰਘ ਸੰਧੂ, ਗੁਰਮੇਲ ਸਿੰਘ ਗਿੱਲ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਦੱਸਿਆ ਕਿ ਸ਼੍ਰੀਮਤੀ ਬੇਅੰਤ ਕੌਰ ਬਹੁਤ ਨੇਕ, ਮਿਹਨਤੀ ਤੇ ਮਿਲਣਸਾਰ ਸ਼ਖਸੀਅਤ ਸਨ।


ੴ ਸਤਿਗੁਰ ਪ੍ਰਸਾਦਿ॥
ਲੱਖ ਖੁਸੀਆਂ ਪਾਤਿਸ਼ਾਹੀਆਂ ਜੇ ਸਤਿਗੁਰੁ ਨਦਰਿ ਕਰੇਇ॥

ਸੈਕਰਾਮੈਂਟੋ ਸਿੱਖ ਸੁਸਾਇਟੀ
ਦੂਸਰਾ ਹੋਲਾ-ਮਹੱਲਾ ਨਗਰ ਕੀਰਤਨ
24 ਮਾਰਚ, ਐਤਵਾਰ 2024



ਪ੍ਰੋਗਰਾਮ
1 ਤੋਂ 24 ਮਾਰਚ 2024
ਆਤਮ ਰਸ ਕੀਰਤਨ ਰੋਜ਼ਾਨਾ ਸ਼ਾਮ 6 ਵਜੇ ਤੋਂ 9 ਵਜੇ ਤੱਕ
17 ਮਾਰਚ, 2024 ਦਿਨ ਐਤਵਾਰ
ਸਵੇਰੇ 10 ਵਜੇ ਤੋਂ 2 ਵਜੇ ਤੱਕ ਦੀਵਾਨ ਸਜਣਗੇ
22 ਮਾਰਚ, ਦਿਨ ਸ਼ੁੱਕਰਵਾਰ 2024: ਆਤਿਸ਼ਬਾਜ਼ੀ
23 ਮਾਰਚ, 2024 ਦਿਨ ਸ਼ਨੀਵਾਰ
ਅੰਮ੍ਰਿਤ ਸੰਚਾਰ, ਨਿਸ਼ਾਨ ਸਾਹਿਬ ਸੇਵਾ ਸਵੇਰੇ 10.00 ਵਜੇ
24 ਮਾਰਚ, 2024 ਦਿਨ ਐਤਵਾਰ
ਆਰੰਭ ਨਗਰ ਕੀਰਤਨ ਸਵੇਰੇ 10.00 ਵਜੇ

ਪਹੁੰਚ ਰਹੇ ਜੱਥੇ
- ਭਾਈ ਹਰਜੀਤਪਾਲ ਸਿੰਘ ਜੀ
- ਭਾਈ ਗੁਰਵਿੰਦਰ ਸਿੰਘ ਜੀ ਕਥਾਵਾਚਕ
- ਭਾਈ ਪਿੰਦਰਪਾਲ ਸਿੰਘ ਜੀ ਕਥਾਵਾਚਕ
- ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ
- ਭਾਈ ਮਹਿਲ ਸਿੰਘ ਜੀ ਚੰਡੀਗੜ੍ਹ ਵਾਲੇ
- ਭਾਈ ਹਰਪ੍ਰੀਤ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਵਾਲੇ
- ਹੋਰ ਵੀ ਬਹੁਤ ਸਾਰੇ ਰਾਗੀ ਜਥੇ ਪਹੁੰਚ ਰਹੇ ਹਨ।

ਇਸ ਮੌਕੇ ਗਤਕੇ ਦੇ ਜੌਹਰ ਦਿਖਾਏ ਜਾਣਗੇ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥
ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਦੂਸਰਾ ਹੋਲਾ-ਮਹੱਲਾ ਨਗਰ ਕੀਰਤਨ 24 ਮਾਰਚ ਨੂੰ ਸਜਾਇਆ ਜਾ ਰਿਹਾ ਹੈ। ਇਸ ਸੰਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਗੁਰਦੁਆਰਾ ਸਾਹਿਬ ਦੇ ਹਾਲ ਵਿਚ 1 ਮਾਰਚ ਦਿਨ ਸ਼ੁੱਕਰਵਾਰ ਤੋਂ ਸਮਾਗਮ ਸ਼ੁਰੂ ਹੋਣਗੇ ਅਤੇ ਰੋਜ਼ਾਨਾ ਸ਼ਾਮ ਨੂੰ ਕੀਰਤਨੀ ਜੱਥੇ ਅਤੇ ਕਥਾਵਾਚਕ ਗੁਰਬਾਣੀ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕਰਨਗੇ। ਇਨ੍ਹਾਂ ਵਿਚ ਭਾਈ ਹਰਜੀਤਪਾਲ ਸਿੰਘ ਜੀ, ਭਾਈ ਗੁਰਵਿੰਦਰ ਸਿੰਘ ਜੀ ਕਥਾਵਾਚਕ, ਭਾਈ ਪਿੰਦਰਪਾਲ ਸਿੰਘ ਜੀ ਕਥਾਵਾਚਕ, ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ, ਭਾਈ ਮਹਿਲ ਸਿੰਘ ਜੀ ਚੰਡੀਗੜ੍ਹ ਵਾਲੇ, ਭਾਈ ਹਰਪ੍ਰੀਤ ਸਿੰਘ ਜੀ, ਸ੍ਰੀ ਦਰਬਾਰ ਸਾਹਿਬ ਵਾਲੇ ਆਈਆਂ ਸੰਗਤਾਂ ਨੂੰ ਕਥਾ, ਕੀਰਤਨ ਰਾਹੀਂ ਨਿਹਾਲ ਕਰ ਰਹੇ ਹਨ। ਗੁਰਦੁਆਰਾ ਸਾਹਿਬ ਵਿਖੇ 22 ਮਾਰਚ, ਦਿਨ ਸ਼ੁਕਰਵਾਰ ਨੂੰ ਆਤਿਸ਼ਬਾਜ਼ੀ ਹੋਵੇਗੀ। 23 ਮਾਰਚ, ਦਿਨ ਸ਼ਨੀਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਅਤੇ ਅੰਮ੍ਰਿਤ ਸੰਚਾਰ ਹੋਵੇਗਾ। 24 ਮਾਰਚ, ਦਿਨ ਐਤਵਾਰ ਨੂੰ ਠੀਕ ਸਵੇਰੇ 10 ਵਜੇ ਨਗਰ ਕੀਰਤਨ ਆਰੰਭ ਹੋਵੇਗਾ। ਬਰਾਡਸ਼ਾਅ ਰੋਡ ਤੋਂ ਵਿਨਟੇਜ ਪਾਰਕ ਅਤੇ ਐਲਕਗਰੋਵ ਫਲੋਰਿਨ ਰੋਡ ਤੋਂ ਹੁੰਦਾ ਹੋਇਆ ਗਰਬਰ ਰੋਡ ਤੋਂ ਵਾਪਸ ਗੁਰਦੁਆਰਾ ਸਾਹਿਬ ਪਹੁੰਚੇਗਾ। ਪਾਰਕਿੰਗ ਦਾ ਵਿਸ਼ੇਸ਼ ਪ੍ਰਬੰਧ ਹੈ, ਜਿਥੇ ਬੱਸਾ ਰਾਹੀਂ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਪਹੁੰਚਾਇਆ ਜਾਵੇਗਾ।

ਸੁਰੱਖਿਆ ਦੇ ਖਾਸ ਪ੍ਰਬੰਧ ਹੋਣਗੇ।

Parking Available
Sheldon High School in Elk Grove CA and
Pleasant Grove High School in Elk Grove CA

ਸੁਰੱਖਿਆ ਦੇ ਪ੍ਰਬੰਧ ਸੈਕਰਾਮੈਂਟੋ ਪੁਲਿਸ ਵੱਲੋਂ ਕੀਤੇ ਜਾਣਗੇ ਅਤੇ ਕਿਸੇ ਵੀ ਤਰ੍ਹਾਂ ਦਾ ਹਥਿਆਰ ਲੈ ਕੇ ਆਉਣ 'ਤੇ ਸਖ਼ਤ ਪਾਬੰਦੀ ਹੋਵੇਗੀ। ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਕਿਸੇ ਤਰ੍ਹਾਂ ਦਾ ਹਥਿਆਰ ਨਾ ਲਿਆਉਣ ਦੀ ਕ੍ਰਿਪਾਲਤਾ ਕਰਨੀ ਜੀ, ਤਾਂ ਜੋ ਕਾਨੂੰਨ ਦੀ ਉਲੰਘਣਾ ਨਾ ਹੋ ਸਕੇ।

ਫਲੋਟ ਬੁੱਕ ਕਰਵਾਉਣ ਲਈ, ਲੰਗਰ ਦੀ ਸੇਵਾ ਲਈ ਜਾਂ ਹੋਰ ਵਲੰਟੀਅਰ ਸੇਵਾ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ ਜੀ।

Lakhvir Singh Aujla 916-826-9800 | Davinder Singh Jhawar 916-919-7061 | Gurinderpal Singh Gill 916-717-2277 | Randhir Singh Nijjar 916-416-9527


ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ
7676, Bradshaw Road, Sacramento, CA-95829

Copyright@Punjab Mail USA

### ਅਮਰੀਕਾ ਦੇ ਸਕੂਲ ਵਿਚ ਵਿਦਿਆਰਥੀ ਵੱਲੋਂ ਕੀਤੀਆਂ 4 ਹੱਤਿਆਵਾਂ ਦਾ ਮਾਮਲਾ

# ਅਦਾਲਤ ਵੱਲੋਂ ਵਿਦਿਆਰਥੀ ਦਾ ਪਿਤਾ ਦੋਸ਼ੀ ਕਰਾਰ, ਅਪ੍ਰੈਲ 'ਚ ਸੁਣਾਈ ਜਾਵੇਗੀ ਸਜ਼ਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਜੇਮਜ ਕਰੁੰਬਲੇ ਜੋ ਉਸ ਨਬਾਲਗ ਵਿਦਿਆਰਥੀ ਦਾ ਪਿਤਾ ਹੈ, ਜਿਸ ਨੇ ਅਮਰੀਕਾ ਦੇ ਮਿਸ਼ੀਗਨ ਰਾਜ ਵਿਚ ਆਕਸਫੋਰਡ ਹਾਈ ਸਕੂਲ ਵਿਚ 30 ਨਵੰਬਰ 2021 ਨੂੰ ਘਰੋਂ ਲਿਆਂਦੀ ਗੰਨ ਨਾਲ ਗੋਲੀਆਂ ਮਾਰ ਕੇ 4 ਵਿਦਿਆਰਥੀਆਂ ਦੀ ਹੱਤਿਆ ਕਰ ਦਿੱਤੀ ਸੀ ਤੇ ਇਕ ਅਧਿਆਪਕ ਸਮੇਤ 6 ਹੋਰ ਵਿਦਿਆਰਥੀਆਂ ਨੂੰ ਜ਼ਖਮੀ ਕਰ ਦਿੱਤਾ ਸੀ, ਨੂੰ ਅਦਾਲਤ ਵੱਲੋਂ ਦੋਸ਼ੀ ਕਰਾਰ ਦੇਣ ਦੀ ਖਬਰ ਹੈ। ਕਰੁੰਬਲੇ ਨੂੰ 4 ਦੋਸ਼ਾਂ ਤਹਿਤ ਗੈਰ ਇਰਾਦਾ ਹੱਤਿਆਵਾਂ ਲਈ ਦੋਸ਼ੀ ਕਰਾਰ ਦਿੱਤਾ ਗਿਆ। ਇਕ ਮਹੀਨਾ ਪਹਿਲਾਂ ਅਦਾਲਤ ਨੇ ਵਿਦਿਆਰਥੀ ਦੀ ਮਾਂ ਜੈਨੀਫਰ ਕਰੁੰਬਲੇ ਨੂੰ ਵੀ ਇਨ੍ਹਾਂ ਦੋਸ਼ਾਂ ਤਹਿਤ ਹੀ ਦੋਸ਼ੀ ਕਰਾਰ ਦਿੱਤਾ ਸੀ। ਇਸ ਤੋਂ ਪਹਿਲਾਂ ਆਪਣੀ ਬਹਿਸ ਮੁਕੰਮਲ ਕਰਦਿਆਂ ਸਰਕਾਰੀ ਵਕੀਲ ਨੇ ਕਿਹਾ ਕਿ ਜੇਮਜ ਕਰੁੰਬਲੇ ਦੀ ਸਿਰੇ ਦੀ ਲਾਪ੍ਰਵਾਹੀ ਕਾਰਨ ਇਹ ਘਟਨਾ ਵਾਪਰੀ ਸੀ, ਜਿਸ ਨੇ ਹਮਲੇ ਤੋਂ ਇਕ ਦਿਨ ਪਹਿਲਾਂ ਆਪਣੇ ਪੁੱਤਰ ਨੂੰ 9 ਐੱਮ.ਐੱਮ. ਦੀ ਗੰਨ ਲਿਆ ਕੇ ਦਿੱਤੀ ਸੀ ਪਰੰਤੂ ਉਹ ਗੰਨ ਦੀ ਸੰਭਾਲ ਕਰਨ 'ਚ ਅਸਫਲ ਰਿਹਾ ਤੇ ਉਸ ਨੇ ਆਪਣੇ ਪੁੱਤਰ ਦੀ ਮਾਨਸਿਕ ਹਾਲਤ ਨੂੰ ਵੀ ਨਹੀਂ ਸਮਝਿਆ। ਅਦਾਲਤ ਨੇ ਪਤੀ ਪਤਨੀ ਨੂੰ ਸਜ਼ਾ ਸਣਾਉਣ ਲਈ 9 ਅਪ੍ਰੈਲ ਦੀ ਤਰੀਕ ਨਿਸ਼ਚਿਤ ਕੀਤੀ ਹੈ। ਜੱਜ ਨੇ ਕਿਹਾ ਕਿ 9 ਅਪ੍ਰੈਲ ਨੂੰ ਸਵੇਰੇ 9 ਵਜੇ ਸਜ਼ਾ ਸੁਣਾਈ ਜਾਵੇਗੀ। ਫੈਸਲੇ ਉਪਰੰਤ ਜੇਮਜ ਕਰੁੰਬਲੇ ਨੂੰ ਹੱਥਕੜੀ ਲਾ ਕੇ ਅਦਾਲਤ ਤੋਂ ਬਾਹਰ ਲਿਜਾਇਆ ਗਿਆ। ਫੈਸਲਾ ਸੁਣਾਉਣ ਸਮੇ ਪੀੜਤ ਮਾਪੇ ਵੀ ਹਾਜ਼ਰ ਸਨ।




**ਮਾਰੇ ਗਏ ਵਿਦਿਆਰਥੀਆਂ ਦੀਆਂ ਤਸਵੀਰਾਂ।**

# ਸਿਵਲ ਫਰਾਡ ਕੇਸ ਨਿਪਟਾਰੇ ਲਈ ਟਰੰਪ ਲਈ 464 ਮਿਲੀਅਨ ਡਾਲਰ ਦਾ ਭੁਗਤਾਨ ਬਣਿਆ ਮੁਸੀਬਤ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸਿਵਲ ਫਰਾਡ ਕੇਸ ਦੇ ਨਿਪਟਾਰੇ ਲਈ 464 ਮਿਲੀਅਨ ਡਾਲਰ ਦੇ ਬਾਂਡ ਦਾ ਭੁਗਤਾਨ ਕਰਨ ਵਿਚ ਬਹੁਤ ਮੁਸ਼ਕਲ ਆ ਰਹੀ ਹੈ, ਉਨ੍ਹਾਂ ਦੇ ਵਕੀਲ ਨੇ ਨਵੀਂ ਅਪੀਲੀ ਅਦਾਲਤ ਨੂੰ ਦੱਸਿਆ। ਜ਼ਿਕਰਯੋਗ ਹੈ ਕਿ ਜੱਜ ਆਰਥਰ ਐਂਗਰੋਨ ਨੇ ਫਰਵਰੀ 'ਚ ਸਿਵਲ ਫਰਾਡ ਮਾਮਲੇ 'ਚ ਟਰੰਪ ਅਤੇ ਉਨ੍ਹਾਂ ਦੀਆਂ ਕੰਪਨੀਆਂ 'ਤੇ ਕੁੱਲ 464 ਮਿਲੀਅਨ ਡਾਲਰ ਦਾ ਜੁਰਮਾਨਾ ਲਗਾਇਆ ਸੀ। ਆਰਡਰ ਵਿਚ ਟਰੰਪ ਨੂੰ ਵਿਆਜ਼ ਅਦਾ ਕਰਨ ਲਈ ਵੀ ਕਿਹਾ ਗਿਆ ਹੈ। ਅਦਾਲਤ ਨੇ ਟਰੰਪ 'ਤੇ ਤਿੰਨ ਸਾਲ ਲਈ ਨਿਊਯਾਰਕ 'ਚ ਕਿਸੇ ਵੀ ਕੰਪਨੀ ਦੀ ਅਗਵਾਈ ਕਰਨ 'ਤੇ ਵੀ ਪਾਬੰਦੀ ਲਗਾ ਦਿੱਤੀ ਹੈ। ਉਨ੍ਹਾਂ ਦੇ ਪੁੱਤਰਾਂ ਡੋਨਾਲਡ ਟਰੰਪ ਜੂਨੀਅਰ ਅਤੇ ਐਰਿਕ ਟਰੰਪ ਨੂੰ ਵੀ 4 ਮਿਲੀਅਨ ਡਾਲਰ ਦਾ ਜੁਰਮਾਨਾ ਅਤੇ ਦੋ ਸਾਲ ਲਈ ਪਾਬੰਦੀ ਲਗਾਈ ਗਈ ਹੈ। ਟਰੰਪ ਆਰਗੇਨਾਈਜ਼ੇਸ਼ਨ ਦੇ ਜਨਰਲ ਕਾਉਂਸਲ ਐਲਨ ਗਾਰਟਨ ਅਨੁਸਾਰ ਟਰੰਪ ਨੂੰ 464 ਮਿਲੀਅਨ ਡਾਲਰ ਦੇ ਬਾਂਡ ਪ੍ਰਾਪਤ ਕਰਨ ਵਿੱਚ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੰਪ ਨੂੰ ਬਾਂਡ ਲਈ ਆਪਣੀ ਰੀਅਲ ਅਸਟੇਟ ਦੀ ਜਮਾਂਦਰੂ ਵਜੋਂ ਵਰਤੋਂ ਕਰਨੀ ਪਵੇਗੀ। ਹਾਂਲਾਕਿ ਉਸ ਦੇ ਵਕੀਲ ਅਨੁਸਾਰ ਕੋਈ ਵੀ ਬਾਂਡ ਪ੍ਰਦਾਤਾ ਰੀਅਲ ਅਸਟੇਟ ਨੂੰ ਜਮਾਂਦਰੂ ਵਜੋਂ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ।

For Sale & Purchase of Any Kind of Property
Agriculture land, Commercial Land, Home

1. 783.3 Acres of well taken care good producing Almonds and all drip system, under $25000.00 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system, with two sources of water and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.




ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:



Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780
E-Mail: gurneknagra@yahoo.com
Web Page: gurneknagra.com

ੴ ਸਤਿਗੁਰ ਪ੍ਰਸਾਦਿ॥
ਲੱਖ ਖੁਸੀਆਂ ਪਾਤਿਸ਼ਾਹੀਆਂ ਜੇ ਸਤਿਗੁਰੁ ਨਦਰਿ ਕਰੇਇ॥

ਸੈਕਰਾਮੈਂਟੋ ਸਿੱਖ ਸੁਸਾਇਟੀ
ਦੂਸਰਾ ਹੋਲਾ-ਮਹੱਲਾ ਨਗਰ ਕੀਰਤਨ
24 ਮਾਰਚ, ਐਤਵਾਰ 2024



ਪ੍ਰੋਗਰਾਮ
1 ਤੋਂ 24 ਮਾਰਚ 2024
ਆਤਮ ਰਸ ਕੀਰਤਨ ਰੋਜ਼ਾਨਾ ਸ਼ਾਮ 6 ਵਜੇ ਤੋਂ 9 ਵਜੇ ਤੱਕ
17 ਮਾਰਚ, 2024 ਦਿਨ ਐਤਵਾਰ
ਸਵੇਰੇ 10 ਵਜੇ ਤੋਂ 2 ਵਜੇ ਤੱਕ ਦੀਵਾਨ ਸਜਣਗੇ
22 ਮਾਰਚ, ਦਿਨ ਸ਼ੁੱਕਰਵਾਰ 2024: ਆਤਿਸ਼ਬਾਜ਼ੀ
23 ਮਾਰਚ, 2024 ਦਿਨ ਸ਼ਨੀਵਾਰ
ਅੰਮ੍ਰਿਤ ਸੰਚਾਰ, ਨਿਸ਼ਾਨ ਸਾਹਿਬ ਸੇਵਾ ਸਵੇਰੇ 10.00 ਵਜੇ
24 ਮਾਰਚ, 2024 ਦਿਨ ਐਤਵਾਰ
ਆਰੰਭ ਨਗਰ ਕੀਰਤਨ ਸਵੇਰੇ 10.00 ਵਜੇ

ਪਹੁੰਚ ਰਹੇ ਜੱਥੇ
- ਭਾਈ ਹਰਜੀਤਪਾਲ ਸਿੰਘ ਜੀ
- ਭਾਈ ਗੁਰਵਿੰਦਰ ਸਿੰਘ ਜੀ ਕਥਾਵਾਚਕ
- ਭਾਈ ਪਿੰਦਰਪਾਲ ਸਿੰਘ ਜੀ ਕਥਾਵਾਚਕ
- ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ
- ਭਾਈ ਮਹਿਲ ਸਿੰਘ ਜੀ ਚੰਡੀਗੜ੍ਹ ਵਾਲੇ
- ਭਾਈ ਹਰਪ੍ਰੀਤ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਵਾਲੇ
- ਹੋਰ ਵੀ ਬਹੁਤ ਸਾਰੇ ਰਾਗੀ ਜਥੇ ਪਹੁੰਚ ਰਹੇ ਹਨ।

ਇਸ ਮੌਕੇ ਗਤਕੇ ਦੇ ਜੌਹਰ ਦਿਖਾਏ ਜਾਣਗੇ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥
ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਦੂਸਰਾ ਹੋਲਾ-ਮਹੱਲਾ ਨਗਰ ਕੀਰਤਨ 24 ਮਾਰਚ ਨੂੰ ਸਜਾਇਆ ਜਾ ਰਿਹਾ ਹੈ। ਇਸ ਸੰਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਗੁਰਦੁਆਰਾ ਸਾਹਿਬ ਦੇ ਹਾਲ ਵਿਚ 1 ਮਾਰਚ ਦਿਨ ਸ਼ੁੱਕਰਵਾਰ ਤੋਂ ਸਮਾਗਮ ਸ਼ੁਰੂ ਹੋਣਗੇ ਅਤੇ ਰੋਜ਼ਾਨਾ ਸ਼ਾਮ ਨੂੰ ਕੀਰਤਨੀ ਜੱਥੇ ਅਤੇ ਕਥਾਵਾਚਕ ਗੁਰਬਾਣੀ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕਰਨਗੇ। ਇਨ੍ਹਾਂ ਵਿਚ ਭਾਈ ਹਰਜੀਤਪਾਲ ਸਿੰਘ ਜੀ, ਭਾਈ ਗੁਰਵਿੰਦਰ ਸਿੰਘ ਜੀ ਕਥਾਵਾਚਕ, ਭਾਈ ਪਿੰਦਰਪਾਲ ਸਿੰਘ ਜੀ ਕਥਾਵਾਚਕ, ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ, ਭਾਈ ਮਹਿਲ ਸਿੰਘ ਜੀ ਚੰਡੀਗੜ੍ਹ ਵਾਲੇ, ਭਾਈ ਹਰਪ੍ਰੀਤ ਸਿੰਘ ਜੀ, ਸ੍ਰੀ ਦਰਬਾਰ ਸਾਹਿਬ ਵਾਲੇ ਆਈਆਂ ਸੰਗਤਾਂ ਨੂੰ ਕਥਾ, ਕੀਰਤਨ ਰਾਹੀਂ ਨਿਹਾਲ ਕਰ ਰਹੇ ਹਨ। ਗੁਰਦੁਆਰਾ ਸਾਹਿਬ ਵਿਖੇ 22 ਮਾਰਚ, ਦਿਨ ਸ਼ੁਕਰਵਾਰ ਨੂੰ ਆਤਿਸ਼ਬਾਜ਼ੀ ਹੋਵੇਗੀ। 23 ਮਾਰਚ, ਦਿਨ ਸ਼ਨੀਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਅਤੇ ਅੰਮ੍ਰਿਤ ਸੰਚਾਰ ਹੋਵੇਗਾ। 24 ਮਾਰਚ, ਦਿਨ ਐਤਵਾਰ ਨੂੰ ਠੀਕ ਸਵੇਰੇ 10 ਵਜੇ ਨਗਰ ਕੀਰਤਨ ਆਰੰਭ ਹੋਵੇਗਾ। ਬਰਾਡਸ਼ਾਅ ਰੋਡ ਤੋਂ ਵਿਨਟੇਜ ਪਾਰਕ ਅਤੇ ਐਲਕਗਰੋਵ ਫਲੋਰਿਨ ਰੋਡ ਤੋਂ ਹੁੰਦਾ ਹੋਇਆ ਗਰਬਰ ਰੋਡ ਤੋਂ ਵਾਪਸ ਗੁਰਦੁਆਰਾ ਸਾਹਿਬ ਪਹੁੰਚੇਗਾ। ਪਾਰਕਿੰਗ ਦਾ ਵਿਸ਼ੇਸ਼ ਪ੍ਰਬੰਧ ਹੈ, ਜਿਥੇ ਬੱਸਾ ਰਾਹੀਂ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਪਹੁੰਚਾਇਆ ਜਾਵੇਗਾ।

ਸੁਰੱਖਿਆ ਦੇ ਖਾਸ ਪ੍ਰਬੰਧ ਹੋਣਗੇ।

Parking Available
Sheldon High School in Elk Grove CA and
Pleasant Grove High School in Elk Grove CA

ਸੁਰੱਖਿਆ ਦੇ ਪ੍ਰਬੰਧ ਸੈਕਰਾਮੈਂਟੋ ਪੁਲਿਸ ਵੱਲੋਂ ਕੀਤੇ ਜਾਣਗੇ ਅਤੇ ਕਿਸੇ ਵੀ ਤਰ੍ਹਾਂ ਦਾ ਹਥਿਆਰ ਲੈ ਕੇ ਆਉਣ 'ਤੇ ਸਖ਼ਤ ਪਾਬੰਦੀ ਹੋਵੇਗੀ। ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ ਕਿਸੇ ਤਰ੍ਹਾਂ ਦਾ ਹਥਿਆਰ ਨਾ ਲਿਆਉਣ ਦੀ ਕ੍ਰਿਪਾਲਤਾ ਕਰਨੀ ਜੀ, ਤਾਂ ਜੋ ਕਾਨੂੰਨ ਦੀ ਉਲੰਘਣਾ ਨਾ ਹੋ ਸਕੇ।

ਫਲੋਟ ਬੁੱਕ ਕਰਵਾਉਣ ਲਈ, ਲੰਗਰ ਦੀ ਸੇਵਾ ਲਈ ਜਾਂ ਹੋਰ ਵਲੰਟੀਅਰ ਸੇਵਾ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ ਜੀ।

Lakhvir Singh Aujla 916-826-9800 | Davinder Singh Jhawar 916-919-7061 | Gurinderpal Singh Gill 916-717-2277 | Randhir Singh Nijjar 916-416-9527

ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ
7676, Bradshaw Road, Sacramento, CA-95829

Space Sponsored by
Gurjatinder Singh Randhawa (Realtor)
Phone : 916-320-9444
CA DRE licence # 01490567

Copyright@Punjab Mail USA

# ਭਾਰਤੀ-ਅਮਰੀਕੀ ਡਾਕਟਰ ਜਿਨਸੀ ਸੋਸ਼ਨ ਦੇ ਗੰਭੀਰ ਦੋਸ਼ਾਂ ਤਹਿਤ ਗ੍ਰਿਫ਼ਤਾਰ



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕਾ ਦੇ ਸੂਬੇ ਵਰਜੀਨੀਆ ਤੋਂ ਇੱਕ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆਈ ਹੈ। ਗੁਜਰਾਤੀ ਭਾਰਤੀਆਂ ਦੀ ਵੱਡੀ ਆਬਾਦੀ ਵਾਲੇ ਕਸਬੇ ਕਲਿਪਰ ਦੀ ਪੁਲਿਸ ਨੇ ਗੁਜਰਾਤੀ ਮੂਲ ਦੇ ਬੱਚਿਆਂ ਦੇ ਹਸਪਤਾਲ ਦੇ ਡਾਕਟਰ ਦੀਪਕ ਪਟੇਲ ਨੂੰ ਗੰਭੀਰ ਦੋਸ਼ਾਂ ਦੇ ਤਹਿਤ ਗ੍ਰਿਫ਼ਤਾਰ ਕੀਤਾ ਹੈ। ਕਲਪੇਪਰ ਟਾਊਨ ਪੁਲਿਸ ਵਿਭਾਗ ਅਨੁਸਾਰ ਤਿੰਨ ਮਹੀਨੇ ਦੀ ਜਾਂਚ ਤੋਂ ਬਾਅਦ ਡਾਕਟਰ ਦੀਪਕ ਪਟੇਲ ਨੂੰ ਇਕ ਨਾਬਾਲਗ ਕੁੜੀ ਨਾਲ ਕਥਿੱਤ ਤੌਰ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ।

ਪੁਲਿਸ ਨੇ ਡਾ. ਦੀਪਕ ਪਟੇਲ 'ਤੇ ਕੁੱਲ ਤਿੰਨ ਦੋਸ਼ ਲਗਾਏ ਹਨ ਅਤੇ ਉਸ ਨੂੰ ਬੀਤੇ ਦਿਨੀਂ 11 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਵੱਲੋਂ 14 ਮਾਰਚ ਨੂੰ ਜਾਰੀ ਪ੍ਰੈੱਸ ਬਿਆਨ ਵਿਚ ਕਿਹਾ ਗਿਆ ਹੈ ਕਿ ਡਾ. ਦੀਪਕ ਪਟੇਲ ਨੂੰ ਕਲਪੇਪਰ ਕਾਊਂਟੀ ਜੇਲ੍ਹ ਵਿਚ ਬਿਨਾਂ ਬੰਧਕ ਦੇ ਰੱਖਿਆ ਗਿਆ ਹੈ। ਮੁਲਜ਼ਮ ਨੂੰ ਉਦੋਂ ਹੀ ਬਿਨਾਂ ਬੰਧਕ ਜੇਲ੍ਹ ਵਿਚ ਰੱਖਿਆ ਜਾਂਦਾ ਹੈ, ਜਦੋਂ ਉਸ 'ਤੇ ਲੱਗੇ ਦੋਸ਼ ਬਹੁਤ ਹੀ ਗੰਭੀਰ ਹੁੰਦੇ ਹਨ। ਪੁਲਿਸ ਨੇ ਹੁਣ ਡਾ. ਦੀਪਕ ਪਟੇਲ 'ਤੇ ਇਕੱਲੀ ਪੀੜਤਾ 'ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਗਿਆ ਹੈ, ਪਰ ਇਹ ਡਰ ਹੈ ਕਿ ਅੱਗੇ ਦੀ ਜਾਂਚ ਵਿਚ ਹੋਰ ਪੀੜਤਾਂ ਦਾ ਵੀ ਖੁਲਾਸਾ ਹੋ ਸਕਦਾ ਹੈ।

ਕਲਪੇਪਰ ਪੁਲਿਸ ਨੂੰ ਬੀਤੇ ਸਾਲ 12 ਦਸੰਬਰ, 2023 ਨੂੰ ਸਵੇਰੇ ਚਾਰ ਵਜੇ ਇੱਕ ਨਾਬਾਲਗ ਦੇ ਲਾਪਤਾ ਹੋਣ ਦੀ ਰਿਪੋਰਟ ਮਿਲੀ ਸੀ। ਨਾਬਾਲਗ ਦੇ ਮਾਪਿਆਂ ਨੇ ਪੁਲਿਸ ਨੂੰ ਕੁਝ ਸਬੂਤ ਮੁਹੱਈਆ ਕਰਵਾਏ ਸਨ, ਇਹ ਦਾਅਵਾ ਕਰਦੇ ਹੋਏ ਕਿ ਉਹ ਵਿਲਿਸ ਟਾਊਨ, ਵਰਜੀਨੀਆ ਦੇ ਇੱਕ ਹੋਟਲ ਵਿਚ ਸੀ। ਜਦੋਂ ਪੁਲਿਸ ਨੇ ਹੋਟਲ ਦੀ ਤਲਾਸ਼ੀ ਲਈ ਅਤੇ ਇਸ ਦੇ ਸੀ.ਸੀ.ਟੀ.ਵੀ. ਕੈਮਰੇ ਚੈੱਕ ਕੀਤੇ ਤਾਂ ਨਾਬਾਲਗ ਨੂੰ ਇੱਕ ਅਣਪਛਾਤੇ ਵਿਅਕਤੀ ਨਾਲ ਹੋਟਲ ਛੱਡ ਕੇ ਇੱਕ ਕਾਰ ਵਿਚ ਦਾਖਲ ਹੁੰਦੇ ਦੇਖਿਆ ਗਿਆ। ਇਸ ਤੋਂ ਬਾਅਦ ਪੁਲਸ ਨੇ ਮਿੱਥੇ ਸਮੇਂ ਵਿਚ ਪੀੜਤਾਂ ਨੂੰ ਲੱਭ ਲਿਆ। ਮਾਮਲੇ ਦੀ ਹੋਰ ਜਾਂਚ ਤੋਂ ਪਤਾ ਲੱਗਾ ਹੈ ਕਿ ਕੈਮਰੇ 'ਤੇ ਪੀੜਤ ਵਿਅਕਤੀ ਨੂੰ ਹੋਟਲ ਤੋਂ ਬਾਹਰ ਨਿਕਲਦੇ ਦੇਖਿਆ ਗਿਆ ਸੀ, ਉਹ ਕੋਈ ਹੋਰ ਨਹੀਂ, ਸਗੋਂ 56 ਸਾਲਾ ਡਾ. ਦੀਪਕ ਪਟੇਲ ਸੀ, ਜੋ ਕਿ ਵਰਜੀਨੀਆ ਦੇ ਚੈਸਟਰ ਵਿਚ ਰਹਿੰਦਾ ਹੈ।

ਪੁਲਿਸ ਨੇ ਇਹ ਵੀ ਪਾਇਆ ਕਿ ਦੀਪਕ ਪਟੇਲ ਪੀੜਤਾਂ ਨੂੰ ਗਲਾਈਡਰ ਨਾਮਕ ਇੱਕ ਆਨਲਾਈਨ ਡੇਟਿੰਗ ਐਪ ਰਾਹੀਂ ਮਿਲਿਆ ਸੀ, ਜਿੱਥੇ ਦੋਵੇਂ ਗੱਲਬਾਤ ਵੀ ਕਰ ਰਹੇ ਸਨ। ਡੇਟਿੰਗ ਐਪ 'ਤੇ ਮਿਲਣ ਤੋਂ ਬਾਅਦ ਪੀੜਤਾ ਅਤੇ ਡਾ. ਬਾਰੇ ਪੁਲਿਸ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਦੀਪਕ ਪਟੇਲ ਨੇ ਫ਼ੋਨ ਨੰਬਰਾਂ ਦਾ ਆਦਾਨ-ਪ੍ਰਦਾਨ ਕੀਤਾ ਅਤੇ ਵਟਸਐਪ 'ਤੇ ਗੱਲ ਕਰਨੀ ਸ਼ੁਰੂ ਕਰ ਦਿੱਤੀ। ਦੀਪਕ ਪਟੇਲ 'ਤੇ ਦੋਸ਼ ਹੈ ਕਿ ਉਹ ਪੀੜਤਾ ਨੂੰ ਦੋ ਵਾਰ ਹੋਟਲ ਲੈ ਗਿਆ, ਜਿੱਥੇ ਉਸ ਨੇ ਉਸ ਦੇ ਨਾਲ ਸਰੀਰਕ ਸਬੰਧ ਬਣਾਏ। ਆਖ਼ਰਕਾਰ ਤਿੰਨ ਮਹੀਨੇ ਤੱਕ ਚੱਲੀ ਜਾਂਚ ਦੌਰਾਨ ਮਿਲੇ ਸਬੂਤਾਂ ਦੇ ਆਧਾਰ 'ਤੇ ਪੁਲਿਸ ਨੇ ਡਾ. ਦੀਪਕ ਪਟੇਲ ਨੂੰ ਦੋਸ਼ੀ ਬਣਾ ਕੇ ਗ੍ਰਿਫ਼ਤਾਰ ਕਰ ਲਿਆ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਡਾ. ਦੀਪਕ ਪਟੇਲ ਖੁਦ ਇੱਕ ਬਾਲ ਰੋਗ ਵਿਗਿਆਨੀ ਹੈ। ਕਲਪੇਪਰ ਪੁਲਿਸ ਵਿਭਾਗ ਦੇ ਮੁਖੀ ਕ੍ਰਿਸ ਸੈਟਲ ਨੇ ਗ੍ਰਿਫ਼ਤਾਰੀ ਦਾ ਐਲਾਨ ਕਰਦੇ ਹੋਏ ਕਿਹਾ ਕਿ ਪੀੜਤ ਦੇ ਮਾਪਿਆਂ ਦੁਆਰਾ ਦਿਖਾਈ ਗਈ ਹਿੰਮਤ ਸਦਕਾ ਡਾ: ਦੀਪਕ ਪਟੇਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

# ਅਮਰੀਕਾ 'ਚ 20 ਸਾਲਾ ਭਾਰਤੀ ਵਿਦਿਆਰਥੀ ਦੀ ਹੱਤਿਆ



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕਾ 'ਚ ਇਕ 20 ਸਾਲਾ ਭਾਰਤੀ ਵਿਦਿਆਰਥੀ ਦੀ ਹੱਤਿਆ ਕੀਤੇ ਜਾਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। 20 ਸਾਲਾ ਵਿਦਿਆਰਥੀ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਲਈ ਅਮਰੀਕਾ ਆਇਆ ਸੀ ਪਰ ਉਸ ਦੀ ਹੱਤਿਆ ਕਰ ਦਿੱਤੀ ਗਈ। ਆਪਣੇ ਇੱਕਲੌਤੇ ਪੁੱਤਰ ਨੂੰ ਗੁਆਉਣ ਤੋਂ ਬਾਅਦ ਪਰਿਵਾਰ ਸਦਮੇ ਵਿਚ ਹੈ। ਉਸ ਦਾ ਕਤਲ ਕਰਨ ਤੋਂ ਬਾਅਦ ਕਾਤਲਾਂ ਨੇ ਉਸ ਦੀ ਲਾਸ਼ ਨੂੰ ਕਾਰ ਵਿਚ ਪਾ ਜੰਗਲ ਵਿਚ ਹੀ ਛੱਡ ਦਿੱਤਾ। ਅਭਿਜੀਤ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਪਰਚੂਰੀ ਅਭਿਜੀਤ ਨਾਂ ਦਾ ਇਹ ਨੌਜਵਾਨ ਆਂਧਰਾ ਪ੍ਰਦੇਸ਼ ਦੇ ਗੁੰਟੂਰ ਜ਼ਿਲ੍ਹੇ ਦਾ ਰਹਿਣ ਵਾਲਾ ਸੀ।

ਪਰਿਵਾਰ ਮੁਤਾਬਕ ਉਹ ਬੋਸਟਨ ਯੂਨੀਵਰਸਿਟੀ ਦਾ ਵਿਦਿਆਰਥੀ ਸੀ। ਮੰਨਿਆ ਜਾ ਰਿਹਾ ਹੈ ਕਿ ਉਸ ਦੀ ਮੌਤ ਕਿਸੇ ਹੋਰ ਵਿਦਿਆਰਥੀ ਨਾਲ ਝਗੜੇ ਵਿਚ ਹੋਈ ਹੈ। ਉਸਦੀ ਮਾਂ ਉਚੇਰੀ ਪੜ੍ਹਾਈ ਲਈ ਉਸ ਨੂੰ ਅਮਰੀਕਾ ਭੇਜਣ ਲਈ ਪਹਿਲਾਂ ਤਿਆਰ ਨਹੀਂ ਸੀ ਪਰ ਬੇਟੇ ਦਾ ਭਵਿੱਖ ਸੁਧਾਰਨ ਲਈ ਉਸ ਨੂੰ ਅਮਰੀਕਾ ਭੇਜ ਦਿੱਤਾ। ਸੂਤਰਾਂ ਦੇ ਮੁਤਾਬਕ ਪਰਚੂਰੀ ਅਭਿਜੀਤ ਨੇ ਬੋਸਟਨ ਯੂਨੀਵਰਸਿਟੀ ਦੇ ਇਕ ਕਾਲਜ 'ਚ ਇੰਜੀਨੀਅਰਿੰਗ 'ਚ ਦਾਖਲਾ ਲਿਆ ਸੀ। ਹੁਣ ਜਦੋਂ ਉਸ ਦੀ ਹੱਤਿਆ ਕਰ ਦਿੱਤੀ ਗਈ ਹੈ, ਤਾਂ ਭਾਰਤ ਵਿਚ ਪਰਿਵਾਰ ਸਦਮੇ ਵਿਚ ਹੈ।

ਪੁਲਿਸ ਮੁਤਾਬਕ ਇਸ ਗੱਲ ਦੀ ਸੰਭਾਵਨਾ ਹੈ ਕਿ ਅਭਿਜੀਤ ਦਾ ਕਤਲ ਲੁੱਟ ਦੇ ਇਰਾਦੇ ਨਾਲ ਕੀਤਾ ਗਿਆ ਹੈ। ਪੁਲਿਸ ਨੇ ਮੋਬਾਈਲ ਫੋਨ ਦੇ ਸਿਗਨਲ ਦੇ ਆਧਾਰ 'ਤੇ ਜੰਗਲ ਵਿਚੋਂ ਲਾਸ਼ ਬਰਾਮਦ ਕੀਤੀ। ਹਾਲਾਂਕਿ ਇਹ ਕਤਲ ਕੈਂਪਸ ਦੇ ਅੰਦਰ ਹੀ ਹੋਣ ਕਾਰਨ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਕਿਸੇ ਹੋਰ ਵਿਦਿਆਰਥੀ ਨਾਲ ਲੜਾਈ ਹੋਈ ਹੋ ਸਕਦੀ ਹੈ। ਅਮਰੀਕਾ ਵਿਚ ਸਾਰੀਆਂ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਪਰਚੂਰੀ ਅਭਿਜੀਤ ਦੀ ਦੇਹ ਨੂੰ ਆਂਧਰਾ ਪ੍ਰਦੇਸ਼ ਵਾਪਸ ਲਿਆਂਦੀ ਗਈ।

ਦੱਸਣਯੋਗ ਹੈ ਕਿ ਅਮਰੀਕਾ ਵਿਚ ਭਾਰਤੀ ਨੌਜਵਾਨਾਂ ਦੇ ਖ਼ਿਲਾਫ਼ ਅਪਰਾਧ ਵਿਚ ਵਾਧਾ ਹੋਇਆ ਹੈ। ਸਾਲ 2024 ਵਿਚ ਹੁਣ ਤੱਕ 9 ਭਾਰਤੀਆਂ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ ਵਿਚੋਂ ਦੋ ਨੇ ਆਪਣੀ ਜਾਨ ਲੈ ਲਈ, ਦੋ ਦੀ ਨਸ਼ੇ ਦੀ ਓਵਰਡੋਜ਼ ਨਾਲ ਮੌਤ ਹੋ ਗਈ, ਦੋ ਲਾਪਤਾ ਹੋਣ ਤੋਂ ਬਾਅਦ ਮਰੇ ਹੋਏ ਪਾਏ ਗਏ, ਇੱਕ ਦੀ ਦੁਰਘਟਨਾ ਵਿਚ ਮੌਤ ਹੋ ਗਈ ਅਤੇ ਇੱਕ ਦਾ ਕਤਲ ਹੋ ਗਿਆ। ਅਮਰੀਕਾ ਤੋਂ ਇਲਾਵਾ ਕੈਨੇਡਾ ਵੀ ਅਜਿਹਾ ਦੇਸ਼ ਹੈ, ਜਿੱਥੇ ਸਭ ਤੋਂ ਵੱਧ ਭਾਰਤੀ ਵਿਦਿਆਰਥੀਆਂ ਦੀਆਂ ਮੌਤਾਂ ਹੋਈਆ ਹਨ। ਕੈਨੇਡਾ ਵਿਚ ਬਹੁਤ ਸਾਰੇ ਭਾਰਤੀਆਂ ਨੇ ਤਣਾਅ ਅਤੇ ਅਨਿਸ਼ਚਿਤਤਾ ਕਾਰਨ ਆਪਣੀ ਜ਼ਿੰਦਗੀ ਛੋਟੀ ਕਰ ਲਈ ਹੈ। ਹਾਦਸਿਆਂ ਕਾਰਨ ਕਈ ਹੋਰ ਵਿਦਿਆਰਥੀਆਂ ਦੀ ਮੌਤਾਂ ਹੋ ਚੁੱਕੀਆ ਹਨ।

# ਭਾਰਤੀ ਮੂਲ ਦੇ ਵਿਅਕਤੀ 'ਤੇ ਬੰਦਰਗਾਹ 'ਤੇ ਵਰਕਰ ਨੂੰ ਗਾਲ੍ਹਾਂ ਕੱਢਣ ਤੇ ਮਾਰਨ ਦੀ ਧਮਕੀ ਦੇਣ ਦਾ ਦੋਸ਼

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਸੈਨ ਡਿਆਗੋ (ਕੈਲੀਫੋਰਨੀਆ) ਬੰਦਰਗਾਹ ਵਿਖੇ ਮੋਟਰ ਕਿਸ਼ਤੀ ਖੜੀ ਕਰਨ ਤੋਂ ਰੋਕਣ 'ਤੇ ਭਾਰਤੀ ਮੂਲ ਦੇ ਇਕ ਲੱਖਪਤੀ ਵਿਅਕਤੀ ਵੱਲੋਂ ਇਕ ਵਰਕਰ ਨੂੰ ਗਾਲ੍ਹਾਂ ਕੱਢਣ ਤੇ ਅਸ਼ਲੀਲ ਹਰਕਤਾਂ ਕਰਨ ਦੀ ਖਬਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਭਾਰਤੀ ਮੂਲ ਦੇ ਅਜੇ ਠਾਕਰ ਜੋ 45 ਲੱਖ ਡਾਲਰ ਦੇ ਮੁੱਲ ਵਾਲੀ



ਸੈਨ ਡਿਆਗੋ ਬੰਦਰਗਾਹ 'ਤੇ ਵਾਪਰੀ ਘਟਨਾ ਦੀ ਜਾਰੀ ਵੀਡੀਓ ਦਾ ਦ੍ਰਿਸ਼।

ਲੈਂਬੋਰਘਿਨੀ ਮੋਟਰ ਕਿਸ਼ਤੀ ਦਾ ਮਾਲਕ ਹੈ, ਨੇ ਜਦੋਂ ਬੰਦਰਗਾਹ ਉਪਰ ਆਪਣੀ ਕਿਸ਼ਤੀ ਖੜ੍ਹੀ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਇਕ ਵਰਕਰ ਨੇ ਉਸ ਨੂੰ ਅਜਿਹਾ ਕਰਨ ਤੋਂ ਮਨਾਂ ਕਰ ਦਿੱਤਾ। ਇਸ 'ਤੇ ਉਹ ਭੜਕ ਉਠਿਆ ਤੇ ਉਸ ਨੇ ਮੰਦਾ-ਚੰਗਾ ਬੋਲਣਾ ਸ਼ੁਰੂ ਕਰ ਦਿੱਤਾ। ਇਸ ਸਬੰਧੀ ਵਾਇਰਲ ਹੋਈ ਵੀਡੀਓ ਵਿਚ ਅਜੇ ਠਾਕਰ ਵਰਕਰ ਨੂੰ ਮੰਦਾ-ਚੰਗਾ ਬੋਲਦਾ ਹੋਇਆ ਨਜ਼ਰ ਆ ਰਿਹਾ ਹੈ ਤੇ ਉਸ ਵੱਲ ਅਸ਼ਲੀਲ ਹਰਕਤ ਵੀ ਕਰਦਾ ਹੋਇਆ ਵਿਖਾਈ ਦਿੰਦਾ ਹੈ। ਉਹ 21 ਸਾਲਾ ਵਰਕਰ ਨੂੰ ਮਾਰ ਦੇਣ ਦੀ ਧਮਕੀ ਵਾਰ-ਵਾਰ ਦਿੰਦਾ ਹੈ। ਅਜੇ ਠਾਕਰ ਨੇ ਆਪਣੇ ਇੰਸਟਾਗਰਾਮ ਸਫੇ 'ਤੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਉਸ ਨੇ ਆਪਣੇ ਮੁਲਾਜ਼ਮ ਦੇ ਸਮਰਥਨ ਵਿਚ ਕਾਰਵਾਈ ਕੀਤੀ ਹੈ, ਜਿਸ ਨੂੰ ਬੰਦਰਗਾਹ ਦੇ ਮੁਲਾਜ਼ਮ ਨੇ ਕਿਸ਼ਤੀ ਖੜ੍ਹੀ ਕਰਨ ਤੋਂ ਰੋਕਿਆ ਤੇ ਉਸ ਨੂੰ ਧਮਕੀ ਦਿੱਤੀ। ਮੈਂ ਇਸ ਲਈ ਮੁਆਫੀ ਨਹੀਂ ਮੰਗਾਂਗਾ।




# ਥੋੜ੍ਹੇ ਦਿਨ ਪਹਿਲਾਂ ਕੈਨੇਡਾ ਗਏ ਪਤੀ ਵੱਲੋਂ ਕੈਨੇਡਾ ਰਹਿੰਦੀ ਪਤਨੀ ਦਾ ਬੇਰਹਿਮੀ ਨਾਲ ਕਤਲ

ਹਠੂਰ/ਐਬਟਸਫੋਰਡ, (ਪੰਜਾਬ ਮੇਲ)- ਕੈਨੇਡਾ ਦੇ ਸ਼ਹਿਰ ਐਬਟਸਫੋਰਡ ਬੀ.ਸੀ. ਵਿਚ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਮੱਲ੍ਹਾ ਦੀ ਜੰਮਪਲ ਕੁੜੀ ਦਾ ਉਸ ਦੇ ਪਤੀ ਵੱਲੋਂ ਹੀ ਚਾਕੂ ਮਾਰ ਕੇ ਕਤਲ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਿਕ ਲੜਕੀ ਬਲਵਿੰਦਰ ਕੌਰ (41) ਦੇ ਪਿਤਾ ਹਿੰਮਤ ਸਿੰਘ ਵਾਸੀ ਮੱਲ੍ਹਾ ਨੇ ਦੱਸਿਆ ਕਿ ਉਸ ਦੀ ਧੀ ਦਾ ਵਿਆਹ ਸੰਨ 2000 ਵਿਚ ਲੁਧਿਆਣਾ ਦੇ ਪੱਖੋਵਾਲ ਰੋਡ ਦੇ ਵਾਸੀ ਜਗਪ੍ਰੀਤ ਸਿੰਘ ਉਰਫ ਰਾਜੂ ਨਾਲ ਕੀਤਾ ਸੀ।

ਵਿਆਹ ਤੋਂ ਬਾਅਦ ਸਹੁਰਾ ਪਰਿਵਾਰ ਦਾਜ ਦਹੇਜ ਦੀ ਮੰਗ ਕਰਦਾ ਰਿਹਾ ਅਤੇ ਕਈ ਵਾਰ ਉਸਦੀ ਧੀ ਦੀ ਕੁੱਟਮਾਰ ਵੀ ਕੀਤੀ ਗਈ। ਲੜਕੀ ਦੇ ਪਿਤਾ ਹਿੰਮਤ ਸਿੰਘ ਨੇ ਕਿਹਾ ਕਿ ਉਹ ਚਾਰ ਧੀਆਂ ਦਾ ਬਾਪ ਹੈ, ਜਿਸ ਕਰਕੇ ਉਹ ਮਜਬੂਰਨ ਧੀ ਦੇ ਸਹੁਰਾ ਪਰਿਵਾਰ ਖਿਲਾਫ ਕੋਈ ਕਾਰਵਾਈ ਨਾ ਕਰਵਾ ਸਕਿਆ। ਉਸ ਨੇ ਦੱਸਿਆ ਕਿ ਉਸ ਦੀ ਬੇਟੀ ਦੀ ਕੁੱਖੋਂ ਹਰਨੂਰਪ੍ਰੀਤ ਕੌਰ ਤੇ ਗੁਰਨੂਰ ਸਿੰਘ ਦੋ ਬੱਚਿਆਂ ਨੇ ਜਨਮ ਲਿਆ ਹੈ ਅਤੇ ਉਸ ਨੇ ਹੀ ਆਪਣੀ ਦੋਹਤੀ ਹਰਨੂਰਪ੍ਰੀਤ ਕੌਰ ਨੂੰ ਆਈਲੈਟਸ ਕਰਵਾ ਕੇ ਸੰਨ 2020 ਵਿਚ ਕੈਨੇਡਾ ਪੜ੍ਹਨ ਲਈ ਭੇਜਿਆ ਸੀ।



ਜਨਵਰੀ 2022 'ਚ ਬਲਵਿੰਦਰ ਕੌਰ ਆਪਣੀ ਧੀ ਨੂੰ ਮਿਲਣ ਲਈ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਗਈ ਸੀ। ਇਸ ਦੌਰਾਨ ਉਸ ਦਾ ਜਵਾਈ ਜਗਪ੍ਰੀਤ ਸਿੰਘ ਉਰਫ ਰਾਜੂ ਉਸ ਦੀ ਧੀ ਨੂੰ ਵਾਰ-ਵਾਰ ਫੋਨ ਕਰਕੇ ਉਸ ਨੂੰ ਵੀ ਜਲਦੀ ਕੈਨੇਡਾ ਬੁਲਾਉਣ ਦੀ ਜ਼ਿੱਦ ਕਰਨ ਲੱਗਾ। ਜ਼ਿਦ ਕਾਰਨ ਉਸ ਦੀ ਦੋਹਤੀ ਹਰਨੂਰਪ੍ਰੀਤ ਨੇ ਆਪਣੇ ਪਿਤਾ ਜਗਪ੍ਰੀਤ ਸਿੰਘ ਨੂੰ 11 ਮਾਰਚ 2024 ਨੂੰ ਕੈਨੇਡਾ ਬੁਲਾ ਲਿਆ, ਪਰ ਉਸ ਬੇਦਰਦ ਨੇ ਕੈਨੇਡਾ ਪਹੁੰਚਣ ਤੋਂ ਸਿਰਫ ਪੰਜ ਦਿਨ ਬਾਅਦ ਹੀ ਬਲਵਿੰਦਰ ਕੌਰ ਦਾ ਚਾਕੂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਇਹੀ ਨਹੀਂ, ਇਸ ਕੰਮ ਦੀ ਵੀਡੀਓ ਬਣਾ ਕੇ ਜਗਪ੍ਰੀਤ ਸਿੰਘ ਨੇ ਆਪਣੀ ਮਾਤਾ ਨੂੰ ਲੁਧਿਆਣਾ ਵਿਖੇ ਭੇਜ ਦਿੱਤੀ। ਇਹ ਵੀਡੀਓ ਜਦ ਉਸ ਦੇ ਦੋਹਤੇ ਗੁਰਨੂਰ ਸਿੰਘ (18) ਨੇ ਦੇਖੀ, ਤਾਂ ਉਸ ਨੇ ਆਪਣੀ ਮਾਂ ਦੇ ਕਤਲ ਦੀ ਖਬਰ ਰਿਸ਼ਤੇਦਾਰਾਂ ਨੂੰ ਦਿੱਤੀ। ਬੇਵੱਸ ਪਿਤਾ ਹਿੰਮਤ ਸਿੰਘ ਨੇ ਰੋਂਦੇ-ਕੁਰਲਾਉਂਦੇ ਦੱਸਿਆ ਕਿ ਬਲਵਿੰਦਰ ਕੌਰ ਦੇ ਕਾਤਲ ਜਗਪ੍ਰੀਤ ਸਿੰਘ ਨੂੰ ਕੈਨੇਡਾ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।

ਇਸ ਦੁਖ਼ਦਾਈ ਖ਼ਬਰ ਨਾਲ ਹਰ ਸੁਣਨ ਵਾਲੇ ਦਾ ਹਿਰਦਾ ਵਲੂੰਧਰਿਆ ਗਿਆ ਹੈ ਅਤੇ ਕਰੀਬੀ ਰਿਸ਼ਤੇਦਾਰ ਕਮਿੱਕਰ ਸਿੰਘ ਬ੍ਰਹਮਪੁਰ, ਜਗਪਾਲ ਸਿੰਘ, ਰਾਜਵਿੰਦਰ ਕੌਰ, ਰਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਸਰਪੰਚ ਹਰਬੰਸ ਸਿੰਘ ਮੱਲ੍ਹਾ, ਨਛੱਤਰ ਸਿੰਘ ਸਰਾਂ, ਪੰਚ ਸੁਖਵਿੰਦਰ ਸਿੰਘ, ਅਜੈਬ ਸਿੰਘ ਅਤੇ ਪਿੰਡ ਵਾਸੀਆਂ ਨੇ ਕੈਨੇਡਾ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਕਾਤਲ ਜਗਪ੍ਰੀਤ ਸਿੰਘ ਦੇ ਖਿਲਾਫ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਤੋ ਮੰਗ ਕਰਦਿਆਂ ਕਿਹਾ ਕਿ ਮ੍ਰਿਤਕ ਬਲਵਿੰਦਰ ਕੌਰ ਦੀ ਲਾਸ਼ ਨੂੰ ਪਿੰਡ ਮੱਲ੍ਹਾ ਵਿਖੇ ਲਿਆਉਣ ਵਿਚ ਮਦਦ ਕੀਤੀ ਜਾਵੇ, ਤਾਂ ਕਿ ਅੰਤਿਮ ਰਸਮਾਂ ਨਿਭਾਈਆਂ ਜਾ ਸਕਣ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

## ਐੱਚ-1ਬੀ ਵੀਜ਼ਾ ਲਈ ਸ਼ੁਰੂਆਤੀ ਰਜਿਸਟ੍ਰੇਸ਼ਨ 22 ਮਾਰਚ ਨੂੰ ਹੋਵੇਗੀ ਖਤਮ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਵਿਦੇਸ਼ੀ ਕਾਮਿਆਂ ਲਈ ਵਿੱਤੀ ਸਾਲ 2025 ਦੇ ਸਭ ਤੋਂ ਵੱਧ ਮੰਗ ਵਾਲੇ ਐੱਚ-1ਬੀ ਵੀਜ਼ਾ ਲਈ ਸ਼ੁਰੂਆਤੀ ਰਜਿਸਟ੍ਰੇਸ਼ਨ 22 ਮਾਰਚ ਨੂੰ ਪੂਰਬੀ ਸਮੇਂ ਅਨੁਸਾਰ ਰਾਤ 12 ਵਜੇ ਖ਼ਤਮ ਹੋ ਜਾਵੇਗੀ। ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਸੋਮਵਾਰ ਨੂੰ ਕਿਹਾ ਕਿ ਇਸ ਮਿਆਦ ਦੇ ਦੌਰਾਨ, ਸੰਭਾਵੀ ਬਿਨੈਕਾਰਾਂ ਅਤੇ ਕਾਨੂੰਨੀ ਪ੍ਰਤੀਨਿਧੀਆਂ ਨੂੰ ਚੋਣ ਪ੍ਰਕਿਰਿਆ ਲਈ ਹਰੇਕ ਲਾਭਪਾਤਰੀ ਦਾ ਰਜਿਸਟ੍ਰੇਸ਼ਨ ਕਰਨ ਅਤੇ ਰਜਿਸਟ੍ਰੇਸ਼ਨ ਫੀਸ ਦਾ ਭੁਗਤਾਨ ਕਰਨ ਲਈ ਉਸ ਦੇ ਇੱਕ ਆਨਲਾਈਨ ਖਾਤੇ ਦੀ ਵਰਤੋਂ ਕਰਨੀ ਪਵੇਗੀ।

# ਸਿਆਟਲ ਵਿਚ ਸਿੱਖ ਕੈਲੰਡਰ ਮੁਤਾਬਕ ਪਹਿਲੀ ਚੇਤ ਸਰਬੱਤ ਦੇ ਭਲੇ ਲਈ ਅਰਦਾਸ ਨਾਲ ਆਰੰਭ

**ਸੈਕਰਾਮੈਂਟੋ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਗੁਰਦੁਆਰਾ ਸੱਚਾ ਮਾਰਗ ਸਿਆਟਲ ਵਿਚ ਸੰਗਰਾਂਦ ਤੇ ਪਹਿਲੀ ਚੇਤ 14 ਮਾਰਚ ਨੂੰ ਸਰਬੱਤ ਦੇ ਭਲੇ ਨਾਲ ਆਰੰਭ ਹੋਇਆ। ਸਟੇਜ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਨੇ ਨਵੇਂ ਸਾਲ ਦੇਸੀ ਮਹੀਨੇ ਨਾਲ ਆਰੰਭਤਾ ਦੀ ਸਮੁੱਚੀ ਸੰਗਤ ਨੂੰ ਵਧਾਈ ਦਿੱਤੀ। ਇਸ ਮੌਕੇ ਭਾਈ ਕੁਲਵਿੰਦਰ ਸਿੰਘ, ਭਾਈ ਮੋਹਣ ਸਿੰਘ ਤੇ ਤਬਲਾ ਮਾਸਟਰ ਭਾਈ ਮਨਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦੀ ਉਪਮਾ ਕੀਤੀ। ਸੰਗਤ ਵੱਲੋਂ ਲੰਗਰਾਂ ਦੀ ਸੇਵਾ ਕੀਤੀ ਗਈ।




**ਭਾਈ ਕੁਲਵਿੰਦਰ ਸਿੰਘ, ਭਾਈ ਮੋਹਣ ਸਿੰਘ ਕੀਰਤਨ ਕਰਦੇ ਸਮੇਂ।**

ਅਖੀਰ ਵਿਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।

# ਟਰੰਪ ਲੋਕਤੰਤਰ ਅਤੇ ਪ੍ਰਗਟਾਵੇ ਦੀ ਆਜ਼ਾਦੀ ਲਈ ਸਭ ਤੋਂ ਵੱਡਾ ਖ਼ਤਰਾ : ਕਮਲਾ ਹੈਰਿਸ

ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-ਅਮਰੀਕਾ 'ਚ ਇਸ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਸ਼ਬਦੀ ਜੰਗ ਹੋਰ ਤੇਜ਼ ਹੁੰਦੀ ਜਾ ਰਹੀ ਹੈ। ਜਦੋਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਮੌਜੂਦਾ ਅਮਰੀਕੀ ਰਾਸਟਰਪਤੀ ਜੋਅ ਬਾਇਡਨ ਇਕ ਵਾਰ ਫਿਰ ਆਹਮੋ-ਸਾਹਮਣੇ ਹੋਏ, ਤਾਂ ਅਮਰੀਕਾ ਦੀ ਭਾਰਤੀ ਮੂਲ ਦੀ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੇ ਟਰੰਪ 'ਤੇ ਨਿਸ਼ਾਨਾ ਸਾਧਿਆ ਹੈ ਅਤੇ ਉਨ੍ਹਾਂ ਨੂੰ ਲੋਕਤੰਤਰ ਅਤੇ ਪ੍ਰਗਟਾਵੇ ਦੀ ਆਜ਼ਾਦੀ ਲਈ ਸਭ ਤੋਂ ਵੱਡਾ ਖ਼ਤਰਾ ਦੱਸਿਆ ਹੈ। ਕਮਲਾ ਹੈਰਿਸ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਡੋਨਾਲਡ ਟਰੰਪ ਲੋਕਤੰਤਰ ਲਈ ਸਭ ਤੋਂ ਵੱਡਾ ਖ਼ਤਰਾ ਹੈ। ਇਸ ਚੋਣ ਵਿਚ ਰਾਸ਼ਟਰਪਤੀ ਬਾਇਡਨ ਅਤੇ ਮੈਂ ਇੱਕ ਵਾਰ ਫਿਰ ਲੋਕਾਂ ਦੇ ਵੋਟਿੰਗ ਅਧਿਕਾਰਾਂ ਦੀ ਰੱਖਿਆ ਕਰਾਂਗੇ ਅਤੇ ਅਮਰੀਕਾ ਵਿਚ ਵਿਆਪਕ ਹੋ ਰਹੇ ਬੰਦੂਕ ਸੱਭਿਆਚਾਰ ਕਾਰਨ ਹੋਈ ਹਿੰਸਾ ਬਾਰੇ ਵੀ ਗੱਲ ਕਰਾਂਗੇ। ਕਮਲਾ ਹੈਰਿਸ ਦਾ ਇਹ ਬਿਆਨ ਡੋਨਾਲਡ ਟਰੰਪ ਦੇ ਵਿਵਾਦਤ ਬਿਆਨ ਤੋਂ ਬਾਅਦ ਆਇਆ ਹੈ। ਜਿਸ ਵਿਚ ਡੋਨਾਲਡ ਟਰੰਪ ਨੇ ਕਿਹਾ ਸੀ ਕਿ ਜੇਕਰ ਮੈਂ ਰਾਸ਼ਟਰਪਤੀ ਚੋਣ ਨਹੀਂ ਜਿੱਤਦਾ, ਤਾਂ ਅਮਰੀਕਾ ਵਿਚ ਫਿਰ ਤੋਂ ਖ਼ੂਨ ਖਰਾਬਾ ਹੋ ਜਾਵੇਗਾ। ਟਰੰਪ ਦੇ ਬਿਆਨ 'ਤੇ ਰਾਸ਼ਟਰਪਤੀ ਬਾਇਡਨ ਦੇ ਬੁਲਾਰੇ ਜੇਮਸ ਸਿੰਗਰ ਨੇ ਵੀ ਕਿਹਾ ਕਿ ਟਰੰਪ 6 ਜਨਵਰੀ, 2021 ਦੀ ਘਟਨਾ ਨੂੰ ਦੁਹਰਾਉਣਾ ਚਾਹੁੰਦੇ ਹਨ। ਜ਼ਿਕਰਯੋਗ ਹੈ ਕਿ ਇਸ ਦਿਨ 2021 'ਚ ਟਰੰਪ ਦੇ ਚੋਣ ਹਾਰਨ ਤੋਂ ਬਾਅਦ ਲੋਕਾਂ ਦਾ ਇਕ ਸਮੂਹ ਅਮਰੀਕੀ ਸੰਸਦ 'ਚ ਦਾਖਲ ਹੋਇਆ ਸੀ। ਟਰੰਪ ਦੇ ਸਮਰਥਕਾਂ ਅਤੇ ਸੁਰੱਖਿਆ ਬਲਾਂ ਵਿਚਾਲੇ ਝੜਪਾਂ ਵਿਚ 100 ਤੋਂ ਵੱਧ ਲੋਕ ਜ਼ਖਮੀ ਹੋ ਗਏ ਸਨ ਅਤੇ 9 ਲੋਕਾਂ ਦੀ ਮੌਤ ਹੋ ਗਈ ਸੀ।




ਸੱਦਾ ਪੱਤਰ

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)
ਵੱਲੋਂ
20ਵੀਂ ਸਲਾਨਾ ਕਾਨਫਰੰਸ

19 ਮਈ, 2024, ਸਵੇਰੇ 10 ਵਜੇ ਤੋਂ 6 ਵਜੇ ਤੱਕ

ਸਥਾਨ : Pooja Restaurant, 1232 Merkely Ave. West Sacramento, 95691

ਪ੍ਰੋਗਰਾਮ
- ਉਦਘਾਟਨ : 10.00 ਵਜੇ ਸਵੇਰੇ
- ਕਵੀ ਸੰਮੇਲਨ : 11.00 ਵਜੇ
- ਦੁਪਹਿਰ ਦਾ ਖਾਣਾ : 1.30 ਵਜੇ
- ਪੰਜਾਬੀ ਸਾਹਿਤ ਵਿਚਾਰ ਵਟਾਂਦਰਾ : 2.00 ਵਜੇ
- ਗੀਤ ਸੰਗੀਤ : 5.00 ਵਜੇ ਸ਼ਾਮ

ਆਪ ਜੀ ਨੂੰ ਬੇਨਤੀ ਹੈ ਕਿ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ 23ਵੀਂ ਸਾਲਾਨਾ ਕਾਨਫਰੰਸ ਮਿਤੀ 19 ਮਈ, 2024 ਨੂੰ ਹੋ ਰਹੀ ਹੈ। ਇਸ ਮੌਕੇ ਪੰਜਾਬੀ ਸਾਹਿਤ ਬਾਰੇ ਪਰਚੇ ਪੜ੍ਹੇ ਜਾਣਗੇ। ਕਵੀ ਸੰਮੇਲਨ ਹੋਵੇਗਾ। ਪੰਜਾਬੀ ਮਾਂ ਬੋਲੀ ਬਾਰੇ ਵਿਚਾਰ ਚਰਚਾ ਹੋਵੇਗੀ। ਇਸ ਤੋਂ ਇਲਾਵਾ ਗੀਤ-ਸੰਗੀਤ ਹੋਵੇਗਾ। ਆਪ ਜੀ ਨੂੰ ਬੇਨਤੀ ਹੈ ਕਿ ਆਪ ਇਸ ਮੌਕੇ ਪਹੁੰਚ ਕੇ ਕਾਨਫਰੰਸ ਦੀ ਰੌਣਕ ਨੂੰ ਵਧਾਉ।

ਉਡੀਕਵਾਨ : ਸਮੁੱਚੀ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ

ਦਲਵੀਰ 'ਦਿਲ' ਨਿੱਜਰ
ਪ੍ਰਧਾਨ
916-628-2210

ਗੁਰਜਤਿੰਦਰ ਸਿੰਘ ਰੰਧਾਵਾ
ਜਨਰਲ ਸਕੱਤਰ
916-320-9444

# ਡੀ.ਜੀ.ਪੀ. ਗੌਰਵ ਯਾਦਵ ਵੱਲੋਂ ਪੁਲਿਸ ਅਧਿਕਾਰੀਆਂ ਨੂੰ ਪਾਰਦਰਸ਼ੀ, ਨਿਰਪੱਖ ਤੇ ਸ਼ਾਂਤੀਪੂਰਨ ਲੋਕ ਸਭਾ ਚੋਣਾਂ ਕਰਵਾਉਣ ਨਿਰਦੇਸ਼



■ **ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਤੇ ਆਦਰਸ਼ ਚੋਣ ਜ਼ਾਬਤੇ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ : ਡੀਜੀਪੀ ਗੌਰਵ ਯਾਦਵ ਦੇ ਪੁਲਿਸ ਫੋਰਸ ਨੂੰ ਨਿਰਦੇਸ਼**

**ਚੰਡੀਗੜ੍ਹ, (ਪੰਜਾਬ ਮੇਲ)-** ਆਗਾਮੀ ਲੋਕ ਸਭਾ ਚੋਣਾਂ-2024 ਨੂੰ ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤੀਪੂਰਨ ਢੰਗ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਗੌਰਵ ਯਾਦਵ ਨੇ ਮੰਗਲਵਾਰ ਨੂੰ ਰਾਜ ਦੇ ਸਾਰੇ ਸੀ.ਪੀਜ਼/ਐੱਸ.ਐੱਸ.ਪੀਜ਼ ਨੂੰ ਅੰਤਰਰਾਜੀ/ਅੰਤਰ-ਜ਼ਿਲ੍ਹਾ ਨਾਕੇ ਲਗਾ ਕੇ ਚੌਕਸੀ ਵਧਾਉਣ ਦੇ ਨਿਰਦੇਸ਼ ਦਿੱਤੇ ਹਨ, ਤਾਂ ਜੋ ਸਮਾਜ ਵਿਰੋਧੀ ਤੱਤਾਂ, ਨਸ਼ਾ ਤਸਕਰਾਂ ਅਤੇ ਬੂਟਲੈਗਰਾਂ ਦੀਆਂ ਗਤੀਵਿਧੀ ਤੇ ਮੁਸਤੈਦੀ ਨਾਲ ਬਾਜ਼ ਅੱਖ ਰੱਖੀ ਜਾ ਸਕੇ ਅਤੇ ਖੇਤਰ ਵਿਚ ਪੁਲਿਸ ਦੇ ਸਾਕਾਰਾਤਮਕ ਪ੍ਰਭਾਵ ਤੇ ਭਰੋਸੇ ਨੂੰ ਵਧਾਉਣ ਲਈ ਲਈ ਵੱਧ ਤੋਂ ਵੱਧ ਨਫ਼ਰੀ ਲਾਮਬੰਦ ਕੀਤੀ ਜਾ ਸਕੇ।

ਡੀ.ਜੀ.ਪੀ. ਪੰਜਾਬ ਆਪਣੇ ਦਫ਼ਤਰ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਸੀਨੀਅਰ ਪੁਲਿਸ ਅਧਿਕਾਰੀਆਂ, ਰੇਂਜ ਦੇ ਏ.ਡੀ.ਜੀਜ਼/ਆਈ.ਜੀਜ਼/ਡੀ.ਆਈ.ਜੀ., ਸੀ.ਪੀਜ਼/ਐੱਸ.ਐੱਸ.ਪੀਜ਼, ਜ਼ਿਲ੍ਹਿਆਂ ਵਿਚ ਤਾਇਨਾਤ ਸਾਰੇ ਗਜ਼ਟਿਡ ਅਧਿਕਾਰੀਆਂ ਅਤੇ ਰਾਜ ਦੇ ਸਾਰੇ ਐੱਸ.ਐੱਚ.ਓਜ਼ ਨਾਲ ਚੋਣਾਂ ਤੋਂ ਪਹਿਲਾਂ ਰੋਕਥਾਮ ਉਪਾਵਾਂ ਦਾ ਜਾਇਜ਼ਾ ਲੈਣ ਲਈ ਸੂਬਾ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੀਟਿੰਗ ਦੌਰਾਨ ਡੀ.ਜੀ.ਪੀ. ਨੇ ਅਧਿਕਾਰੀਆਂ ਨੂੰ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਤੋਂ ਵੀ ਜਾਣੂ ਕਰਵਾਇਆ।

ਸੂਬੇ ਵਿਚ ਸਕਾਰਾਤਮਕ ਮਾਹੌਲ ਬਣਾਉਣ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ, ਡੀ.ਜੀ.ਪੀ. ਗੌਰਵ ਯਾਦਵ ਨੇ ਸਾਰੇ ਪੁਲਿਸ ਅਧਿਕਾਰੀਆਂ ਨੂੰ ਪੇਸ਼ੇਵਰ ਪੁਲਿਸਿੰਗ ਕਰਨ ਅਤੇ ਆਦਰਸ਼ ਚੋਣ ਜ਼ਾਬਤੇ ਦੀ ਹਰ ਪੱਖ ਤੋਂ ਸਖਤੀ ਨਾਲ ਪਾਲਣਾ ਕਰਨ ਅਤੇ ਚੋਣ ਕਮਿਸ਼ਨ ਦੀਆਂ ਸਾਰੀਆਂ ਹਦਾਇਤਾਂ ਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨੂੰ ਇੰਨ-ਬਿੰਨ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ, ਤਾਂ ਜੋ ਪਾਰਦਰਸ਼ੀ ਤੇ ਨਿਰਪੱਖ ਚੋਣਾਂ ਕਰਵਾਈਆਂ ਜਾ ਸਕਣ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਨੂੰ ਪੂਰੀ ਸੁਹਿਰਦਤਾ ਨਾਲ ਅੱਗੇ ਫੈਲਾਇਆ ਜਾਣਾ ਚਾਹੀਦਾ ਹੈ।

ਡੀ.ਜੀ.ਪੀ. ਗੌਰਵ ਯਾਦਵ ਨੇ ਅਧਿਕਾਰੀਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਵੇਂ ਅਸਲਾ ਲਾਇਸੈਂਸ ਜਾਰੀ ਕਰਨ 'ਤੇ ਮੁਕੰਮਲ ਪਾਬੰਦੀ ਹੈ। ਉਨ੍ਹਾਂ ਨੇ ਸੀ.ਪੀਜ਼/ਐੱਸ.ਐੱਸ.ਪੀਜ਼ ਨੂੰ ਵੀ ਹਦਾਇਤ ਕੀਤੀ ਕਿ ਉਹ ਚੋਣ ਕਮਿਸ਼ਨ ਦੇ ਨਿਯਮਾਂ ਦੀ ਪਾਲਣਾ ਕਰਦਿਆਂ ਲਾਇਸੰਸੀ ਹਥਿਆਰਾਂ ਨੂੰ ਜਮ੍ਹਾਂ ਕਰਾਏ ਜਾਣ ਨੂੰ ਯਕੀਨੀ ਬਣਾਉਣ।

ਉਨ੍ਹਾਂ ਨੇ ਸੀ.ਪੀਜ਼/ਐੱਸ.ਐੱਸ.ਪੀਜ਼ ਨੂੰ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਗੰਨ ਹਾਊਸਾਂ ਦੀ ਵਾਰ-ਵਾਰ ਚੈਕਿੰਗ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਵੀ ਕਿਹਾ ਕਿ ਗੰਨ ਹਾਊਸ ਮਾਲਕਾਂ ਵੱਲੋਂ ਹਥਿਆਰਾਂ ਦੀ ਸੁਰੱਖਿਅਤ ਸਟੋਰੇਜ ਲਈ ਪੁਖਤਾ ਪ੍ਰਬੰਧ ਕੀਤੇ ਜਾਣ।

# ਕੈਬਨਿਟ ਮੰਤਰੀ ਮੀਤ ਹੇਅਰ ਦੀ ਹਾਜ਼ਰੀ 'ਚ ਰਾਜ ਲਾਲੀ ਗਿੱਲ ਨੇ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਵਜੋਂ ਅਹੁਦਾ ਸੰਭਾਲਿਆ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਨਵ ਨਿਯੁਕਤ ਚੇਅਰਪਰਸਨ ਸ਼੍ਰੀਮਤੀ ਰਾਜ ਲਾਲੀ ਗਿੱਲ ਨੇ ਪੰਜਾਬ ਦੇ ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੀ ਮੌਜੂਦਗੀ ਵਿਚ ਆਪਣਾ ਅਹੁਦਾ ਸੰਭਾਲ ਲਿਆ।

ਇਸ ਮੌਕੇ ਕੈਬਨਿਟ ਮੰਤਰੀ ਮੀਤ ਹੇਅਰ ਨੇ ਆਸ ਪ੍ਰਗਟਾਈ ਕਿ ਨਵ ਨਿਯੁਕਤ ਚੇਅਰਪਰਸਨ ਇਮਾਨਦਾਰ, ਮਿਹਨਤੀ, ਨਿਰਪੱਖ ਅਤੇ ਅਗਾਂਹਵਧੂ ਸੋਚ ਵਾਲੇ ਹਨ ਅਤੇ ਪੰਜਾਬ ਰਾਜ ਮਹਿਲਾ ਕਮਿਸ਼ਨ ਦੇ ਚੇਅਰਪਰਸਨ ਵਜੋਂ ਸ਼੍ਰੀਮਤੀ ਰਾਜ ਲਾਲੀ ਗਿੱਲ ਬਾਖੂਬੀ ਆਪਣੀ ਜ਼ਿੰਮੇਵਾਰੀ ਨਿਭਾਉਣਗੇ। ਉਨ੍ਹਾਂ ਕਿਹਾ ਕਿ ਉਹ ਔਰਤਾਂ ਪੱਖੀ ਨੀਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਰਕਾਰ ਅਤੇ ਸੰਸਥਾਵਾਂ ਵਿਚਕਾਰ ਇੱਕ ਪੁੱਲ ਵਜੋਂ ਕੰਮ ਕਰਨਗੇ। ਕੈਬਨਿਟ ਮੰਤਰੀ ਨੇ ਰਾਜ ਲਾਲੀ ਗਿੱਲ ਨੂੰ ਵਧਾਈ ਦਿੰਦਿਆਂ ਉਮੀਦ ਪ੍ਰਗਟਾਈ ਕਿ ਸੂਬੇ ਵਿਚ ਔਰਤਾਂ ਦੀ ਭਲਾਈ ਸਬੰਧੀ ਸਕੀਮਾਂ ਨੂੰ ਲਾਗੂ ਕਰਕੇ ਔਰਤਾਂ ਦੀ ਭਲਾਈ ਨੂੰ ਯਕੀਨੀ ਬਣਾਉਣਗੇ।

ਸ਼੍ਰੀਮਤੀ ਰਾਜ ਲਾਲੀ ਗਿੱਲ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਉਹ ਪੂਰੀ ਜ਼ਿੰਮੇਵਾਰੀ ਨਾਲ ਨਿਭਾਉਣਗੇ। ਉਨ੍ਹਾਂ ਅਹੁਦਾ ਸੰਭਾਲਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀ ਡਿਊਟੀ ਔਰਤਾਂ ਦੀ ਭਲਾਈ ਲਈ ਲਗਾਈ ਗਈ ਹੈ। ਇਸ ਡਿਊਟੀ ਨੂੰ ਉਹ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ।

ਜ਼ਿਕਰਯੋਗ ਹੈ ਕਿ ਰਾਜ ਲਾਲੀ ਗਿੱਲ ਐੱਸ.ਏ.ਐੱਸ. ਨਗਰ ਦੇ ਵਸਨੀਕ ਹਨ ਅਤੇ ਉਹ ਕਾਫੀ ਲੰਬੇ ਅਰਸੇ ਤੋਂ ਔਰਤਾਂ ਦੀ ਭਲਾਈ ਲਈ ਐੱਨ.ਜੀ.ਓਜ਼ ਨਾਲ ਜੁੜੇ ਹੋਏ ਹਨ।

# ਲੋਕ ਸਭਾ ਚੋਣਾਂ ਦੌਰਾਨ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ 'ਤੇ ਪ੍ਰਕਾਸ਼ਿਤ/ਪ੍ਰਸਾਰਿਤ ਪੇਡ ਨਿਊਜ਼ 'ਤੇ ਸਖ਼ਤ ਨਿਗਰਾਨੀ ਰੱਖੇਗਾ ਚੋਣ ਕਮਿਸ਼ਨ: ਸੀ.ਈ.ਓ.

■ **ਸਿਬਿਨ ਸੀ ਵੱਲੋਂ ਪੰਜਾਬ ਦੇ ਸਮੂਹ ਡੀ.ਪੀ.ਆਰ.ਓਜ਼ ਨਾਲ ਰਾਜ ਪੱਧਰੀ ਮੀਟਿੰਗ, ਤਨਦੇਹੀ ਨਾਲ ਡਿਊਟੀ ਨਿਭਾਉਣ ਦੀ ਕੀਤੀ ਹਦਾਇਤ**



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀ.ਈ.ਓ.) ਸਿਬਿਨ ਸੀ ਨੇ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ-2024 ਦੌਰਾਨ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ 'ਤੇ ਪ੍ਰਕਾਸ਼ਿਤ/ਪ੍ਰਸਾਰਿਤ ਪੇਡ ਨਿਊਜ਼ 'ਤੇ ਸਖ਼ਤ ਨਿਗਰਾਨੀ ਰੱਖੀ ਜਾਵੇਗੀ। ਇੱਥੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰਾਂ (ਡੀ.ਪੀ.ਆਰ.ਓਜ਼) ਨਾਲ ਸੂਬਾ ਪੱਧਰੀ ਵੀਡਿਓ ਕਾਨਫਰੰਸਿੰਗ ਰਾਹੀਂ ਕੀਤੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਚੋਣ ਅਫ਼ਸਰ ਨੇ ਕਿਹਾ ਕਿ ਕਮਿਸ਼ਨ ਨੇ ਇਸ਼ਤਿਹਾਰਾਂ, ਉਮੀਦਵਾਰਾਂ ਦੇ ਪ੍ਰਚਾਰ ਅਤੇ ਪੇਡ ਨਿਊਜ਼ ਦੇ ਮਾਮਲਿਆਂ ਦੀ ਨਿਗਰਾਨੀ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਮਕਸਦ ਲਈ ਜ਼ਿਲ੍ਹਾ ਪੱਧਰੀ ਮੀਡੀਆ ਸਰਟੀਫਿਕੇਸ਼ਨ ਅਤੇ ਮੋਨੀਟਰਿੰਗ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ ਅਤੇ ਡੀ.ਪੀ.ਆਰ.ਓਜ਼ ਇਨ੍ਹਾਂ ਕਮੇਟੀਆਂ ਦੇ ਨੋਡਲ ਅਫ਼ਸਰ ਹੋਣਗੇ।

ਸਿਬਿਨ ਸੀ ਨੇ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਕਮੇਟੀਆਂ ਨੂੰ ਨਿਊਜ਼ ਚੈਨਲਾਂ, ਸੋਸ਼ਲ ਮੀਡੀਆ ਪਲੇਟਫਾਰਮਾਂ ਦੇ ਨਾਲ-ਨਾਲ ਅਖ਼ਬਾਰਾਂ ਵਿਚ ਛਪਣ ਵਾਲੀ ਸਮੱਗਰੀ 'ਤੇ ਸਖ਼ਤ ਨਜ਼ਰ ਰੱਖਣ ਦੇ ਹੁਕਮ ਦਿੱਤੇ ਗਏ ਹਨ।

ਮੁੱਖ ਚੋਣ ਅਫ਼ਸਰ ਨੇ ਸਾਰੇ ਡੀ.ਪੀ.ਆਰ.ਓਜ਼ ਨੂੰ ਕਿਹਾ ਕਿ ਉਹ ਅਜਿਹੀਆਂ ਖ਼ਬਰਾਂ ਦੀ ਜਾਂਚ ਲਈ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਅਤੇ ਜੇਕਰ ਕੋਈ ਪੇਡ ਨਿਊਜ਼ ਸਾਹਮਣੇ ਆਉਂਦੀ ਹੈ, ਤਾਂ ਉਸ ਦੀ ਰਿਪੋਰਟ ਸਬੰਧਤ ਰਿਟਰਨਿੰਗ ਅਫ਼ਸਰਾਂ (ਆਰ.ਓ.) ਨੂੰ ਦੇਣ। ਉਨ੍ਹਾਂ ਕਿਹਾ ਕਿ ਇਹ ਕਮੇਟੀ ਚੋਣਾਂ ਨਾਲ ਸਬੰਧਤ ਖ਼ਬਰਾਂ ਦੇ ਨਾਲ-ਨਾਲ ਪ੍ਰਿੰਟ, ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ 'ਤੇ ਦਿਖਾਏ ਜਾਣ ਵਾਲੇ ਇਸ਼ਤਿਹਾਰਾਂ 'ਤੇ ਨਜ਼ਰ ਰੱਖੇਗੀ। ਸਿਬਿਨ ਸੀ ਨੇ ਕਿਹਾ ਕਿ ਇਹ ਕਮੇਟੀ ਇਸ਼ਤਿਹਾਰਾਂ ਦੀ ਤਸਦੀਕ ਤੋਂ ਇਲਾਵਾ ਪ੍ਰਿੰਟ, ਸੋਸ਼ਲ ਅਤੇ ਇਲੈਕਟ੍ਰਾਨਿਕ ਮੀਡੀਆ 'ਤੇ ਖ਼ਬਰਾਂ ਦੀ ਨਿਗਰਾਨੀ ਦੇ ਨਾਲ-ਨਾਲ ਚੋਣ ਲੜਨ ਵਾਲੇ ਉਮੀਦਵਾਰਾਂ ਦੀਆਂ ਚੋਣਾਂ ਨਾਲ ਸਬੰਧਤ ਸਾਰੀਆਂ ਖ਼ਬਰਾਂ ਦਾ ਰਿਕਾਰਡ ਰੱਖਣ ਲਈ ਜ਼ਿੰਮੇਵਾਰ ਹੋਵੇਗੀ। ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਇਨ੍ਹਾਂ ਕਮੇਟੀਆਂ ਦੇ ਗਠਨ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਹ ਉਮੀਦਵਾਰਾਂ ਦੁਆਰਾ ਕੀਤੇ ਜਾਣ ਵਾਲੇ ਚੋਣ ਖਰਚਿਆਂ ਦੀ ਪ੍ਰਭਾਵੀ ਨਿਗਰਾਨੀ ਅਤੇ ਲੇਖਾ-ਜੋਖਾ ਕਰਨ ਵਿਚ ਮਦਦ ਕਰਨਗੀਆਂ। ਉਨ੍ਹਾਂ ਨੇ ਡੀ.ਪੀ.ਆਰ.ਓਜ਼ ਨੂੰ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਕਮੇਟੀ ਮੈਂਬਰ ਸਿਆਸੀ ਪਾਰਟੀਆਂ, ਉਮੀਦਵਾਰਾਂ ਜਾਂ ਉਨ੍ਹਾਂ ਦੇ ਸਮਰਥਕਾਂ ਵੱਲੋਂ ਪ੍ਰਕਾਸ਼ਿਤ/ਪ੍ਰਸਾਰਿਤ ਕੀਤੇ ਜਾਣ ਵਾਲੇ ਇਸ਼ਤਿਹਾਰਾਂ ਦੀ ਸਮੱਗਰੀ ਨੂੰ ਜਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਤਸਦੀਕ ਕਰਨਾ ਯਕੀਨੀ ਬਣਾਉਣ।


Global Allianz

ਕਾਨੂੰਨੀ ਸਲਾਹਾਂ

LAW FIRM LLP

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਲੋਕ ਸਭਾ ਚੋਣਾਂ 2024: ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਚੋਣ ਪ੍ਰੋਗਰਾਮ ਜਾਰੀ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਪੰਜਾਬ ਰਾਜ ਲਈ ਲੋਕ ਸਭਾ ਚੋਣਾਂ 2024 ਦਾ ਚੋਣ ਪ੍ਰੋਗਰਾਮ ਜਾਰੀ ਕਰ ਦਿੱਤਾ ਹੈ। ਇਸ ਸਬੰਧੀ ਅਹਿਮ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਚੋਣਾਂ ਲਈ ਗਜ਼ਟ ਨੋਟੀਫਿਕੇਸ਼ਨ 7 ਮਈ, 2024 (ਮੰਗਲਵਾਰ) ਨੂੰ ਜਾਰੀ ਕੀਤਾ ਜਾਣਾ ਤੈਅ ਹੋਇਆ ਹੈ। ਨਾਮਜ਼ਦਗੀਆਂ ਲਈ ਅੰਤਿਮ ਮਿਤੀ 14 ਮਈ, 2024 (ਮੰਗਲਵਾਰ) ਨਿਰਧਾਰਤ ਕੀਤੀ ਗਈ ਹੈ, ਜਦਕਿ ਨਾਮਜ਼ਦਗੀਆਂ ਦੀ ਪੜਤਾਲ 15 ਮਈ, 2024 (ਬੁੱਧਵਾਰ) ਨੂੰ ਹੋਵੇਗੀ। ਉਮੀਦਵਾਰ 17 ਮਈ, 2024 (ਸ਼ੁੱਕਰਵਾਰ) ਤੱਕ ਆਪਣੀਆਂ ਨਾਮਜ਼ਦਗੀਆਂ ਵਾਪਸ ਲੈ ਸਕਦੇ ਹਨ। ਪੰਜਾਬ ਵਿਚ 1 ਜੂਨ, 2024 (ਸ਼ਨੀਵਾਰ) ਨੂੰ ਵੋਟਾਂ ਪੈਣਗੀਆਂ, ਜਦਕਿ ਪੰਜਾਬ ਸਮੇਤ ਪੂਰੇ ਦੇਸ਼ ਵਿਚ 4 ਜੂਨ, 2024 (ਮੰਗਲਵਾਰ) ਨੂੰ ਵੋਟਾਂ ਦੀ ਗਿਣਤੀ ਕੀਤੀ ਜਾਵੇਗੀ। ਚੋਣਾਂ ਦੇ ਮੁਕੰਮਲ ਹੋਣ ਦੀ ਅੰਤਿਮ ਮਿਤੀ 6 ਜੂਨ, 2024 (ਵੀਰਵਾਰ) ਹੈ।

ਸਿਬਿਨ ਸੀ ਨੇ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ 16 ਮਾਰਚ, 2024 ਨੂੰ ਚੋਣ ਪ੍ਰੋਗਰਾਮ ਐਲਾਨੇ ਜਾਣ ਤੋਂ ਬਾਅਦ, ਪੰਜਾਬ ਰਾਜ ਵਿਚ ਆਦਰਸ਼ ਚੋਣ ਜ਼ਾਬਤਾ (ਐੱਮ.ਸੀ.ਸੀ.) ਤੁਰੰਤ ਪ੍ਰਭਾਵ ਨਾਲ ਲਾਗੂ ਕਰ ਦਿੱਤਾ ਗਿਆ ਹੈ। ਇਹ ਆਦਰਸ਼ ਚੋਣ ਜਾਬਤਾ ਸਾਰੇ ਉਮੀਦਵਾਰਾਂ, ਰਾਜਨੀਤਿਕ ਪਾਰਟੀਆਂ, ਰਾਜ ਸਰਕਾਰ ਦੇ ਨਾਲ-ਨਾਲ ਕੇਂਦਰ ਸਰਕਾਰ 'ਤੇ ਵੀ ਲਾਗੂ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਚੋਣ ਜਾਬਤੇ ਸਬੰਧੀ ਮੈਨੂਅਲ ਦੀ ਕਾਪੀ ਭਾਰਤੀ ਚੋਣ ਕਮਿਸ਼ਨ ਦੇ ਵੈੱਬਸਾਈਟ ਲਿੰਕ https://www.eci.gov.in/handbooks-manuals-modelchecklist ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।

ਮੁੱਖ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ ਭਾਰਤ ਦੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁੱਖ ਸਕੱਤਰ ਰਾਹੀਂ ਮੁੱਖ ਮੰਤਰੀ, ਸਾਰੇ ਮੰਤਰੀਆਂ, ਸਪੀਕਰ, ਡਿਪਟੀ ਸਪੀਕਰ, ਸਾਰੇ ਵਧੀਕ ਮੁੱਖ ਸਕੱਤਰਾਂ, ਵਿੱਤ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ, ਸਕੱਤਰਾਂ, ਸਾਰੇ ਵਿਭਾਗਾਂ ਦੇ ਮੁਖੀਆਂ, ਪੰਜਾਬ ਦੇ ਸਾਰੇ ਬੋਰਡਾਂ, ਕਾਰਪੋਰੇਸ਼ਨਾਂ ਅਤੇ ਅਥਾਰਟੀਆਂ ਦੇ ਚੇਅਰਮੈਨਾਂ ਅਤੇ ਮੈਨੇਜਿੰਗ ਡਾਇਰੈਕਟਰਾਂ ਨੂੰ ਭੇਜ ਦਿੱਤੀਆਂ ਗਈਆਂ ਹਨ, ਤਾਂ ਜੋ ਇਨ੍ਹਾਂ ਦੀ ਇੰਨ-ਬਿੰਨ ਤੇ ਸਖਤੀ ਨਾਲ ਪਾਲਣਾ ਕੀਤੀ ਜਾ ਸਕੇ।

## ਕੋਡ ਆਫ ਕੰਡਕਟ ਲਾਗੂ ਹੁੰਦੇ ਹੀ ਸਿਆਸੀ ਪਾਰਟੀਆਂ ਦੇ ਨਾਜਾਇਜ਼ ਹੋਰਡਿੰਗ ਹਟਾਉਣੇ ਸ਼ੁਰੂ

**ਲੁਧਿਆਣਾ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਲਈ ਸ਼ਡਿਊਲ ਦੇ ਐਲਾਨ ਦੇ ਨਾਲ ਕੋਡ ਆਫ ਕੰਡਕਟ ਲਾਗੂ ਹੁੰਦੇ ਹੀ ਨਗਰ ਨਿਗਮ ਦੀ ਟੀਮ ਸਿਆਸੀ ਪਾਰਟੀਆਂ ਦੇ ਨਾਜਾਇਜ਼ ਹੋਰਡਿੰਗ ਹਟਾਉਣ ਲਈ ਫੀਲਡ 'ਚ ਉਤਰੀ। ਇਸ ਦੌਰਾਨ ਵਿਰੋਧੀਆਂ ਦੇ ਨਾਲ ਸੱਤਾ ਪੱਖ ਦੇ ਨੇਤਾਵਾਂ ਦੀਆਂ ਫੋਟੋਆਂ ਵਾਲੇ ਸਿਆਸੀ ਅਤੇ ਧਾਰਮਿਕ ਹੋਰਡਿੰਗ ਵੀ ਉਤਾਰ ਦਿੱਤੇ ਗਏ ਹਨ, ਜਦੋਂਕਿ ਇਸ ਤੋਂ ਪਹਿਲਾਂ ਵਿਰੋਧੀਆਂ ਦੇ ਹੋਰਡਿੰਗ ਇਸ ਲਈ ਹਟਾਏ ਜਾਂਦੇ ਸੀ ਕਿ ਉਨ੍ਹਾਂ ਵੱਲੋਂ ਸੱਤਾ ਪੱਖ ਦੇ ਨੇਤਾਵਾਂ ਦੇ ਹੋਰਡਿੰਗ ਹਟਾਉਣ ਦਾ ਹਵਾਲਾ ਦਿੰਦੇ ਹੋਏ ਵਿਰੋਧ ਕੀਤਾ ਜਾਂਦਾ ਸੀ ਪਰ ਹੁਣ ਸਾਰਿਆਂ ਨੂੰ ਹੋਰਡਿੰਗ ਹਟਾਉਣ ਲਈ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਦੀ ਰੈਗੂਲਰ ਰਿਪੋਰਟ ਡੀ.ਸੀ. ਨੂੰ ਭੇਜੀ ਜਾਵੇਗੀ। ਭਾਵੇਂ ਨਗਰ ਨਿਗਮ ਵੱਲੋਂ ਸਿਆਸੀ ਪਾਰਟੀਆਂ ਦੇ ਹੋਰਡਿੰਗ ਹਟਾਉਣ ਲਈ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦਾ ਹਵਾਲਾ ਦਿੱਤਾ ਜਾ ਰਿਹਾ ਹੈ ਪਰ ਇਸ ਦੌਰਾਨ ਭਾਜਪਾ ਨੇਤਾ ਵੱਲੋਂ ਪਿਕ ਐਂਡ ਚੂਜ਼ ਤਹਿਤ ਕਾਰਵਾਈ ਕਰਨ ਦੇ ਦੋਸ਼ ਲਾਉਂਦੇ ਹੋਏ ਕੀਤੇ ਵਿਰੋਧ ਦੀ ਵਜ੍ਹਾ ਨਾਲ ਜ਼ੋਨ ਬੀ ਦੇ ਏਰੀਏ 'ਚ ਕਾਫੀ ਹੰਗਾਮਾ ਹੋਇਆ। ਇਸ ਸਬੰਧ 'ਚ ਤਹਿਬਾਜ਼ਾਰੀ ਵਿੰਗ ਦੇ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਈਸਾ ਨਗਰ ਪੁਲੀ ਦੇ ਨੇੜੇ ਹੋਰਡਿੰਗ ਹਟਾਉਣ ਦਾ ਸਾਬਕਾ ਕੌਂਸਲਰ ਅਤੇ ਉਨ੍ਹਾਂ ਦੇ ਬੇਟੇ ਨੇ ਵਿਰੋਧ ਕੀਤਾ ਅਤੇ ਹੱਥੋਪਾਈ ਕੀਤੀ ਗਈ, ਜਿਸ ਨੂੰ ਲੈ ਕੇ ਸੂਚਨਾ ਮਿਲਣ 'ਤੇ ਪੁਲਿਸ ਵੀ ਮੌਕੇ 'ਤੇ ਪੁੱਜ ਗਈ ਅਤੇ ਜਿਨ੍ਹਾਂ ਨੂੰ ਨਗਰ ਨਿਗਮ ਮੁਲਾਜ਼ਮਾਂ ਵੱਲੋਂ ਹੋਰਡਿੰਗ ਹਟਾਉਣ ਦੀ ਕਾਰਵਾਈ ਕੀਤੀ ਵੀਡੀਓਗ੍ਰਾਫੀ ਲਈ ਰੱਖੇ ਗਏ ਕੈਮਰੇ ਦੀ ਚਿਪ ਕੱਢਵਾਉਣ ਦੇ ਦੋਸ਼ 'ਚ ਸ਼ਿਕਾਇਤ ਦੇਣ ਦੀ ਗੱਲ ਕਹੀ ਗਈ ਹੈ।

## ਭਾਰਤੀ ਚੋਣ ਕਮਿਸ਼ਨ ਵੱਲੋਂ ਜਲੰਧਰ ਦੇ ਡਿਪਟੀ ਕਮਿਸ਼ਨਰ ਦਾ ਤਬਾਦਲਾ ਕਰਨ ਦੇ ਨਿਰਦੇਸ਼

**- ਰੋਪੜ ਰੇਂਜ ਅਤੇ ਬਾਰਡਰ ਰੇਂਜ ਦੇ ਪੁਲਿਸ ਅਧਿਕਾਰੀਆਂ ਨੂੰ ਵੀ ਹਟਾਉਣ ਦੇ ਨਿਰਦੇਸ਼**

**ਚੰਡੀਗੜ੍ਹ, (ਪੰਜਾਬ ਮੇਲ)-** ਭਾਰਤੀ ਚੋਣ ਕਮਿਸ਼ਨ ਨੇ ਇਕ ਸ਼ਿਕਾਇਤ ਦੇ ਆਧਾਰ 'ਤੇ ਜਲੰਧਰ ਦੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੂੰ ਤਬਦੀਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਸਬੰਧੀ ਜਾਰੀ ਹੋਏ ਪੱਤਰ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਮੌਜੂਦਾ ਪੋਸਟਿੰਗ ਤੋਂ ਹਟਾ ਕੇ ਕਿਸੇ ਹੋਰ ਥਾਂ ਤਬਦੀਲ ਕੀਤਾ ਜਾਵੇ, ਜੋ ਕਿ ਉਨ੍ਹਾਂ ਦਾ ਗ੍ਰਹਿ ਜ਼ਿਲ੍ਹਾ ਨਾ ਹੋਵੇ। ਨਾਲ ਹੀ ਇਹ ਵੀ ਲਿਖਿਆ ਗਿਆ ਹੈ ਕਿ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਉਨ੍ਹਾਂ ਨੂੰ ਜ਼ਿਲ੍ਹੇ ਤੋਂ ਕਿਤੇ ਬਾਹਰ ਲਗਾਇਆ ਜਾਵੇ, ਜੋ ਕਿ ਜਲੰਧਰ ਲੋਕ ਸਭਾ ਹਲਕੇ ਵਿਚ ਨਾ ਹੋਵੇ। ਜਲੰਧਰ ਦਾ ਨਵਾਂ ਡਿਪਟੀ ਕਮਿਸ਼ਨਰ ਤੈਨਾਤ ਕਰਨ ਲਈ ਚੋਣ ਕਮਿਸ਼ਨ ਨੇ 3 ਅਧਿਕਾਰੀਆਂ ਦੇ ਪੈਨਲ ਦੀ ਮੰਗ ਕੀਤੀ ਹੈ।

ਇਸੇ ਤਰ੍ਹਾਂ ਰੋਪੜ ਰੇਂਜ ਦੇ ਏ.ਡੀ.ਜੀ.ਪੀ. ਜਸਕਰਨ ਸਿੰਘ ਅਤੇ ਬਾਰਡਰ ਰੇਂਜ ਦੇ ਡੀ.ਆਈ.ਜੀ. ਨਰਿੰਦਰ ਭਾਰਗਵ ਨੂੰ ਵੀ ਹਟਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਨ੍ਹਾਂ ਦੋਵਾਂ ਅਧਿਕਾਰੀਆਂ ਨੂੰ ਵੀ ਮੌਜੂਦਾ ਜ਼ਿਲ੍ਹਿਆਂ ਤੋਂ ਬਾਹਰ ਲਗਾਉਣ ਲਈ ਕਿਹਾ ਗਿਆ ਹੈ ਅਤੇ ਇਹ ਸੁਨਿਸ਼ਚਿਤ ਕਰਨ ਲਈ ਕਿਹਾ ਗਿਆ ਹੈ ਕਿ ਨਵੀਂ ਤੈਨਾਤੀ ਵਾਲੇ ਜ਼ਿਲ੍ਹੇ ਮੌਜੂਦਾ ਤੈਨਾਤੀ ਵਾਲੇ ਜ਼ਿਲ੍ਹੇ ਜਾਂ ਲੋਕ ਸਭਾ ਸੀਟ ਅਧੀਨ ਨਾ ਆਉਂਦੇ ਹੋਣ। ਉਕਤ ਦੋਵੇਂ ਅਧਿਕਾਰੀ ਕ੍ਰਮਵਾਰ ਅਪ੍ਰੈਲ ਅਤੇ ਜੂਨ 2024 ਵਿਚ ਸੇਵਾਮੁਕਤ ਹੋ ਰਹੇ ਹਨ। ਦੋਵਾਂ ਥਾਂਵਾਂ 'ਤੇ ਨਵੇਂ ਅਧਿਕਾਰੀਆਂ ਦੀ ਤੈਨਾਤੀ ਲਈ ਕਮਿਸ਼ਨ ਨੇ 3-3 ਨਾਂਵਾਂ ਵਾਲੇ ਪੈਨਲਾਂ ਦੀ ਮੰਗ ਕੀਤੀ ਹੈ।


## ਚੋਣ ਕਮਿਸ਼ਨ ਵੱਲੋਂ ਵੈੱਬਸਾਈਟ 'ਤੇ ਚੋਣ ਬਾਂਡ ਦਾ ਡਾਟਾ ਅਪਲੋਡ

**■ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਭਾਰਤੀ ਸਟੇਟ ਬੈਂਕ ਤੋਂ ਚੋਣ ਬਾਂਡਾਂ ਬਾਰੇ ਮੰਗੀ ਗਈ ਸੀ ਜਾਣਕਾਰੀ**

**ਨਵੀਂ ਦਿੱਲੀ, (ਪੰਜਾਬ ਮੇਲ)-** ਲੋਕ ਸਭਾ ਚੋਣਾਂ 2024 ਦੀਆਂ ਤਰੀਕਾਂ ਦੇ ਐਲਾਨ ਤੋਂ ਠੀਕ ਅਗਲੇ ਦਿਨ ਚੋਣ ਕਮਿਸ਼ਨ ਨੇ ਐਤਵਾਰ (17 ਮਾਰਚ) ਨੂੰ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਭਾਰਤੀ ਸਟੇਟ ਬੈਂਕ (ਐੱਸ.ਬੀ.ਆਈ.) ਤੋਂ ਚੋਣ ਬਾਂਡਾਂ ਬਾਰੇ ਤਾਜ਼ਾ ਜਾਣਕਾਰੀ ਦੇ ਡਾਟਾ ਨੂੰ ਆਪਣੀ ਵੈੱਬਸਾਈਟ 'ਤੇ ਅਪਲੋਡ ਕਰ ਦਿੱਤਾ ਹੈ। ਕਮਿਸ਼ਨ ਨੇ ਇਹ ਡਾਟਾ ਸੀਲਬੰਦ ਲਿਫਾਫੇ 'ਚ ਸੁਪਰੀਮ ਕੋਰਟ ਨੂੰ ਸੌਂਪਿਆ ਸੀ। ਕੋਰਟ ਨੇ ਬਾਅਦ 'ਚ ਕਮਿਸ਼ਨ ਨੂੰ ਇਸ ਡਾਟਾ ਨੂੰ ਜਨਤਕ ਕਰਨ ਲਈ ਕਿਹਾ ਸੀ।

ਭਾਜਪਾ ਨੇ ਕੁੱਲ 6,986.5 ਕਰੋੜ ਰੁਪਏ ਦੇ ਚੋਣ ਬਾਂਡ ਕੈਸ਼ ਕਰਵਾਏ ਅਤੇ ਪਾਰਟੀ ਨੂੰ 2019-20 'ਚ ਸਭ ਤੋਂ ਵੱਧ 2,555 ਕਰੋੜ ਰੁਪਏ ਦਾ ਚੋਣ ਚੰਦਾ ਮਿਲਿਆ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਵੇਰਵੇ 12 ਅਪ੍ਰੈਲ, 2019 ਤੋਂ ਪਹਿਲਾਂ ਦੀ ਮਿਆਦ ਨਾਲ ਸਬੰਧਤ ਹਨ। ਕਮਿਸ਼ਨ ਨੇ ਇਕ ਬਿਆਨ 'ਚ ਕਿਹਾ ਕਿ ਸਿਆਸੀ ਪਾਰਟੀਆਂ ਨੇ ਸੁਪਰੀਮ ਕੋਰਟ ਦੇ 12 ਅਪ੍ਰੈਲ, 2019 ਦੇ ਅੰਤਰਿਮ ਹੁਕਮ ਅਨੁਸਾਰ ਸੀਲਬੰਦ ਲਿਫਾਫੇ 'ਚ ਚੋਣ ਬਾਂਡ ਨਾਲ ਸਬੰਧਤ ਡਾਟਾ ਦਾਖਲ ਕੀਤਾ ਸੀ। ਉਥੇ ਹੀ, ਹੁਣ ਰੱਦ ਹੋ ਚੁੱਕੇ ਚੋਣ ਬਾਂਡ ਦੇ ਸਭ ਤੋਂ ਵੱਡੇ ਖਰੀਦਦਾਰ 'ਫਿਊਚਰ ਗੇਮਿੰਗ ਐਂਡ ਹੋਟਲ ਸਰਵਿਸਿਜ਼' ਨੇ ਇਸ ਦੇ ਜ਼ਰੀਏ ਤਾਮਿਲਨਾਡੂ ਦੀ ਸੱਤਾਧਾਰੀ ਪਾਰਟੀ ਡੀ.ਐੱਮ.ਕੇ. ਨੂੰ 509 ਕਰੋੜ ਰੁਪਏ ਦਾ ਚੰਦਾ ਦਿੱਤਾ।

ਭਾਜਪਾ ਨੂੰ 2018 'ਚ ਚੋਣ ਬਾਂਡ ਸਕੀਮ ਲਾਗੂ ਹੋਣ ਤੋਂ ਬਾਅਦ ਸਭ ਤੋਂ ਵੱਧ 6,986.5 ਕਰੋੜ ਰੁਪਏ ਦਾ ਫੰਡ ਪ੍ਰਾਪਤ ਹੋਇਆ। ਇਸ ਤੋਂ ਬਾਅਦ ਪੱਛਮੀ ਬੰਗਾਲ ਦੀ ਸੱਤਾਧਾਰੀ ਪਾਰਟੀ ਤ੍ਰਿਣਮੂਲ ਕਾਂਗਰਸ (1,397 ਕਰੋੜ ਰੁਪਏ), ਕਾਂਗਰਸ (1,334 ਕਰੋੜ ਰੁਪਏ) ਅਤੇ ਬੀ.ਆਰ.ਐੱਸ. (1,322 ਕਰੋੜ ਰੁਪਏ) ਦਾ ਸਥਾਨ ਰਿਹਾ। ਅੰਕੜਿਆਂ ਮੁਤਾਬਕ, ਓਡਿਸ਼ਾ ਦੀ ਸੱਤਾਧਾਰੀ ਪਾਰਟੀ ਬੀਜਦ ਨੂੰ 944.5 ਕਰੋੜ ਰੁਪਏ ਮਿਲੇ। ਇਸ ਤੋਂ ਬਾਅਦ ਡੀ.ਐੱਮ.ਕੇ. ਨੇ 656.5 ਕਰੋੜ ਰੁਪਏ ਅਤੇ ਆਂਧਰਾ ਪ੍ਰਦੇਸ਼ ਦੀ ਸੱਤਾਧਾਰੀ ਪਾਰਟੀ ਵਾਈ.ਐੱਸ.ਆਰ. ਕਾਂਗਰਸ ਨੇ ਲਗਭਗ 442.8 ਕਰੋੜ ਰੁਪਏ ਦੇ ਬਾਂਡ ਕੈਸ਼ ਕਰਵਾਏ। ਜਦ (ਐੱਸ) ਨੂੰ 89.75 ਕਰੋੜ ਰੁਪਏ ਦੇ ਬਾਂਡ ਮਿਲੇ, ਜਿਸ 'ਚ ਚੋਣ ਬਾਂਡ ਦੀ ਦੂਜੀ ਸਭ ਤੋਂ ਵੱਡੀ ਖਰੀਦਦਾਰ ਮੇਘਾ ਇੰਜਨੀਅਰਿੰਗ ਤੋਂ 50 ਕਰੋੜ ਰੁਪਏ ਸ਼ਾਮਲ ਹਨ। ਤੇਲਗੂ ਦੇਸ਼ਮ ਪਾਰਟੀ (ਟੀ.ਡੀ.ਪੀ.) ਨੇ 181.35 ਕਰੋੜ ਰੁਪਏ, ਸ਼ਿਵ ਸੈਨਾ ਨੇ 60.4 ਕਰੋੜ ਰੁਪਏ, ਰਾਜਦ ਨੇ 56 ਕਰੋੜ ਰੁਪਏ, ਸਮਾਜਵਾਦੀ ਪਾਰਟੀ ਨੇ 14.05 ਕਰੋੜ ਰੁਪਏ ਚੋਣ ਬਾਂਡ ਰਾਹੀਂ ਪ੍ਰਾਪਤ ਕੀਤੇ।

# ਡਾ. ਓਬਰਾਏ ਨੂੰ ਪੈਰਿਸ 'ਚ ਕੌਮਾਂਤਰੀ 'ਸ਼ਾਂਤੀ ਦੂਤ' ਪੁਰਸਕਾਰ ਤੇ ਪਾਸਪੋਰਟ ਨਾਲ ਨਿਵਾਜਿਆ

- ਵਕਾਰੀ ਤੇ ਮਾਣਮੱਤੀ ਪ੍ਰਾਪਤੀ ਕਾਰਨ ਮੁੜ ਵਧਿਆ ਪੰਜਾਬੀਅਤ ਦਾ ਮਾਣ
- ਗੋਲਡ ਮੈਡਲ ਤੇ ਪ੍ਰੋਫੈਸਰ ਦਾ ਰੁਤਬਾ ਵੀ ਪ੍ਰਦਾਨ











**ਅੰਮ੍ਰਿਤਸਰ, (ਪੰਜਾਬ ਮੇਲ)-** ਦੇਸ਼ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਅਤੇ ਖਾਸ ਕਰਕੇ ਸਿੱਖ ਭਾਈਚਾਰੇ ਲਈ ਇਹ ਮਾਣਮੱਤਾ ਹੈ ਕਿ ਦੁਬਈ ਸਥਿਤ ਉੱਘੇ ਕਾਰੋਬਾਰੀ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਐੱਸ.ਪੀ. ਸਿੰਘ ਓਬਰਾਏ ਨੂੰ ਉਨ੍ਹਾਂ ਦੇ ਲੋਕ ਭਲਾਈ ਕਾਰਜਾਂ ਬਦਲੇ ਫਰਾਂਸ ਦੀ ਰਾਜਧਾਨੀ ਪੈਰਿਸ ਵਿਖੇ 'ਸ਼ਾਂਤੀਦੂਤ' ਦੇ ਕੌਮਾਂਤਰੀ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ।

ਬੀਤੇ ਦਿਨੀਂ 'ਇੰਟਰਨੈਸ਼ਨਲ ਚੈਰਿਟੀ ਫਾਊਂਡੇਸ਼ਨ ਹਿਊਮੈਨੀਟੇਰੀਅਨ ਇੰਟਰੈਕਸ਼ਨ' ਅਤੇ 'ਯੂਨਾਈਟਿਡ ਨੇਸ਼ਨਜ਼ ਗਲੋਬਲ ਕੰਪੈਕਟ ਯੂ.ਐੱਸ.ਏ.' ਨਾਮਕ ਸੰਸਥਾਵਾਂ ਵੱਲੋਂ ਕਰਵਾਏ ਗਏ ਵਿਸ਼ੇਸ਼ ਸਮਾਗਮ ਦੌਰਾਨ ਡਾ. ਓਬਰਾਏ ਨੂੰ ਇਹ ਪੁਰਸਕਾਰ ਭੇਟ ਕੀਤਾ ਗਿਆ। ਡਾ. ਓਬਰਾਏ ਨੂੰ ਇਸ ਮੌਕੇ 'ਸ਼ਾਂਤੀਦੂਤ' ਦੇ ਪ੍ਰਮਾਣ ਪੱਤਰ ਦੇ ਨਾਲ-ਨਾਲ 'ਅੰਬੈਸਡਰ ਫਾਰ ਪੀਸ ਪਾਸਪੋਰਟ' ਵੀ ਜਾਰੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡਾ. ਓਬਰਾਏ ਵੱਲੋਂ ਬਿਨਾਂ ਕੋਈ ਪੈਸਾ ਇਕੱਠਾ ਕੀਤਿਆਂ ਆਪਣੀ ਕਮਾਈ ਵਿਚੋਂ ਹਰ ਮਹੀਨੇ ਕਰੋੜਾਂ ਰੁਪਏ ਖਰਚ ਕਰਕੇ ਸੰਸਾਰ ਭਰ ਵਿਚ ਦੇਸ਼ਾਂ, ਧਰਮਾਂ, ਰੰਗਾਂ ਤੇ ਨਸਲਾਂ ਦੀਆਂ ਵਲਗਣਾਂ ਤੋਂ ਉੱਚੇ ਉਠਦਿਆਂ ਲੋੜਵੰਦਾਂ ਦੀ ਕੀਤੀ ਜਾ ਰਹੀ ਮਦਦ ਨੂੰ ਮੁੱਖ ਰੱਖਦਿਆਂ ਇੰਟਰ-ਯੂਨੀਵਰਸਿਟੀ ਹਾਇਰ ਅਕੈਡਮਿਕ ਕੌਂਸਲ ਵੱਲੋਂ ਡਾ. ਓਬਰਾਏ ਨੂੰ 'ਪ੍ਰੋਫੈਸਰ ਆਫ਼ ਦਿ ਯੂਨੀਵਰਸਿਟੀ ਕੌਂਸਲ' ਦੇ ਵਕਾਰੀ ਰੁਤਬੇ ਨਾਲ ਵੀ ਨਿਵਾਜਿਆ ਗਿਆ। ਇਸੇ ਦੌਰਾਨ 'ਸਾਇੰਸ ਫਾਰ ਪੀਸ-ਵਰਲਡ ਸਾਇੰਟਿਫਿਕ ਕਾਂਗਰਸ ਪੈਰਿਸ' ਦੁਆਰਾ ਗੋਲਡ ਮੈਡਲ ਵੀ ਪ੍ਰਦਾਨ ਕੀਤਾ ਗਿਆ ਹੈ।

ਡਾ. ਐੱਸ.ਪੀ. ਸਿੰਘ ਓਬਰਾਏ ਦੀ ਇਸ ਵਕਾਰੀ ਤੇ ਮਾਣਮੱਤੀ ਪ੍ਰਾਪਤੀ ਨਾਲ ਪੰਜਾਬੀਅਤ ਅਤੇ ਸਮੁੱਚੇ ਪੰਜਾਬੀ ਭਾਈਚਾਰੇ ਵਿਚ ਖੁਸ਼ੀ ਦਾ ਪਸਾਰਾ ਵੇਖਿਆ ਜਾ ਰਿਹਾ ਹੈ।

# ਪੰਜਾਬ 'ਚ ਅਕਾਲੀ-ਭਾਜਪਾ ਗਠਜੋੜ 'ਤੇ ਟਿਕੀਆਂ ਸਭ ਦੀਆਂ ਨਜ਼ਰਾਂ!

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ ਕਦੋਂ ਹੋਵੇਗਾ, ਇਸ 'ਤੇ ਸਭ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਦਰਅਸਲ ਹੁਣ ਇਸ ਗਠਜੋੜ ਨੂੰ ਲੈ ਕੇ ਦੋਹਾਂ ਪਾਰਟੀਆਂ 'ਤੇ ਕਿਸੇ ਤਰ੍ਹਾਂ ਦਾ ਦਬਾਅ ਦਿਖਾਈ ਨਹੀਂ ਦੇ ਰਿਹਾ ਹੈ ਕਿਉਂਕਿ ਪੰਜਾਬ 'ਚ ਆਖ਼ਰੀ ਗੇੜ 'ਚ ਹੀ 1 ਜੂਨ ਨੂੰ ਵੋਟਾਂ ਪੈਣੀਆਂ ਹਨ, ਤਾਂ ਅਜਿਹੇ 'ਚ ਭਾਜਪਾ ਅਤੇ ਅਕਾਲੀ ਦਲ ਗਠਜੋੜ ਨੂੰ ਲੈ ਕੇ ਕਿਸੇ ਤਰ੍ਹਾਂ ਦੀ ਕਾਹਲੀ ਕਿਤੇ ਜਾਣ ਦੇ ਹੱਕ 'ਚ ਦਿਖਾਈ ਨਹੀਂ ਦੇ ਰਿਹਾ ਹੈ।

ਹੋ ਸਕਦਾ ਹੈ ਕਿ ਚੋਣ ਜ਼ਾਬਤਾ ਲਾਗੂ ਹੋਣ ਮਗਰੋਂ ਕਿਸਾਨ ਸ਼ੰਭੂ ਅਤੇ ਖਨੌਰੀ ਬਾਰਡਰ ਤੋਂ ਆਪਣਾ ਧਰਨਾ ਚੁੱਕ ਲੈਣ ਤਾਂ ਅਜਿਹੇ 'ਚ ਦੋਵੇਂ ਪਾਰਟੀਆਂ ਇਸ ਗੱਲ ਦੀ ਵੀ ਉਡੀਕ ਕਰ ਰਹੀਆਂ ਹਨ ਕਿ ਧਰਨਾ ਖ਼ਤਮ ਹੋਣ ਤੋਂ ਬਾਅਦ ਹੀ ਗਠਜੋੜ ਕੀਤਾ ਜਾਵੇ। ਇਸ ਦੇ ਨਾਲ ਹੀ ਮੁੱਖ ਵਿਰੋਧੀ ਧਿਰ ਕਾਂਗਰਸ ਨੂੰ ਵੀ ਉਡੀਕ ਹੈ ਕਿ ਦੋਹਾਂ ਪਾਰਟੀਆਂ ਵਿਚਾਲੇ ਗਠਜੋੜ ਕਦੋਂ ਹੁੰਦਾ ਹੈ। ਦੱਸ ਦੇਈਏ ਕਿ ਅਕਾਲੀ ਦਲ ਕਿਸਾਨਾਂ ਦੇ ਮੁੱਦੇ 'ਤੇ ਹੀ ਭਾਜਪਾ ਨਾਲੋਂ ਵੱਖ ਹੋਇਆ ਸੀ।

ਦਰਅਸਲ ਸ਼ਹਿਰੀ ਇਲਾਕਿਆਂ 'ਚ ਅਕਾਲੀ ਦੀ ਦਲ ਹਾਲਤ ਬਾਹਲੀ ਮਜ਼ਬੂਤ ਨਹੀਂ ਹੈ, ਇਸੇ ਤਰ੍ਹਾਂ ਪਿੰਡਾਂ 'ਚ ਭਾਜਪਾ ਦਾ ਇਹੀ ਹਾਲ ਹੈ। ਅਜਿਹੇ 'ਚ ਗਠਜੋੜ ਦੌਰਾਨ ਅਕਾਲੀ ਦਲ ਪਿੰਡਾਂ ਅਤੇ ਭਾਜਪਾ ਸ਼ਹਿਰਾਂ ਦੀ ਸਿਆਸਤ ਕਰਦੀ ਹੈ। ਗਠਜੋੜ ਦੀਆਂ ਸੰਭਾਵਨਾਵਾਂ ਨੂੰ ਦੇਖਦੇ ਹੋਏ ਹੀ ਅਜੇ ਤੱਕ ਅਕਾਲੀ ਦਲ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ ਹੈ, ਨਹੀਂ ਤਾਂ ਪਿਛਲੇ ਸਮੇਂ ਦੌਰਾਨ ਦੇਖਿਆ ਗਿਆ ਹੈ ਕਿ ਅਕਾਲੀ ਦਲ ਹੀ ਸਭ ਤੋਂ ਪਹਿਲਾਂ ਆਪਣੇ ਉਮੀਦਵਾਰ ਮੈਦਾਨ 'ਚ ਉਤਾਰਦਾ ਹੈ। ਇਸ ਸਮੇਂ ਤੱਕ ਸਿਰਫ ਆਮ ਆਦਮੀ ਪਾਰਟੀ ਨੇ ਪੰਜਾਬ ਦੀਆਂ 8 ਸੀਟਾਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਹੈ ਅਤੇ ਬਾਕੀ ਰਹਿੰਦੀਆਂ 5 ਸੀਟਾਂ 'ਤੇ ਵੀ ਪਾਰਟੀ ਵਲੋਂ ਜਲਦ ਹੀ ਉਮੀਦਵਾਰਾਂ ਦਾ ਐਲਾਨ ਕੀਤਾ ਜਾ ਸਕਦਾ ਹੈ।

# ਅੰਮ੍ਰਿਤਸਰ ਵਿਚ ਜਲਦੀ ਹੀ ਖੁੱਲ੍ਹੇਗਾ ਅਮਰੀਕੀ ਕੌਂਸਲੇਟ

**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਦੇ ਅੰਮ੍ਰਿਤਸਰ 'ਚ ਆਉਣ ਵਾਲੇ ਸਮੇਂ 'ਚ ਇਕ ਵੱਡੀ ਖੁਸ਼ਖਬਰੀ ਮਿਲਣ ਵਾਲੀ ਹੈ। ਅਮਰੀਕਾ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਵਿਦੇਸ਼ ਮੰਤਰੀ ਡਾ. ਜੈਸ਼ੰਕਰ ਨਾਲ ਮੁਲਾਕਾਤ ਕਰਨ ਤੋਂ ਬਾਅਦ ਕਿਹਾ ਕਿ ਜਲਦੀ ਹੀ ਅੰਮ੍ਰਿਤਸਰ ਵਿਚ ਅਮਰੀਕੀ ਕੌਂਸਲੇਟ ਖੋਲ੍ਹਿਆ ਜਾਵੇਗਾ। ਸੰਧੂ ਨੇ ਦੱਸਿਆ ਕਿ ਅਮਰੀਕਾ ਸਰਕਾਰ ਵੱਲੋਂ ਭਾਰਤ ਵਿੱਚ ਦੋ ਹੋਰ ਨਵੇਂ ਕੌਂਸਲੇਟ ਖੋਲ੍ਹੇ ਜਾਣੇ ਹਨ, ਜਿਨ੍ਹਾਂ ਵਿਚੋਂ ਇੱਕ ਭਾਰਤ ਦੇ ਵਿਦੇਸ਼ ਮੰਤਰੀ ਡਾ: ਜੈਸ਼ੰਕਰ ਨੇ ਅੰਮ੍ਰਿਤਸਰ ਵਿਚ ਖੋਲ੍ਹਣ ਦਾ ਭਰੋਸਾ ਪ੍ਰਗਟਾਇਆ ਹੈ।

ਸੰਧੂ ਨੇ ਕਿਹਾ ਕਿ ਅੰਮ੍ਰਿਤਸਰ ਵਿਚ ਅਮਰੀਕੀ ਕੌਂਸਲੇਟ ਖੁੱਲ੍ਹਣ ਨਾਲ ਸਰਹੱਦੀ ਖੇਤਰ ਦੇ ਲੋਕਾਂ ਨੂੰ ਵੀਜ਼ਾ ਲੈਣ ਦੇ ਮੌਕੇ ਅਤੇ ਬਹੁਤ ਸਾਰੀਆਂ ਸਹੂਲਤਾਂ ਮਿਲਣਗੀਆਂ, ਕਾਰੋਬਾਰੀਆਂ ਨੂੰ ਆਪਣਾ ਕਾਰੋਬਾਰ ਵਧਾਉਣ ਦੇ ਮੌਕੇ ਮਿਲਣਗੇ ਅਤੇ ਦੋਵਾਂ ਦੇਸ਼ਾਂ ਦੇ ਲੋਕ ਇੱਕ ਦੂਜੇ ਨਾਲ ਜੁੜ ਜਾਣਗੇ। ਤਰਨਜੀਤ ਸਿੰਘ ਸੰਧੂ ਨੂੰ ਨਵੰਬਰ, 2023 ਵਿਚ ਰਾਜਦੂਤ ਵਜੋਂ ਆਪਣੇ ਕਾਰਜਕਾਲ ਦੌਰਾਨ ਸਿਆਟਲ, ਯੂ.ਐੱਸ.ਏ. ਵਿਚ ਭਾਰਤੀ ਕੌਂਸਲੇਟ ਖੋਲ੍ਹਣ ਦਾ ਸਨਮਾਨ ਪ੍ਰਾਪਤ ਹੋਇਆ ਸੀ। ਇੱਥੇ ਕੌਂਸਲੇਟ ਖੋਲ੍ਹਣ ਦਾ ਫੈਸਲਾ ਸੱਤ ਸਾਲ ਪਹਿਲਾਂ 2016 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਤਤਕਾਲੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਲਿਆ ਸੀ। ਸੰਯੁਕਤ ਰਾਜ ਅਮਰੀਕਾ ਦੋਵਾਂ ਦੇਸ਼ਾਂ ਵਿਚ ਨਵੇਂ ਕੌਂਸਲੇਟ ਖੋਲ੍ਹਣ ਦੀ ਪਰਸਪਰ ਯੋਜਨਾ ਦੇ ਹਿੱਸੇ ਵਜੋਂ ਭਾਰਤ ਵਿਚ ਦੋ ਨਵੇਂ ਕੌਂਸਲੇਟ ਖੋਲ੍ਹਣ ਜਾ ਰਿਹਾ ਹੈ। ਇਸ ਤੋਂ ਪਹਿਲਾਂ ਰਾਜਦੂਤ ਸੰਧੂ ਨੂੰ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ 1992 ਵਿਚ ਯੂਕਰੇਨ ਦੀ ਰਾਜਧਾਨੀ ਕੀਵ ਵਿਚ ਭਾਰਤੀ ਦੂਤਘਰ ਖੋਲ੍ਹਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਸੰਧੂ ਨੇ ਵਿਦੇਸ਼ ਮੰਤਰੀ ਡਾ. ਜੈਸ਼ੰਕਰ ਨਾਲ ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਕਾਰਗੋ ਸੇਵਾਵਾਂ ਸ਼ੁਰੂ ਕਰਨ ਅਤੇ ਦੇਸ਼-ਵਿਦੇਸ਼ ਨਾਲ ਹਵਾਈ ਸੰਪਰਕ ਵਧਾਉਣ ਬਾਰੇ ਵੀ ਚਰਚਾ ਕੀਤੀ।



# ਚੋਣ ਕਮਿਸ਼ਨ ਵੱਲੋਂ ਲੋਕ ਸਭਾ ਦੀਆਂ 543 ਸੀਟਾਂ ਲਈ ਚੋਣਾਂ ਦਾ ਐਲਾਨ

- 7 ਗੇੜਾਂ 'ਚ ਹੋਣਗੀਆਂ ਲੋਕ ਸਭਾ ਚੋਣਾਂ
- 19 ਅਪ੍ਰੈਲ ਨੂੰ ਪੈਣਗੀਆਂ ਪਹਿਲੇ ਗੇੜ ਲਈ ਵੋਟਾਂ
- 1 ਜੂਨ ਨੂੰ ਪੰਜਾਬ 'ਚ ਹੋਵੇਗੀ ਵੋਟਿੰਗ
- 4 ਜੂਨ ਨੂੰ ਆਉਣਗੇ ਨਤੀਜੇ




ਨਵੀਂ ਦਿੱਲੀ, (ਪੰਜਾਬ ਮੇਲ)- ਭਾਰਤ ਦੇ ਚੋਣ ਕਮਿਸ਼ਨ ਨੇ ਦੇਸ਼ ਦੀਆਂ 543 ਲੋਕ ਸਭਾ ਸੀਟਾਂ ਲਈ 7 ਗੇੜ 'ਚ ਹੋਣ ਵਾਲੀਆਂ ਚੋਣਾਂ ਦਾ ਐਲਾਨ ਕਰ ਦਿੱਤਾ। 19 ਅਪ੍ਰੈਲ ਨੂੰ ਪਹਿਲੇ ਗੇੜ ਦੀਆਂ ਵੋਟਾਂ ਪੈਣਗੀਆਂ। ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ। 26 ਅਪ੍ਰੈਲ ਨੂੰ ਦੂਜੇ ਗੇੜ ਲਈ ਵੋਟਾਂ ਪੈਣਗੀਆਂ। 7, 13 ਤੇ 20 ਤੇ 25 ਮਈ ਤੇ ਪਹਿਲੀ ਜੂਨ ਨੂੰ ਕ੍ਰਮਵਾਰ ਤੀਜੇ, ਚੌਥੇ, ਪੰਜਵੇਂ, ਛੇਵੇਂ ਤੇ ਸੱਤਵੇਂ ਗੇੜ ਲਈ ਵੋਟਾਂ ਪੈਣਗੀਆਂ। ਪੰਜਾਬ 'ਚ ਲੋਕ ਸਭਾ ਚੋਣਾਂ ਦੇ ਆਖਰੀ ਗੇੜ 'ਚ ਵੋਟਾਂ ਪੈਣਗੀਆਂ। ਇਸ ਦੇ ਨਾਲ 4 ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦਾ ਵੀ ਐਲਾਨ ਕੀਤਾ। ਸਿੱਕਮ, ਉੜੀਸਾ, ਅਰੁਣਾਚਲ ਪ੍ਰਦੇਸ਼ ਤੇ ਆਂਧਰਾ ਪ੍ਰਦੇਸ਼ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਚੋਣਾਂ ਦਾ ਐਲਾਨ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਕੀਤਾ। ਦੇਸ਼ 'ਚ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਦੇਸ਼ ਵਿਚ ਕਰੀਬ 97 ਕਰੋੜ ਰਜਿਸਟਰਡ ਵੋਟਰ ਹਨ। ਇਨ੍ਹਾਂ 'ਚ 47.1 ਕਰੋੜ ਮਹਿਲਾ ਵੋਟਰ ਹਨ। 10.5 ਲੱਖ ਤੋਂ ਵੱਧ ਪੋਲਿੰਗ ਸਟੇਸ਼ਨ ਹਨ। 55 ਲੱਖ ਈ.ਵੀ.ਐੱਮ. ਦੀ ਹੋਵੇਗੀ ਵਰਤੋਂ। ਚੋਣ ਤਰੀਕਾਂ ਦੇ ਐਲਾਨ ਦੌਰਾਨ ਮੁੱਖ ਚੋਣ ਕਮਿਸ਼ਨਰ ਨੇ ਕਈ ਸ਼ੇਅਰ ਵੀ ਸੁਣਾਏ।

ਪਹਿਲੇ ਗੇੜ ਲਈ 102 ਸੀਟਾਂ, ਦੂਜੇ ਗੇੜ 'ਚ 89 ਸੀਟਾਂ, ਤੀਜੇ ਗੇੜ 'ਚ 94 ਸੀਟਾਂ, ਚੌਥੇ ਗੇੜ 'ਚ 96 ਸੀਟਾਂ, ਪੰਜਵੇਂ ਗੇੜ 'ਚ 49 ਸੀਟਾਂ, ਛੇਵੇਂ ਗੇੜ 'ਚ 57 ਸੀਟਾਂ ਤੇ ਸੱਤਵੇਂ ਗੇੜ 'ਚ 57 ਸੀਟਾਂ 'ਤੇ ਵੋਟਾਂ ਪੈਣਗੀਆਂ। ਅਰੁਣਾਚਲ ਪ੍ਰਦੇਸ਼ ਵਿਧਾਨ ਸਭਾ ਦੀਆਂ 60 ਤੇ ਸਿੱਕਮ ਦੀਆਂ 32 ਸੀਟਾਂ ਲਈ 19 ਅਪਰੈਲ ਨੂੰ ਵੋਟਾਂ ਪੈਣਗੀਆਂ। ਆਂਧਰਾ ਪ੍ਰਦੇਸ਼ 'ਚ 13 ਮਈ ਨੂੰ ਵੋਟਾਂ ਪੈਣਗੀਆਂ। ਉੜੀਸਾ ਵਿਧਾਨ ਸਭਾ ਦੀਆਂ ਚੋਣਾਂ ਚਾਰ ਪੜਾਵਾਂ ਵਿਚ 13, 20 , 25 ਮਈ ਅਤੇ 1 ਜੂਨ ਨੂੰ ਹੋਣਗੀਆਂ। 26 ਵਿਧਾਨ ਸਭਾ ਹਲਕਿਆਂ ਲਈ ਜ਼ਿਮਨੀ ਚੋਣਾਂ ਵੀ ਕਰਵਾਈਆਂ ਜਾਣਗੀਆਂ।

## ਪਹਿਲਾਂ ਉਮੀਦਵਾਰਾਂ ਦੇ ਨਾਂ ਵਾਲੇ ਡੱਬਿਆਂ 'ਚ ਪਰਚੀ ਪਾ ਕੇ ਪੈਂਦੀ ਸੀ ਵੋਟ !

- 1980 ਦੇ ਆਸ-ਪਾਸ ਮੋਹਰ ਲਾ ਕੇ ਵੋਟ ਪਾਉਣ ਦਾ ਰਿਵਾਜ਼ ਹੋਇਆ ਸ਼ੁਰੂ

ਲੁਧਿਆਣਾ, (ਪੰਜਾਬ ਮੇਲ)- ਇਕ ਸਮਾਂ ਅਜਿਹਾ ਸੀ, ਜਦੋਂ ਚੋਣਾਂ ਵੇਲੇ ਟੇਬਲਾਂ 'ਤੇ ਉਮੀਦਵਾਰਾਂ ਦੇ ਨਾਂ ਵਾਲੇ ਡੱਬੇ ਹੁੰਦੇ ਸਨ ਅਤੇ ਉਨ੍ਹਾਂ 'ਚ ਪਰਚੀ ਪਾਉਣੀ ਹੁੰਦੀ ਸੀ ਪਰ ਹੁਣ ਸਮਾਂ ਬਹੁਤ ਬਦਲ ਚੁੱਕਾ ਹੈ ਅਤੇ ਈ.ਵੀ.ਐੱਮ. ਦਾ ਜ਼ਮਾਨਾ ਆ ਗਿਆ ਹੈ। ਆਜ਼ਾਦੀ ਤੋਂ ਬਾਅਦ 1962 'ਚ ਪਹਿਲੀ ਵਾਰ ਵੋਟ ਪਾਉਣ ਵਾਲੇ 82 ਸਾਲਾ ਕਾਰੋਬਾਰੀ ਜਸਵੰਤ ਸਿੰਘ ਦੱਸਦੇ ਹਨ ਕਿ ਉਸ ਸਮੇਂ ਉਨ੍ਹਾਂ ਨੂੰ ਇਕ ਹੀ ਪਰਚੀ ਦਿੱਤੀ ਜਾਂਦੀ ਸੀ। ਜੇਕਰ 5 ਉਮੀਦਵਾਰ ਮੈਦਾਨ 'ਚ ਹੁੰਦੇ ਸਨ, ਤਾਂ ਉਨ੍ਹਾਂ ਦੇ ਨਾਂ ਦੇ ਡੱਬੇ ਰੱਖੇ ਹੁੰਦੇ ਸਨ।

ਉਨ੍ਹਾਂ ਡੱਬਿਆਂ 'ਚ ਆਪਣੇ ਪਸੰਦ ਦਾ ਉਮੀਦਵਾਰ ਦੇਖ ਕੇ ਪਰਚੀ ਪਾਉਣੀ ਪੈਂਦੀ ਸੀ। ਕਈ ਲੋਕ ਤਾਂ ਪਰਚੀ ਪਾਉਣ ਤੋਂ ਬਾਅਦ ਮੱਥਾ ਤੱਕ ਵੀ ਟੇਕ ਦਿੰਦੇ ਸਨ। ਉਨ੍ਹਾਂ ਨੇ ਦੱਸਿਆ ਕਿ ਉਸ ਵੇਲੇ 60 ਫ਼ੀਸਦੀ ਲੋਕਾਂ ਨੂੰ ਵੋਟਾਂ ਬਾਰੇ ਕੁੱਝ ਪਤਾ ਹੀ ਨਹੀਂ ਹੁੰਦਾ ਸੀ ਅਤੇ ਜਿਹੜੇ ਉਮੀਦਵਾਰਾਂ ਨਾਲ ਉਨ੍ਹਾਂ ਦੀ ਜਾਣ-ਪਛਾਣ ਹੁੰਦੀ ਸੀ, ਉਹ ਉਸ ਨੂੰ ਹੀ ਵੋਟ ਪਾ ਦਿੰਦੇ ਸਨ। 1970 ਤੋਂ ਬਾਅਦ ਵਿਧਾਨ ਸਭਾ ਚੋਣਾਂ 'ਚ ਜਲਸੇ ਹੋਣੇ ਸ਼ੁਰੂ ਹੋ ਗਏ ਸਨ। ਉਸ ਸਮੇਂ ਲੋਕਾਂ ਨੂੰ ਪੋਲਿੰਗ ਏਜੰਟ ਦੀ ਅਹਿਮੀਅਤ ਦਾ ਪਤਾ ਲੱਗਿਆ।

ਜਸਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਖ਼ੁਦ ਕਾਂਗਰਸ ਦੇ ਕਪੂਰ ਸਾਹਿਬ ਅਤੇ ਅਕਾਲੀ ਦਲ ਦੇ ਅਮਰਜੀਤ ਸਿੰਘ ਭਾਟੀਆ ਦੇ ਪੋਲਿੰਗ ਏਜੰਟ ਦੀ ਭੂਮਿਕਾ ਨਿਭਾਈ ਹੈ। ਉਸ ਵੇਲੇ ਆਗੂਆਂ 'ਚ ਕਿਸੇ ਤਰ੍ਹਾਂ ਦਾ ਵੈਰ ਨਹੀਂ ਹੁੰਦਾ ਸੀ। ਸਾਰੇ ਇਕੱਠੇ ਬੈਠ ਕੇ ਚਾਹ-ਨਾਸ਼ਤਾ ਕਰਦੇ ਸਨ। 1980 ਦੇ ਆਸ-ਪਾਸ ਮੋਹਰ ਲਾ ਕੇ ਵੋਟ ਪਾਉਣ ਦਾ ਰਿਵਾਜ਼ ਸ਼ੁਰੂ ਹੋਇਆ। ਉਸ ਸਮੇਂ ਵੀ ਠੱਗੀ ਹੁੰਦੀ ਸੀ ਪਰ ਜ਼ਿਆਦਾਤਰ ਲੋਕਾਂ ਨੂੰ ਇਸ ਬਾਰੇ ਪਤਾ ਨਹੀਂ ਸੀ।

ਜਸਵੰਤ ਸਿੰਘ ਦੱਸਦੇ ਹਨ ਕਿ ਉਸ ਵੇਲੇ ਬਿਰਾਦਰੀ ਅਤੇ ਭਾਈਚਾਰੇ ਤੋਂ ਜ਼ਿਆਦਾ ਵੋਟਾਂ ਮਿਲਦੀਆਂ ਸਨ। ਆਟਾ-ਦਾਰੂ ਨਾਂ ਦੇ ਬਰਾਬਰ ਵੰਡੀ ਜਾਂਦੀ ਸੀ ਅਤੇ ਉਮੀਦਵਾਰ ਜ਼ਿਆਦਾ ਖ਼ਰਚਾ ਵੀ ਨਹੀਂ ਕਰਦੇ ਸਨ ਪਰ ਅੱਜ ਦੇ ਜ਼ਮਾਨੇ 'ਚ ਜਿੱਥੇ ਲੋਕਾਂ ਨੂੰ ਪੂਰੀ ਸਮਝ ਹੈ, ਉੱਥੇ ਹੀ ਉਮੀਦਵਾਰ ਵੀ ਵੋਟਰਾਂ ਨੂੰ ਲੁਭਾਉਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਅਪਨਾ ਰਹੇ ਹਨ।

## ਲੋਕ ਸਭਾ ਚੋਣਾਂ: ਚੋਣ ਕਮਿਸ਼ਨ ਵੱਲੋਂ ਸਕੂਲ ਗਰਾਊਂਡਾਂ 'ਚ ਸਿਆਸੀ ਰੈਲੀਆਂ ਕਰਨ 'ਤੇ ਰੋਕ

ਚੰਡੀਗੜ੍ਹ, (ਪੰਜਾਬ ਮੇਲ)- ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਤੇ ਹਰਿਆਣਾ 'ਚ ਸਿਆਸੀ ਪਾਰਟੀਆਂ ਸਕੂਲ ਗਰਾਊਡਾਂ ਦੀ ਵਰਤੋਂ ਰੈਲੀਆਂ ਅਤੇ ਜਲਸੇ ਆਦਿ ਲਈ ਨਹੀਂ ਕਰ ਸਕਣਗੀਆਂ।

ਪਹਿਲਾਂ ਵੱਖ-ਵੱਖ ਸਿਆਸੀ ਪਾਰਟੀਆਂ ਚੋਣਾਂ ਨੇੜੇ ਰੈਲੀਆਂ ਲਈ ਸਕੂਲਾਂ ਦੇ ਗਰਾਊਂਡ ਦੀ ਵਰਤੋਂ ਕਰਦੀਆਂ ਰਹੀਆਂ ਹਨ, ਜਿਸ ਦਾ ਕਾਫ਼ੀ ਵਿਰੋਧ ਵੀ ਕੀਤਾ ਜਾਂਦਾ ਸੀ ਕਿਉਂਕਿ ਇਸ ਨਾਲ ਸਕੂਲ 'ਚ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਸੀ।

ਕਈ ਵਾਰ ਸਕੂਲ ਗਰਾਊਂਡਾਂ 'ਚ ਰੈਲੀ ਕਾਰਨ ਵਿਦਿਆਰਥੀਆਂ ਨੂੰ ਛੁੱਟੀ ਵੀ ਕਰਨੀ ਪੈਂਦੀ ਸੀ। ਇਸ ਨਾਲ ਉਨ੍ਹਾਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਸੀ। ਇਸ ਲਈ ਸਕੂਲ 'ਚ ਸਿਆਸੀ ਪਾਰਟੀਆਂ ਦੇ ਪ੍ਰੋਗਰਾਮਾਂ ਦਾ ਵਿਰੋਧ ਕੀਤਾ ਜਾਂਦਾ ਸੀ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਕਿਹਾ ਕਿ ਕੋਈ ਵੀ ਸਿਆਸੀ ਪਾਰਟੀ ਸਕੂਲ ਗਰਾਊਂਡਾਂ 'ਚ ਰੈਲੀ ਤੇ ਜਲਸੇ ਆਦਿ ਨਹੀਂ ਕਰ ਸਕੇਗੀ।

## ਚੋਣ ਬਾਂਡ ਸਬੰਧੀ ਸਾਰੇ ਵੇਰਵਿਆਂ ਦਾ ਖ਼ੁਲਾਸਾ ਕਰੇ ਐੱਸ.ਬੀ. ਆਈ. : ਸੁਪਰੀਮ ਕੋਰਟ

ਨਵੀਂ ਦਿੱਲੀ, (ਪੰਜਾਬ ਮੇਲ)- ਸੁਪਰੀਮ ਕੋਰਟ ਨੇ ਕਿਹਾ ਕਿ ਭਾਰਤੀ ਸਟੇਟ ਬੈਂਕ (ਐੱਸ.ਬੀ.ਆਈ.) ਚੋਣਵੀਂ ਪਹੁੰਚ ਨਹੀਂ ਅਪਣਾ ਸਕਦਾ ਅਤੇ ਉਸ ਨੂੰ ਚੋਣ ਬਾਂਡਾਂ ਬਾਰੇ ਸਾਰੀਆਂ ਸੰਭਵ ਜਾਣਕਾਰੀਆਂ ਦਾ ਖ਼ੁਲਾਸਾ ਕਰਨਾ ਹੋਵੇਗਾ, ਜਿਸ ਵਿਚ ਵਿਲੱਖਣ ਬਾਂਡ ਨੰਬਰ ਸ਼ਾਮਲ ਹਨ, ਜਿਸ ਨਾਲ ਖਰੀਦਦਾਰ ਅਤੇ ਪ੍ਰਾਪਤਕਰਤਾ ਸਿਆਸੀ ਪਾਰਟੀਆਂ ਦੇ ਆਪਸੀ ਸਬੰਧਾਂ ਦਾ ਖ਼ੁਲਾਸਾ ਹੋਵੇਗਾ। ਭਾਰਤ ਦੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਪੰਜ ਜੱਜਾਂ ਦੀ ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਚੋਣ ਬਾਂਡ ਮਾਮਲੇ ਵਿਚ ਆਪਣੇ ਫੈਸਲੇ ਵਿਚ ਬੈਂਕ ਨੂੰ ਬਾਂਡਾਂ ਦੇ ਸਾਰੇ ਵੇਰਵਿਆਂ ਦਾ ਖ਼ੁਲਾਸਾ ਕਰਨ ਲਈ ਕਿਹਾ ਸੀ ਅਤੇ ਉਸ ਇਸ ਸਬੰਧੀ ਹੋਰ ਹੁਕਮਾਂ ਦੀ ਉਡੀਕ ਨਹੀਂ ਕਰਨੀ ਚਾਹੀਦੀ। ਬੈਂਚ ਵਿਚ ਜਸਟਿਸ ਸੰਜੀਵ ਖੰਨਾ, ਜਸਟਿਸ ਬੀ.ਆਰ. ਗਵਈ, ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਹਨ।

## ਲੋਕ ਸਭਾ ਚੋਣਾਂ: ਨਵੇਂ ਵਿਕਾਸ ਕਾਰਜਾਂ 'ਤੇ ਚੋਣ ਨਤੀਜਿਆਂ ਤੱਕ ਲੱਗੀ ਰੋਕ

- ਚੋਣ ਕਮਿਸ਼ਨ ਨੇ ਮੰਗੀ ਰਿਪੋਰਟ

ਲੁਧਿਆਣਾ, (ਪੰਜਾਬ ਮੇਲ)- ਲੋਕ ਸਭਾ ਚੋਣਾਂ ਲਈ ਕੋਡ ਆਫ ਕੰਡਕਟ ਲਾਗੂ ਹੋਣ ਤੋਂ ਬਾਅਦ ਜਿਥੇ ਸੱਤਾਧਾਰੀ ਪਾਰਟੀ ਦੇ ਨੇਤਾਵਾਂ ਵਲੋਂ ਵਿਕਾਸ ਕੰਮਾਂ ਦੇ ਉਦਘਾਟਨ ਕਰਨ ਜਾਂ ਨੀਂਹ ਪੱਥਰ ਰੱਖਣ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਬ੍ਰੇਕ ਲੱਗ ਗਈ ਹੈ, ਉਥੇ ਨਵੇਂ ਵਿਕਾਸ ਕੰਮ ਸ਼ੁਰੂ ਕਰਨ 'ਤੇ ਵੀ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੱਕ ਰੋਕ ਲਗਾ ਦਿੱਤੀ ਗਈ ਹੈ।

ਇਸ ਸਬੰਧੀ ਚੋਣ ਕਮਿਸ਼ਨ ਵਲੋਂ ਜ਼ਿਲਾ ਪ੍ਰਸ਼ਾਸਨ ਦੇ ਜ਼ਰੀਏ ਨਗਰ ਨਿਗਮ, ਨਗਰ ਸੁਧਾਰ ਟਰੱਸਟ, ਪੀ.ਡਬਲਯੂ.ਡੀ., ਗਲਾਡਾ ਤੇ ਡਿਵੈਲਪਮੈਂਟ ਨਾਲ ਸਬੰਧਤ ਹੋਰਨਾਂ ਵਿਭਾਗਾਂ ਤੋਂ 72 ਘੰਟਿਆਂ ਅੰਦਰ ਰਿਪੋਰਟ ਮੰਗੀ ਗਈ ਹੈ। ਇਸ ਲਿਸਟ 'ਚ ਉਨ੍ਹਾਂ ਵਿਕਾਸ ਕੰਮਾਂ ਦਾ ਬਿਓਰਾ ਦਰਜ ਕਰਨਾ ਹੋਵੇਗਾ, ਜੋ ਗਰਾਊਂਡ 'ਤੇ ਸ਼ੁਰੂ ਹੋ ਚੁੱਕੇ ਹਨ। ਇਸ ਤੋਂ ਇਲਾਵਾ ਉਹ ਵਿਕਾਸ ਕੰਮ, ਜਿਨ੍ਹਾਂ ਦੇ ਚਾਹੇ ਵਰਕ ਆਰਡਰ ਜਾਰੀ ਹੋ ਗਏ ਹਨ ਪਰ ਸਾਈਟ 'ਤੇ ਕੋਈ ਪ੍ਰੋਗਰੈੱਸ ਨਹੀਂ ਹੋਈ, ਉਨ੍ਹਾਂ ਵਿਕਾਸ ਕੰਮਾਂ ਨੂੰ ਸ਼ੁਰੂ ਕਰਨ ਲਈ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੱਕ ਇੰਤਜ਼ਾਰ ਕਰਨਾ ਪਵੇਗਾ। ਇਸੇ ਤਰ੍ਹਾਂ ਕੋਡ ਆਫ ਕੰਡਕਟ ਖ਼ਤਮ ਹੋਣ ਤੱਕ ਨਵੇਂ ਵਿਕਾਸ ਕੰਮਾਂ ਲਈ ਟੈਂਡਰ ਲਗਾਉਣ ਜਾਂ ਵਰਕ ਆਰਡਰ ਜਾਰੀ ਕਰਨ ਦੀ ਪ੍ਰਕਿਰਿਆ 'ਤੇ ਵੀ ਰੋਕ ਲਗਾ ਦਿੱਤੀ ਗਈ ਹੈ। ਲੋਕ ਸਭਾ ਚੋਣਾਂ ਦੇ ਨਤੀਜਿਆਂ ਤੱਕ ਪੰਜਾਬ 'ਚ ਸਰਕਾਰੀ ਯੋਜਨਾਵਾਂ ਦਾ ਪ੍ਰਚਾਰ ਕਰਨ ਲਈ ਯੂਨੀਪੋਲ 'ਤੇ ਲੱਗੇ ਹੋਏ ਸੀ.ਐੱਮ. ਦੀ ਫੋਟੋ ਵਾਲੇ ਹੋਰਡਿੰਗ ਹਟਾ ਦਿੱਤੇ ਗਏ ਹਨ। ਇਸੇ ਤਰ੍ਹਾਂ ਆਮ ਆਦਮੀ ਕਲੀਨਿਕ 'ਤੇ ਲੱਗੀ ਸੀ.ਐੱਮ. ਦੀ ਫੋਟੋ 'ਤੇ ਪਰਦਾ ਪਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਸਰਕਾਰੀ ਵਿਭਾਗਾਂ ਦੇ ਦਫ਼ਤਰਾਂ ਤੋਂ ਵੀ ਸੀ.ਐੱਮ. ਦੀ ਫੋਟੋ ਹਟੇਗੀ, ਜਿਸ 'ਚ ਮੁੱਖ ਰੂਪ 'ਚ ਪੰਜਾਬ ਸਰਕਾਰ ਦੇ ਕੈਲੰਡਰ ਸ਼ਾਮਲ ਹਨ।

ਲੋਕ ਸਭਾ ਚੋਣਾਂ ਲਈ ਕੋਡ ਆਫ ਕੰਡਕਟ ਲਾਗੂ ਹੋਣ ਤੋਂ ਬਾਅਦ ਸਭ ਤੋਂ ਵੱਧ ਅਸਰ ਮੰਤਰੀਆਂ, ਵਿਧਾਇਕਾਂ, ਚੇਅਰਮੈਨਾਂ ਦੀ ਵਰਕਿੰਗ 'ਤੇ ਦੇਖਣ ਨੂੰ ਮਿਲ ਰਿਹਾ ਹੈ, ਜਿਸ ਦੇ ਤਹਿਤ ਉਹ ਵਿਕਾਸ ਕੰਮਾਂ ਦੇ ਉਦਘਾਟਨ ਕਰਨ ਜਾਂ ਨੀਂਹ ਪੱਥਰ ਨਾ ਰੱਖਣ ਤੋਂ ਇਲਾਵਾ ਕਿਸੇ ਸਰਕਾਰੀ ਸਮਾਗਮ ਜਾਂ ਮੀਟਿੰਗ 'ਚ ਹਿੱਸਾ ਨਹੀਂ ਲੈ ਸਕਦੇ ਤੇ ਨਾ ਹੀ ਅਧਿਕਾਰੀਆਂ ਨੂੰ ਆਪਣੇ ਕੋਲ ਬੁਲਾ ਸਕਦੇ ਹਨ। ਇਸ ਤੋਂ ਇਲਾਵਾ ਉਕਤ ਮੰਤਰੀਆਂ, ਸੰਸਦ ਮੈਂਬਰਾਂ, ਵਿਧਾਇਕਾਂ, ਚੇਅਰਮੈਨਾਂ ਨੂੰ ਸਰਕਾਰ ਵਲੋਂ ਮਿਲੀਆਂ ਹੋਈਆਂ ਗੱਡੀਆਂ ਵੀ ਵਾਪਸ ਕਰਨੀਆ ਪੈਣਗੀਆਂ। ਹਾਲਾਂਕਿ ਸੁਰੱਖਿਆ ਮੁਲਾਜ਼ਮਾਂ ਲਈ ਦਿੱਤੀਆਂ ਗਈਆਂ ਗੱਡੀਆਂ ਉਕਤ ਨੇਤਾਵਾਂ ਦੇ ਕੋਲ ਬਰਕਰਾਰ ਰਹਿਣਗੀਆਂ ਪਰ ਸਿਆਸੀ ਗਤੀਵਿਧੀਆਂ 'ਚ ਸ਼ਾਮਲ ਹੋਣ ਲਈ ਉਕਤ ਨੇਤਾਵਾਂ ਨੂੰ ਨਿੱਜੀ ਵਾਹਨਾਂ ਦੀ ਵਰਤੋਂ ਕਰਨੀ ਪਵੇਗੀ।

MATRIMONIAL

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

MATRIMONIAL

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

MATRIMONIAL

Lovepreet Singh Gill, 26 yrs old, 5'11". US citizen, own small trucking company, living in Sacramento CA

MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ; ਚੋਣ ਪ੍ਰਕਿਰਿਆ ਬਾਰੇ ਕਰਵਾਇਆ ਜਾਣੂ

■ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਨਫ਼ਰਤੀ ਭਾਸ਼ਣ, ਧਾਰਮਿਕ ਜਾਂ ਜਾਤੀ ਆਧਾਰਤ ਵੋਟ ਮੰਗਣ, ਵਿਰੋਧੀਆਂ 'ਤੇ ਨਿੱਜੀ ਹਮਲਿਆਂ ਤੋਂ ਬਚਣਾ ਚਾਹੀਦਾ ਹੈ: ਸਿਬਿਨ ਸੀ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਲੋਕ ਸਭਾ ਚੋਣਾਂ-2024 ਦੇ ਜ਼ਰੂਰੀ ਪਹਿਲੂਆਂ ਤੋਂ ਜਾਣੂੰ ਕਰਵਾਉਣ ਲਈ ਸੂਬੇ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਚੋਣ ਪ੍ਰਕਿਰਿਆ ਦੀ ਵਿਸਤ੍ਰਿਤ ਜਾਣਕਾਰੀ ਤੋਂ ਇਲਾਵਾ ਵੋਟਰਾਂ ਦੀ ਕੁੱਲ ਸੰਖਿਆ (2,12,71,246), ਮਰਦ ਵੋਟਰ (1,11,92,959), ਔਰਤ ਵੋਟਰ (1,00,77,543), ਟਰਾਂਸਜੈਂਡਰ ਵੋਟਰ (744), ਅਪਾਹਜ ਵਿਅਕਤੀ (1,57,257), ਓਵਰਸੀਜ਼ ਵੋਟਰ (1597) ਅਤੇ ਪੋਲਿੰਗ ਸਟੇਸ਼ਨਾਂ ਦੀ ਗਿਣਤੀ (24,433) ਵਰਗੇ ਮੁੱਖ ਅੰਕੜਿਆਂ ਨੂੰ ਉਜਾਗਰ ਕੀਤਾ।

ਇਸਦੇ ਨਾਲ ਹੀ ਉਨ੍ਹਾਂ ਅਪਾਹਜ ਵੋਟਰਾਂ ਅਤੇ 85 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਘਰ ਤੋਂ ਵੋਟ ਪਾਉਣ ਦੀ ਚੋਣ ਕਰਨ ਦੇ ਅਧਿਕਾਰ ਬਾਰੇ ਦੱਸਿਆ।

ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈ.ਵੀ.ਐੱਮ.) ਦੀ ਉਪਲਬਧਤਾ ਬਾਰੇ, ਸਿਬਿਨ ਸੀ ਨੇ ਦੱਸਿਆ ਕਿ ਸੂਬੇ ਵਿਚ 150 ਫ਼ੀਸਦੀ ਈ.ਵੀ.ਐੱਮ. ਦੀ ਉਪਲਬਧਤਾ ਹੈ, ਜੋ ਲੋੜ ਤੋਂ 50 ਫ਼ੀਸਦੀ ਵੱਧ ਹੈ। ਇਸ ਤੋਂ ਇਲਾਵਾ, ਉਨ੍ਹਾਂ ਭਰੋਸਾ ਦਿੱਤਾ ਕਿ ਸਾਰੇ ਪੋਲਿੰਗ ਸਟੇਸ਼ਨਾਂ ਨੂੰ ਜ਼ਰੂਰੀ ਸਹੂਲਤਾਂ ਜਿਵੇਂ ਕਿ ਰੈਂਪ, ਪਾਣੀ ਦੀ ਸਪਲਾਈ, ਉਚਿਤ ਰੌਸ਼ਨੀ ਦੇ ਪ੍ਰਬੰਧ ਅਤੇ ਪਖਾਨੇ ਆਦਿ ਨਾਲ ਲੈਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਾਰੇ ਪੋਲਿੰਗ ਸਟੇਸ਼ਨ ਵੋਟਰਾਂ ਦੇ ਪਤੇ ਤੋਂ 2 ਕਿਲੋਮੀਟਰ ਦੇ ਅੰਦਰ ਸੁਵਿਧਾਜਨਕ ਤੌਰ 'ਤੇ ਸਥਿਤ ਹੋਣਗੇ। ਮੁੱਖ ਚੋਣ ਅਧਿਕਾਰੀ ਨੇ ਚੋਣ ਪ੍ਰਕਿਰਿਆ ਦੀਆਂ ਵੱਖ-ਵੱਖ ਗੱਲਾਂ ਬਾਰੇ ਵਿਸਥਾਰ ਨਾਲ ਦੱਸਦਿਆਂ ਲੋਕ ਸਭਾ ਚੋਣਾਂ ਲਈ ਉਮੀਦਵਾਰ ਦੀ ਯੋਗਤਾ, ਅਯੋਗਤਾ ਦੇ ਉਪਬੰਧ (ਸੰਵਿਧਾਨਕ ਅਤੇ ਵਿਧਾਨਕ), ਨਾਮਜ਼ਦਗੀ ਪ੍ਰਕਿਰਿਆਵਾਂ, ਨਾਮਜ਼ਦਗੀਆਂ ਨੂੰ ਰੱਦ ਕਰਨ ਦੇ ਆਧਾਰ ਅਤੇ ਨਾਮਜ਼ਦਗੀਆਂ ਵਾਪਸ ਲੈਣ ਦੇ ਨਿਯਮਾਂ ਦੇ ਨਾਲ-ਨਾਲ ਚੋਣ ਨਿਸ਼ਾਨ ਅਲਾਟਮੈਂਟ ਨਿਯਮਾਂ ਬਾਰੇ ਪੂਰੀ ਜਾਣਕਾਰੀ ਦਿੱਤੀ।

ਇਸ ਦੌਰਾਨ ਸਿਬਿਨ ਸੀ ਨੇ ਆਦਰਸ਼ ਚੋਣ ਜ਼ਾਬਤੇ ਦੇ ਮੁੱਖ ਉਪਬੰਧਾਂ ਦੀ ਰੂਪਰੇਖਾ ਬਾਰੇ ਵੀ ਦੱਸਿਆ। ਉਨ੍ਹਾਂ ਅਪੀਲ ਕੀਤੀ ਕਿ ਰਾਜਨੀਤਿਕ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਨਫ਼ਰਤ ਭਰੇ ਭਾਸ਼ਣ, ਧਾਰਮਿਕ ਜਾਂ ਜਾਤੀ ਅਧਾਰਤ ਵੋਟ ਮੰਗਣ, ਵਿਰੋਧੀਆਂ 'ਤੇ ਨਿੱਜੀ ਹਮਲਿਆਂ ਜਾਂ ਗੈਰ-ਪ੍ਰਮਾਣਿਤ ਰਿਪੋਰਟਾਂ ਦੇ ਆਧਾਰ 'ਤੇ ਆਲੋਚਨਾ ਤੋਂ ਬਚਣਾ ਚਾਹੀਦਾ ਹੈ। ਉਨ੍ਹਾਂ ਮੀਟਿੰਗਾਂ ਅਤੇ ਹੋਰ ਸਮਾਗਮਾਂ ਲਈ ਜ਼ਿਲ੍ਹਾ ਅਧਿਕਾਰੀਆਂ ਤੋਂ ਅਗਾਊਂ ਇਜਾਜ਼ਤ ਲੈਣ ਬਾਰੇ ਵੀ ਕਿਹਾ।

ਮੀਟਿੰਗ ਮੌਕੇ ਸੁਵਿਧਾ ਪੋਰਟਲ ਅਤੇ ਨਾਮਜ਼ਦਗੀ ਪ੍ਰਕਿਰਿਆ ਨੂੰ ਸਰਲ ਬਣਾਉਣ ਅਤੇ ਰਾਜਨੀਤਿਕ ਪਾਰਟੀਆਂ ਲਈ ਵੱਖ-ਵੱਖ ਇਜਾਜ਼ਤਾਂ ਪ੍ਰਾਪਤ ਕਰਨ ਵਿਚ ਇਸਦੀ ਭੂਮਿਕਾ ਬਾਰੇ ਜਾਣਕਾਰੀ ਦਿੱਤੀ ਗਈ। ਸੁਵਿਧਾ ਪੋਰਟਲ ਰਾਹੀਂ ਉਮੀਦਵਾਰ ਆਨਲਾਈਨ ਨਾਮਜ਼ਦਗੀਆਂ ਅਤੇ ਹਲਫੀਆ ਬਿਆਨ ਦਾਖਲ ਕਰ ਸਕਦੇ ਹਨ, ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਰਿਟਰਨਿੰਗ ਅਫਸਰਾਂ ਨਾਲ ਮੀਟਿੰਗਾਂ ਦਾ ਸਮਾਂ ਤੈਅ ਕਰ ਸਕਦੇ ਹਨ ਅਤੇ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾ ਸਕਦੇ ਹਨ।

ਮੀਟਿੰਗ ਵਿਚ ਵਧੀਕ ਮੁੱਖ ਚੋਣ ਅਧਿਕਾਰੀ ਹਰੀਸ਼ ਨਈਅਰ ਤੇ ਅਭਿਜੀਤ ਕਪਲਿਸ਼, ਸੰਯੁਕਤ ਸੀ.ਈ.ਓ. ਸਕੱਤਰ ਸਿੰਘ ਬੱਲ ਅਤੇ ਸੀ.ਈ.ਓ. ਦਫ਼ਤਰ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਲੋਕ ਸਭਾ ਚੋਣਾਂ: ਮੱਧ ਪ੍ਰਦੇਸ਼ 'ਚ 85 ਸਾਲ ਤੋਂ ਵੱਧ ਉਮਰ ਦੇ 2,89,503 ਬਜ਼ੁਰਗ ਘਰੋਂ ਪਾ ਸਕਣਗੇ ਵੋਟ

**ਭੋਪਾਲ, (ਪੰਜਾਬ ਮੇਲ)-** ਮੱਧ ਪ੍ਰਦੇਸ਼ ਦੇ ਮੁੱਖ ਚੋਣ ਅਧਿਕਾਰੀ ਅਨੁਪਮ ਰਾਜਨ ਨੇ ਮੰਗਲਵਾਰ ਨੂੰ ਕਿਹਾ ਕਿ 85 ਸਾਲ ਤੋਂ ਵੱਧ ਉਮਰ ਦੇ ਲੋਕਾਂ ਕੋਲ ਹੁਣ ਘਰ ਬੈਠੇ ਹੀ ਆਪਣੀ ਵੋਟ ਪਾਉਣ ਦਾ ਵਿਕਲਪ ਹੋਵੇਗਾ। ਵੋਟਾਂ ਦੀ ਗਿਣਤੀ ਬਾਰੇ ਵੇਰਵੇ ਦਿੰਦਿਆਂ ਉਨ੍ਹਾਂ ਕਿਹਾ, "ਮੱਧ ਪ੍ਰਦੇਸ਼ ਵਿੱਚ ਕੁੱਲ ਵੋਟਰਾਂ ਦੀ ਗਿਣਤੀ 5,64,76,110 ਹੈ, ਜਿਸ ਵਿਚ 2.90 ਕਰੋੜ ਪੁਰਸ਼ ਅਤੇ 2.74 ਕਰੋੜ ਔਰਤਾਂ ਸ਼ਾਮਲ ਹਨ।" ਉਥੇ ਹੀ 18 ਤੋਂ 19 ਉਮਰ ਸਮੂਹ ਵਿਚ ਨਵੇਂ ਵੋਟਰਾਂ ਦੀ ਗਿਣਤੀ 16,49,641, ਜਦੋਂਕਿ ਸੂਬੇ ਵਿਚ 85 ਸਾਲ ਤੋਂ ਵੱਧ ਉਮਰ ਦੇ 2,89,503 ਵੋਟਰ ਹਨ।

ਉਨ੍ਹਾਂ ਕਿਹਾ ਕਿ ਵੋਟਰ ਸੂਚੀ ਵਿਚ ਨਾਮ ਸ਼ਾਮਲ ਕਰਨ ਦਾ ਕੰਮ ਨਾਮਜ਼ਦਗੀ ਭਰਨ ਤੋਂ 10 ਦਿਨ ਪਹਿਲਾਂ ਤੱਕ ਜਾਰੀ ਰਹੇਗਾ। ਇਸ ਤੋਂ ਪਹਿਲਾਂ, ਚੋਣ ਕਮਿਸ਼ਨ ਨੇ ਪਹਿਲੀ ਵਾਰ ਲੋਕ ਸਭਾ ਚੋਣਾਂ ਲਈ 85 ਸਾਲ ਤੋਂ ਵੱਧ ਉਮਰ ਦੇ ਨਾਗਰਿਕਾਂ ਅਤੇ ਦਿਵਿਆਂਗ ਵਿਅਕਤੀਆਂ ਲਈ 'ਘਰ-ਘਰ ਵੋਟ' ਸਹੂਲਤ ਦਾ ਐਲਾਨ ਕੀਤਾ ਸੀ। ਕਮਿਸ਼ਨ ਨੇ ਕਿਹਾ ਕਿ 85 ਸਾਲ ਤੋਂ ਵੱਧ ਉਮਰ ਦੇ ਵੋਟਰ ਅਤੇ 40 ਫੀਸਦੀ ਬੈਂਚਮਾਰਕ ਦਿਵਿਆਂਗ ਵਿਅਕਤੀ ਘਰ ਬੈਠੇ ਹੀ ਵੋਟ ਪਾ ਸਕਦੇ ਹਨ। ਕਮਿਸ਼ਨ ਨੇ ਕਿਹਾ ਕਿ ਪੋਲਿੰਗ ਸਟੇਸ਼ਨਾਂ 'ਤੇ ਵਲੰਟੀਅਰ ਅਤੇ ਵ੍ਹੀਲਚੇਅਰਾਂ ਨੂੰ ਤਾਇਨਾਤ ਕੀਤਾ ਜਾਵੇਗਾ ਅਤੇ ਦਿਵਿਆਂਗ ਵਿਅਕਤੀਆਂ ਅਤੇ ਬਜ਼ੁਰਗਾਂ ਲਈ ਆਵਾਜਾਈ ਦੀ ਸਹੂਲਤ ਦਾ ਪ੍ਰਬੰਧ ਕੀਤਾ ਜਾਵੇਗਾ।

## ਕਾਂਗਰਸ ਵਰਕਿੰਗ ਕਮੇਟੀ ਨੇ ਖੜਗੇ ਨੂੰ ਦਿੱਤਾ ਚੋਣ ਮੈਨੀਫੈਸਟੋ ਨੂੰ ਮਨਜ਼ੂਰੀ ਦੇਣ ਦਾ ਅਧਿਕਾਰ



**ਨਵੀਂ ਦਿੱਲੀ, (ਪੰਜਾਬ ਮੇਲ)-** ਕਾਂਗਰਸ ਵਰਕਿੰਗ ਕਮੇਟੀ ਨੇ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਲੋਕ ਸਭਾ ਚੋਣਾਂ ਲਈ ਮੈਨੀਫੈਸਟੋ ਨੂੰ ਮਨਜ਼ੂਰੀ ਦੇਣ ਅਤੇ ਇਸ ਦੀ ਰਿਲੀਜ਼ ਦੀ ਤਰੀਕ ਤੈਅ ਕਰਨ ਦਾ ਅਧਿਕਾਰ ਦਿੱਤਾ ਹੈ। ਪਾਰਟੀ ਦਾ ਕਹਿਣਾ ਹੈ ਕਿ ਇਹ ਸਿਰਫ਼ ਚੋਣ ਮੈਨੀਫੈਸਟੋ ਨਹੀਂ ਹੋਵੇਗਾ, ਸਗੋਂ 'ਇਨਸਾਫ਼ ਪੱਤਰ' ਹੋਵੇਗਾ। ਇਸ ਤੋਂ ਪਹਿਲਾਂ ਕਾਂਗਰਸ ਵਰਕਿੰਗ ਕਮੇਟੀ (ਸੀ.ਡਬਲਯੂ.ਸੀ.) ਦੀ ਮੀਟਿੰਗ ਹੋਈ, ਜਿਸ ਵਿਚ ਲੋਕ ਸਭਾ ਚੋਣਾਂ ਲਈ ਪਾਰਟੀ ਦੇ ਚੋਣ ਮਨੋਰਥ ਪੱਤਰ ਨੂੰ ਅੰਤਿਮ ਰੂਪ ਦਿੱਤਾ ਗਿਆ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਪ੍ਰਧਾਨਗੀ ਹੇਠ ਹੋਈ ਬੈਠਕ ਵਿਚ ਪਾਰਟੀ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ, ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ, ਸੰਗਠਨ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ, ਮੈਨੀਫੈਸਟੋ ਕਮੇਟੀ ਦੇ ਮੁਖੀ ਪੀ. ਚਿਦੰਬਰਮ ਅਤੇ ਵਰਕਿੰਗ ਕਮੇਟੀ ਦੇ ਕਈ ਹੋਰ ਮੈਂਬਰ ਸ਼ਾਮਲ ਹੋਏ। ਵਰਕਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਕਾਂਗਰਸ ਦੀ ਕੇਂਦਰੀ ਚੋਣ ਕਮੇਟੀ (ਸੀ.ਈ.ਸੀ.) ਦੀ ਵੀ ਮੀਟਿੰਗ ਹੋਵੇਗੀ, ਜਿਸ ਵਿਚ 19 ਅਪ੍ਰੈਲ ਤੋਂ ਸ਼ੁਰੂ ਹੋਣ ਵਾਲੀਆਂ ਸੱਤ ਗੇੜਾਂ ਵਾਲੀਆਂ ਲੋਕ ਸਭਾ ਚੋਣਾਂ ਲਈ ਪਾਰਟੀ ਦੇ ਬਾਕੀ ਉਮੀਦਵਾਰਾਂ ਦੇ ਨਾਵਾਂ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ।

## ਚੋਣ ਕਮਿਸ਼ਨ ਵੱਲੋਂ ਗੁਜਰਾਤ ਸਣੇ 6 ਰਾਜਾਂ ਦੇ ਗ੍ਰਹਿ ਸਕੱਤਰਾਂ ਤੇ ਪੱਛਮੀ ਬੰਗਾਲ ਦੇ ਪੁਲਿਸ ਮੁਖੀ ਨੂੰ ਹਟਾਉਣ ਦਾ ਹੁਕਮ

**ਨਵੀਂ ਦਿੱਲੀ, (ਪੰਜਾਬ ਮੇਲ)-** ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਕਰਾਉਣ ਲਈ ਭਾਰਤੀ ਚੋਣ ਕਮਿਸ਼ਨ ਨੇ ਗੁਜਰਾਤ, ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਦੇ ਗ੍ਰਹਿ ਸਕੱਤਰਾਂ ਨੂੰ ਹਟਾਉਣ ਦੇ ਆਦੇਸ਼ ਜਾਰੀ ਕੀਤੇ ਹਨ। ਇਸ ਤੋਂ ਇਲਾਵਾ ਮਿਜ਼ੋਰਮ ਅਤੇ ਹਿਮਾਚਲ ਪ੍ਰਦੇਸ਼ ਵਿਚ ਆਮ ਪ੍ਰਸ਼ਾਸਨਿਕ ਵਿਭਾਗ ਦੇ ਸਕੱਤਰ ਨੂੰ ਵੀ ਹਟਾ ਦਿੱਤਾ ਗਿਆ ਹੈ। ਇਸ ਦੇ ਨਾਲ ਪੱਛਮੀ ਬੰਗਾਲ ਦੇ ਪੁਲਿਸ ਮੁਖੀ ਨੂੰ ਵੀ ਹਟਾਉਣ ਦਾ ਹੁਕਮ ਦਿੱਤਾ ਹੈ। ਕਮਿਸ਼ਨ ਨੇ ਬੀ.ਐੱਮ.ਸੀ. ਦੇ ਕਮਿਸ਼ਨਰ ਇਕਬਾਲ ਸਿੰਘ ਚਾਹਲ ਤੇ ਡਿਪਟੀ ਕਮਿਸ਼ਨਰਾਂ ਨੂੰ ਫਾਰਗ ਕਰਨ ਲਈ ਕਿਹਾ ਹੈ।







# ਜਸਟਿਨ ਟਰੂਡੋ ਨਾਲ ਰਿਸ਼ਤਾ ਟੁੱਟਣ ਦੇ ਭੇਤ ਖੁੱਲ੍ਹੇਗੀ ਸੋਫੀ ਗ੍ਰੇਗੋਇਰੇ!

**ਟੋਰਾਂਟੋ, (ਪੰਜਾਬ ਮੇਲ)**- ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਾਬਕਾ ਪਤਨੀ ਸੋਫੀ ਗ੍ਰੇਗੋਇਰੇ ਆਪਣਾ ਰਿਸ਼ਤਾ ਟੁੱਟਣ ਲਈ ਜ਼ਿੰਮੇਵਾਰ ਕਾਰਨਾਂ ਅਤੇ ਹੋਰ ਕਈ ਗੁੱਝੇ ਭੇਤਾਂ ਤੋਂ ਪਰਦਾ ਚੁੱਕਣ ਜਾ ਰਹੀ ਹੈ। ਅਗਲੇ ਮਹੀਨੇ ਰਿਲੀਜ਼ ਹੋਣ ਵਾਲੀ ਕਿਤਾਬ ਦਾ ਜ਼ਿਕਰ ਕਰਦਿਆਂ ਸੋਫੀ ਨੇ ਕਿਹਾ ਕਿ ਕੋਈ ਵੀ ਜੋੜਾ ਬਗੈਰ ਨਫ਼ਰਤ ਅਤੇ ਇਕ ਦੂਜੇ 'ਤੇ ਦੋਸ਼ ਲਾਏ ਬਗੈਰ ਵੀ ਵੱਖ ਹੋ ਸਕਦਾ ਹੈ। ਰਿਪੋਰਟ ਮੁਤਾਬਕ ਸੋਫੀ ਦਾ ਮੰਨਣਾ ਹੈ ਕਿ ਸਭ ਤੋਂ ਦੁਖਦ ਪਲ ਉਹ ਹੁੰਦੇ ਹਨ, ਜਦੋਂ ਜਨਤਕ ਤੌਰ 'ਤੇ ਤੋੜ-ਵਿਛੋੜੇ ਦਾ ਐਲਾਨ ਕੀਤਾ ਜਾਂਦਾ ਹੈ ਪਰ ਹੁਣ ਸਾਨੂੰ ਆਪਣੇ ਫ਼ੈਸਲੇ 'ਤੇ ਅਫਸੋਸ ਨਹੀਂ ਹੋ ਰਿਹਾ।



ਉਨ੍ਹਾਂ ਅੱਗੇ ਕਿਹਾ ਕਿ ਉਹ ਜਸਟਿਨ ਟਰੂਡੋ ਨੂੰ ਮਿਲ ਕੇ ਹੁਣ ਵੀ ਹਾਸਾ ਮਜ਼ਾਕ ਕਰਦੀ ਹੈ। ਸੋਫੀ ਨੇ ਆਖਿਆ ਕਿ ਬਿਨਾਂ ਸ਼ੱਕ ਟਰੂਡੋ ਤੋਂ ਵੱਖ ਹੋਣ ਦਾ ਫ਼ੈਸਲਾ ਕਾਫੀ ਮੁਸ਼ਕਲ ਸੀ ਪਰ ਸੱਚਾਈ ਦਾ ਸਾਹਮਣਾ ਕਰਦਿਆਂ ਸਹੀ ਦੀ ਚੋਣ ਕਰਨੀ ਵੀ ਜ਼ਰੂਰੀ ਹੋ ਗਈ। ਉਨ੍ਹਾਂ ਕਿਹਾ, "ਮੈਂ ਆਪਣੇ ਮਨ ਨਾਲ ਗੱਲਾਂ ਕੀਤੀਆਂ ਅਤੇ ਅੰਤ ਵਿਚ ਸਿੱਟਾ ਇਹੀ ਨਿਕਲਿਆ ਕਿ ਇਥੇ ਕੋਈ ਨਾ ਕੋਈ ਫ਼ੈਸਲਾ ਜ਼ਰੂਰ ਲੈਣਾ ਹੋਵੇਗਾ। ਸਿਰਫ ਐਨਾ ਹੀ ਨਹੀਂ, ਇਸ ਦੀ ਕੀਮਤ ਵੀ ਖ਼ੁਦ ਹੀ ਭੁਗਤਣੀ ਹੋਵੇਗੀ।" ਆਖਰਕਾਰ ਫ਼ੈਸਲਾ ਲੈ ਲਿਆ ਅਤੇ ਹੁਣ ਆਤਮਿਕ ਤਸੱਲੀ ਮਿਲ ਰਹੀ ਹੈ। ਇਕ ਵਾਰ ਮਨ ਕਾਹਲਾ ਜ਼ਰੂਰ ਪਿਆ ਪਰ ਹੁਣ ਸਭ ਠੀਕ ਹੋ ਚੁੱਕਾ ਹੈ। ਜਸਟਿਨ ਟਰੂਡੋ ਨਾਲ ਹਾਸਿਆਂ ਦਾ ਦੌਰ ਭਵਿੱਖ ਵਿਚ ਵੀ ਚੱਲਦਾ ਰਹੇਗਾ। ਇੱਥੇ ਦੱਸਣਾ ਬਣਦਾ ਹੈ ਕਿ ਰਿਸ਼ਤਾ ਟੁੱਟਣ ਦਾ ਐਲਾਨ ਕਰਨ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਸੋਫੀ ਗ੍ਰੇਗੋਇਰੇ ਆਪਣੇ ਬੱਚਿਆਂ ਨਾਲ ਛੁੱਟੀਆਂ ਮਨਾਉਣ ਬੀ.ਸੀ. ਦੇ ਟੌਫੀਨੋ ਗਏ ਸਨ। ਸੋਫੀ ਗ੍ਰੇਗੋਇਰੇ ਦੀ ਕਿਤਾਬ 23 ਅਪ੍ਰੈਲ ਨੂੰ ਬਾਜ਼ਾਰ ਵਿਚ ਆਉਣ ਦੇ ਸੰਕੇਤ ਮਿਲ ਰਹੇ ਹਨ।

# ਕੈਨੇਡੀਅਨ ਸਰਕਾਰ ਟਰੱਕ ਡਰਾਈਵਰਾਂ 'ਤੇ ਹੋਈ ਸਖ਼ਤ; ਨਵਾਂ ਨਿਯਮ ਲਾਗੂ

**ਵੈਨਕੂਵਰ, (ਪੰਜਾਬ ਮੇਲ)**- ਕੈਨੇਡਾ ਵਿਚ ਟਰੱਕ ਡਰਾਈਵਰਾਂ ਲਈ ਨਵਾਂ ਨਿਯਮ ਲਾਗੂ ਕੀਤਾ ਗਿਆ ਹੈ। ਨਵੇਂ ਨਿਯਮ ਮੁਤਾਬਕ ਕੈਨੇਡਾ ਦੇ ਬੀ.ਸੀ. ਵਿਚ ਓਵਰਸਾਈਜ਼ ਲੋਡ ਨਾਲ ਓਵਰਪਾਸ ਭੰਨਣ ਵਾਲੇ ਟਰੱਕ ਡਰਾਈਵਰਾਂ ਨੂੰ ਇਕ ਲੱਖ ਡਾਲਰ ਤੱਕ ਜੁਰਮਾਨਾ ਕਰਨ ਦੀ ਯੋਜਨਾ ਬਣਾਈ ਗਈ ਹੈ, ਜਦਕਿ 18 ਮਹੀਨੇ ਲਈ ਜੇਲ੍ਹ ਵੀ ਭੇਜਿਆ ਜਾ ਸਕਦਾ ਹੈ। ਬੀ.ਸੀ. ਦੇ ਟਰਾਂਸਪੋਰਟੇਸ਼ਨ ਮੰਤਰਾਲੇ ਦਾ ਕਹਿਣਾ ਹੈ ਕਿ ਦਸੰਬਰ 2021 ਤੋਂ ਹੁਣ ਤੱਕ ਟਰੱਕਾਂ ਵਾਲੇ 35 ਓਵਰਪਾਸ ਅਤੇ ਪੁਲਾਂ ਦਾ ਨੁਕਸਾਨ ਕਰ ਚੁੱਕੇ ਹਨ। ਟਰਾਂਸਪੋਰਟੇਸ਼ਨ ਮੰਤਰੀ ਰੌਬ ਫਲੈਮਿੰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਨਫਰਾਸਟਰੱਕਚਰ ਦਾ ਨੁਕਸਾਨ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।



ਕਿਸੇ ਓਵਰਪਾਸ ਜਾਂ ਪੁਲ ਨਾਲ ਟਰੱਕ ਦੀ ਟੱਕਰ ਹੋਣ ਮਗਰੋਂ ਕੋਈ ਬਹਾਨਾ ਨਹੀਂ ਸੁਣਿਆ ਜਾਵੇਗਾ। ਲੋਡ ਦੇ ਆਕਾਰ ਅਤੇ ਇਸ ਨੂੰ ਲਿਜਾਣ ਲਈ ਰੂਟ ਦੀ ਚੋਣ ਕਰਨ ਲਈ ਡਰਾਈਵਰ ਜ਼ਿੰਮੇਵਾਰ ਹੋਣਗੇ। ਉਨ੍ਹਾਂ ਅੱਗੇ ਕਿਹਾ ਕਿ ਅਜੋਕੇ ਆਧੁਨਿਕ ਯੁੱਗ 'ਚ ਮੋਬਾਈਲ ਫੋਨ ਰਾਹੀਂ ਰੂਟ ਦੇ ਰਾਹ 'ਚ ਆਉਣ ਵਾਲੀ ਹਰ ਚੀਜ਼ ਪਤਾ ਕੀਤੀ ਜਾ ਸਕਦੀ ਹੈ। ਫਲੈਮਿੰਗ ਨੇ ਜ਼ੋਰ ਦੇ ਕੇ ਆਖਿਆ ਕਿ ਮੋਟਾ ਜੁਰਮਾਨਾ ਅਤੇ ਸਖਤ ਸਜ਼ਾ ਦੇ ਨਿਯਮਾਂ ਨਾਲ ਟਰਾਂਸਪੋਰਟ ਕੰਪਨੀਆਂ ਵੀ ਚੌਕਸ ਹੋ ਜਾਣਗੀਆਂ ਕਿਉਂਕਿ ਕੁਝ ਟਰਾਂਸਪੋਰਟ ਕੰਪਨੀਆਂ ਹੀ ਅਣਗਹਿਲੀ ਵਰਤਦੀਆਂ ਹਨ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਓਵਰਪਾਸ ਨਾਲ ਟੱਕਰ ਹੋਣ 'ਤੇ ਟਰੱਕ ਡਰਾਈਵਰਾਂ ਜਾਂ ਟਰਾਂਸਪੋਰਟ ਕੰਪਨੀਆਂ ਨੂੰ ਸਿਰਫ 500 ਡਾਲਰ ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਸੀ। ਓਵਰਪਾਸ ਭੰਨਣ ਦੇ ਮਾਮਲੇ ਵਿਚ ਭਾਰਤੀ ਮੂਲ ਦੇ ਕਈ ਟਰਾਂਸਪੋਰਟਰਾਂ ਦੇ ਨਾਂ ਵੀ ਉਭਰ ਕੇ ਸਾਹਮਣੇ ਆਏ।

ਸਫਾ 1 ਦਾ ਬਾਕੀ

## ਲੋਕ ਸਭਾ ਚੋਣਾਂ: ਕਾਂਗਰਸ 'ਚ ਕਾਟੋ ਕਲੇਸ਼ ਨੇ ਪਾਰਟੀ ਲਈ ...

ਇਸ ਤੋਂ ਇਲਾਵਾ ਸਿੱਧੂ ਕਾਫ਼ੀ ਦੇਰ ਤੋਂ ਪਾਰਟੀ ਦੀਆਂ ਮੁੱਖ ਰੈਲੀਆਂ ਅਤੇ ਮੀਟਿੰਗਾਂ 'ਚ ਵੀ ਨਹੀਂ ਸ਼ਾਮਲ ਹੋ ਰਹੇ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋਂ ਨੇ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਕਾਂਗਰਸ ਦੇ ਦੋ ਵਾਰ ਰਹਿ ਚੁੱਕੇ ਸਾਬਕਾ ਮੁੱਖ ਮੰਤਰੀ ਜੋ ਅਕਾਲੀ ਦਲ 'ਚੋਂ ਆਏ ਸਨ, ਬਾਅਦ 'ਚ ਭਾਜਪਾ 'ਚ ਸ਼ਾਮਲ ਹੋ ਗਏ । ਕਾਂਗਰਸ ਨੇ ਇਸ ਪਰਿਵਾਰ ਨੂੰ ਥੋੜ੍ਹੇ ਸਮੇਂ 'ਚ ਹੀ ਅਹਿਮ ਅਹੁਦੇ ਦਿੱਤੇ, ਜਿਸ ਦਾ ਨਤੀਜਾ ਹੈ ਕਿ ਅੱਜ ਸੂਬੇ ਦੇ ਲੱਖਾਂ ਕਾਂਗਰਸੀ ਨਾਰਾਜ਼ ਹੋ ਕੇ ਘਰ ਬੈਠੇ ਹਨ।

ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਵੀ ਕਾਂਗਰਸੀ ਲੀਡਰਾਂ ਦੇ ਕਾਟੋ ਕਲੇਸ਼ ਕਾਰਨ ਕਾਂਗਰਸ ਚੋਣਾਂ ਹਾਰ ਗਈ ਸੀ। ਉਸ ਸਮੇਂ ਵੀ ਕਾਂਗਰਸੀ ਆਗੂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖ਼ਿਲਾਫ਼ ਹੋ ਗਏ ਸਨ। ਕੈਪਟਨ ਅਮਰਿੰਦਰ ਸਿੰਘ ਵਿਰੁੱਧ ਲੜਾਈ 'ਚ ਸਿੱਧੂ ਦੀ ਅਗਵਾਈ 'ਚ ਸਾਰੀ ਟੀਮ ਨੇ ਇਕਜੁੱਟ ਹੋ ਕੇ ਕੰਮ ਕੀਤਾ ਸੀ, ਜਿਨ੍ਹਾਂ 'ਚ ਸੁਖਜਿੰਦਰ ਸਿੰਘ ਰੰਧਾਵਾ, ਪਰਗਟ ਸਿੰਘ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਅਤੇ ਚਰਨਜੀਤ ਸਿੰਘ ਚੰਨੀ ਆਦਿ ਮੂਹਰਲੀ ਕਤਾਰ 'ਚ ਸ਼ਾਮਲ ਸਨ। ਪਾਰਟੀ ਹਾਈ ਕਮਾਂਡ ਦੇ ਦਖ਼ਲ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਹਾਈ ਕਮਾਂਡ ਵਲੋਂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਦੇ ਫ਼ੈਸਲੇ ਤੋਂ ਬਾਅਦ ਵੀ ਕਈ ਕਾਂਗਰਸੀ ਆਗੂਆਂ 'ਚ ਫੁੱਟ ਪੈ ਗਈ ਅਤੇ ਕਈ ਸੀਨੀਅਰ ਆਗੂ ਚੰਨੀ ਤੇ ਪਾਰਟੀ ਖ਼ਿਲਾਫ਼ ਹੋ ਗਏ। ਇਸ ਦਰਮਿਆਨ ਉਸ ਸਮੇਂ ਵੀ ਟਿਕਟਾਂ ਦੀ ਵੰਡ ਨੂੰ ਲੈ ਕੇ ਕਾਫ਼ੀ ਰੌਲਾ ਪਿਆ।

ਸਫਾ 1 ਦਾ ਬਾਕੀ

## ਕੈਨੇਡਾ 'ਤੇ ਮੰਦੀ ਦੀ ਖਤਰਾ! ...

ਕੈਨੇਡੀਅਨ ਸਰਕਾਰ ਦੇ ਅੰਕੜਿਆਂ ਅਨੁਸਾਰ ਦੇਸ਼ ਦੀ ਆਰਥਿਕਤਾ ਮਜ਼ਬੂਤ ਬਣੀ ਹੋਈ ਹੈ ਪਰ ਛੋਟੀਆਂ ਕੰਪਨੀਆਂ ਅਤੇ ਬਹੁਤ ਸਾਰੇ ਖਪਤਕਾਰ ਸੰਘਰਸ਼ ਕਰ ਰਹੇ ਹਨ। ਕੈਨੇਡਾ ਦੀ ਆਰਥਿਕਤਾ ਦਸੰਬਰ 'ਚ 0.3 ਫੀਸਦੀ ਵਧਣ ਦੀ ਉਮੀਦ ਹੈ। ਇਸ ਤਰ੍ਹਾਂ ਚੌਥੀ ਤਿਮਾਹੀ 'ਚ 1.2 ਫੀਸਦੀ ਦੇ ਵਾਧੇ ਦੀ ਸੰਭਾਵਨਾ ਹੈ। ਤੀਜੀ ਤਿਮਾਹੀ 'ਚ ਦੇਸ਼ ਦੀ ਜੀ.ਡੀ.ਪੀ. 'ਚ 1.1 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਸੀ। ਲਗਾਤਾਰ ਦੋ ਤਿਮਾਹੀਆਂ ਵਿਚ ਆਮਦਨ ਵਿਚ ਗਿਰਾਵਟ ਨੂੰ ਮੰਦੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੇਖੀਏ ਤਾਂ ਕੈਨੇਡਾ ਇਸ ਵੇਲੇ ਮੰਦੀ ਦੀ ਮਾਰ ਹੇਠ ਆਉਣ ਤੋਂ ਬਚ ਗਿਆ ਹੈ। ਪਰ ਜਨਵਰੀ ਵਿਚ ਜਿਸ ਤਰ੍ਹਾਂ 800 ਕੰਪਨੀਆਂ ਨੇ ਇਕ ਤੋਂ ਬਾਅਦ ਇਕ ਦੀਵਾਲੀਆਪਨ ਲਈ ਅਰਜ਼ੀਆਂ ਦਿੱਤੀਆਂ, ਉਸ ਨਾਲ ਮੰਦੀ ਦਾ ਡਰ ਇਕ ਵਾਰ ਫਿਰ ਸਿਰ ਚੁੱਕਣ ਲੱਗਾ ਹੈ।

ਸਫਾ 1 ਦਾ ਬਾਕੀ

## ਬਾਇਡਨ ਤੇ ਟਰੰਪ ਆਪੋ-ਆਪਣੀ ਪਾਰਟੀਆਂ ਦੀਆਂ ...

ਸਾਰੇ 224 ਡੈਲੀਗੇਟਾਂ ਦਾ ਸਮਰਥਨ ਦਿੱਤਾ। ਇਸ ਦੇ ਨਾਲ ਹੀ ਓਹਾਇਓ ਵਿਚ ਰਿਪਬਲਿਕਨ ਸੈਨੇਟ ਪ੍ਰਾਇਮਰੀ ਵਿਚ ਟਰੰਪ ਸਮਰਥਕ ਕਾਰੋਬਾਰੀ ਬਰਨੀ ਮੋਰੇਨੋ ਨੇ ਓਹਾਇਓ ਦੇ ਮੁੱਖ ਚੋਣ ਅਧਿਕਾਰੀ ਫਰੈਂਕ ਲਾਰੋਜ਼ ਅਤੇ ਮੈਟ ਡੋਲਨ ਸਮੇਤ ਦੋ ਦਾਅਵੇਦਾਰਾਂ ਨੂੰ ਹਰਾਇਆ। ਫਲੋਰੀਡਾ ਦੇ ਇੱਕ ਵੋਟਰ ਟਰੰਪ ਨੇ ਮੰਗਲਵਾਰ ਨੂੰ ਪਾਮ ਬੀਚ ਮਨੋਰੰਜਨ ਕੇਂਦਰ ਵਿਚ ਆਪਣੀ ਵੋਟ ਪਾਉਣ ਤੋਂ ਬਾਅਦ ਪੱਤਰਕਾਰਾਂ ਨੂੰ ਕਿਹਾ, "ਮੈਂ ਡੋਨਾਲਡ ਟਰੰਪ ਨੂੰ ਵੋਟ ਦਿੱਤੀ ਹੈ।" ਟਰੰਪ ਨੇ ਸ਼ਨੀਵਾਰ ਨੂੰ ਓਹਾਇਓ 'ਚ ਇਕ ਰੈਲੀ ਕੀਤੀ, ਜਿਸ ਨੇ ਕਈ ਸਾਲਾਂ ਤੋਂ ਰਿਪਬਲਿਕਨ ਪਾਰਟੀ ਦਾ ਸਮਰਥਨ ਕੀਤਾ ਹੈ। ਇਸ ਦੌਰਾਨ ਬਾਇਡਨ ਨੇ ਮੰਗਲਵਾਰ ਨੂੰ ਨਵਾਡਾ ਅਤੇ ਐਰੀਜ਼ੋਨਾ ਦਾ ਦੌਰਾ ਕੀਤਾ। ਇਹ ਦੋਵੇਂ ਰਾਜ ਦੋਵੇਂ ਦਾਅਵੇਦਾਰਾਂ ਲਈ ਪ੍ਰਮੁੱਖ ਤਰਜੀਹ ਵਾਲੇ ਰਾਜਾਂ ਵਿਚੋਂ ਹਨ।

ਸਫਾ 1 ਦਾ ਬਾਕੀ

## ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਭਾਜਪਾ 'ਚ ਸ਼ਾਮਲ...

ਉਨ੍ਹਾਂ ਦੇ ਪਰਿਵਾਰਕ ਪਿਛੋਕੜ 'ਤੇ ਰੋਸ਼ਨੀ ਪਾਈ। ਉਨ੍ਹਾਂ ਕਿਹਾ ਕਿ ਸ਼੍ਰੀ ਸੰਧੂ ਦੇ ਦਾਦਾ ਤੇਜਾ ਸਿੰਘ ਸਮੁੰਦਰੀ ਸਨ, ਜਿਨ੍ਹਾਂ ਗੁਰਦੁਆਰਾ ਸੁਧਾਰ ਲਹਿਰ ਅਤੇ ਦੇਸ਼ ਦੇ ਆਜ਼ਾਦੀ ਸੰਘਰਸ਼ ਵਿਚ ਵੀ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਦੇ ਮਾਪਿਆਂ ਦੀ ਸਿੱਖਿਆ ਦੇ ਖੇਤਰ ਵਿਚ ਅਹਿਮ ਦੇਣ ਹੈ। ਪਿਤਾ ਬਿਸ਼ਨ ਸਿੰਘ ਸਮੁੰਦਰੀ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਰਹੇ ਹਨ। ਉਨ੍ਹਾਂ ਵੱਖ-ਵੱਖ ਮੁਲਕਾਂ ਵਿਚ ਭਾਰਤੀ ਸਫੀਰ ਵਜੋਂ ਅਹਿਮ ਸੇਵਾਵਾਂ ਨਿਭਾਈਆਂ।




# ਬਰਗਾੜੀ ਬੇਅਦਬੀ ਮਾਮਲੇ 'ਚ ਡੇਰਾ ਸਿਰਸਾ ਮੁਖੀ ਤੇ ਹਨੀਪ੍ਰੀਤ ਨੂੰ ਗ੍ਰਿਫ਼ਤਾਰ ਕਰੇ ਪੰਜਾਬ ਸਰਕਾਰ : ਐਡਵੋਕੇਟ ਧਾਮੀ

**ਅੰਮ੍ਰਿਤਸਰ, (ਪੰਜਾਬ ਮੇਲ)-** ਸਾਲ 2015 ਦੇ ਬਰਗਾੜੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਮਾਮਲੇ ਵਿਚ ਬੀਤੇ ਸਮੇਂ ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਪ੍ਰਦੀਪ ਕਲੇਰ ਵੱਲੋਂ ਚੰਡੀਗੜ੍ਹ ਦੀ ਅਦਾਲਤ 'ਚ ਕੀਤੇ ਖੁਲਾਸਿਆਂ 'ਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਨੂੰ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੀ ਅਦਾਲਤ ਰਾਹੀਂ ਗ੍ਰਿਫ਼ਤਾਰੀ ਦੀ ਕਾਰਵਾਈ ਕਰਨ ਦੇ ਨਾਲ-ਨਾਲ ਉਸ ਦੀ ਪੈਰੋਕਾਰ ਹਨੀਪ੍ਰੀਤ ਨੂੰ ਵੀ ਨਾਮਜ਼ਦ ਕਰਕੇ ਤੁਰੰਤ ਗ੍ਰਿਫ਼ਤਾਰ ਕਰਨ ਲਈ ਆਖਿਆ ਹੈ।



ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਜਾਰੀ ਇਕ ਬਿਆਨ ਵਿਚ ਐਡਵੋਕੇਟ ਧਾਮੀ ਨੇ ਕਿਹਾ ਕਿ ਬਰਗਾੜੀ ਬੇਅਦਬੀ ਮਾਮਲੇ 'ਚ ਗ੍ਰਿਫ਼ਤਾਰ ਹੋਏ ਦੋਸ਼ੀ ਪ੍ਰਦੀਪ ਕਲੇਰ ਵੱਲੋਂ ਅਦਾਲਤ 'ਚ ਦਰਜ ਕਰਵਾਏ ਬਿਆਨਾਂ ਨਾਲ ਇਹ ਬਿਲਕੁਲ ਸਪੱਸ਼ਟ ਹੁੰਦਾ ਹੈ ਕਿ ਇਸ ਸਮੁੱਚੇ ਸਿੱਖ ਵਿਰੋਧੀ ਵਰਤਾਰੇ ਪਿੱਛੇ ਡੇਰਾ ਸਿਰਸਾ ਮੁਖੀ ਦਾ ਹੱਥ ਸੀ। ਉਨ੍ਹਾਂ ਕਿਹਾ ਕਿ ਸਮੇਂ-ਸਮੇਂ ਸੂਬੇ ਦੀਆਂ ਸਰਕਾਰਾਂ ਨੇ ਇਸ ਸੰਜੀਦਾ ਮਾਮਲੇ 'ਤੇ ਸਿੱਖਾਂ ਨੂੰ ਇਨਸਾਫ਼ ਦੇਣ ਦੀ ਜਗ੍ਹਾ ਕੇਵਲ ਸਿਆਸਤ ਹੀ ਕੀਤੀ ਹੈ। ਐਡਵੋਕੇਟ ਧਾਮੀ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਹੁਣ ਜਦੋਂ ਪ੍ਰਦੀਪ ਕਲੇਰ ਦੇ ਬਿਆਨਾਂ ਤੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਹਨੀਪ੍ਰੀਤ ਦਾ ਨਾਂ ਸਪੱਸ਼ਟ ਤੌਰ 'ਤੇ ਸਾਹਮਣੇ ਆਇਆ ਹੈ, ਤਾਂ ਸਰਕਾਰ ਨੂੰ ਦੋਹਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਪੰਜਾਬ ਲਿਆ ਕੇ ਜਾਂਚ ਅੱਗੇ ਵਧਾਉਣੀ ਚਾਹੀਦੀ ਹੈ, ਤਾਂ ਜੋ ਸਿੱਖਾਂ ਨੂੰ ਇਨਸਾਫ਼ ਮਿਲ ਸਕੇ।

ਐਡਵੋਕੇਟ ਧਾਮੀ ਨੇ ਪੰਜਾਬ ਸਰਕਾਰ ਨੂੰ ਇਹ ਵੀ ਆਖਿਆ ਕਿ ਕਿਉਂਕਿ ਗ੍ਰਿਫ਼ਤਾਰ ਦੋਸ਼ੀ ਪ੍ਰਦੀਪ ਕਲੇਰ ਡੇਰਾ ਸਿਰਸਾ ਦੇ ਸਿਆਸੀ ਵਿੰਗ ਦਾ ਆਗੂ ਰਿਹਾ ਹੈ, ਇਸ ਲਈ ਉਸ ਪਾਸੋਂ ਸਾਲ 2017 ਵਿਚ ਹੋਏ ਮੌੜ ਬੰਬ ਧਮਾਕੇ ਦੇ ਮਾਮਲੇ ਵਿਚ ਵੀ ਜਾਂਚ ਕੀਤੀ ਜਾਣੀ ਚਾਹੀਦੀ ਹੈ, ਜਿਸ ਵਿਚ 5 ਬੱਚਿਆਂ ਸਮੇਤ 7 ਮਾਸੂਮ ਲੋਕਾਂ ਦੀ ਜਾਨ ਗਈ ਸੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਵੀ ਡੇਰਾ ਸਿਰਸਾ ਦੇ ਹੱਥ ਹੋਣ ਸਬੰਧੀ ਕਈ ਅਹਿਮ ਸਬੂਤ ਪਹਿਲਾਂ ਸਾਹਮਣੇ ਆ ਚੁੱਕੇ ਹਨ।

# ਲੋਕ ਸਭਾ ਚੋਣਾਂ ਕਾਰਨ ਦੁਬਈ 'ਚ ਟਰਾਂਸਫਰ ਹੋ ਸਕਦਾ ਹੈ ਆਈ.ਪੀ.ਐੱਲ.!

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ 'ਚ ਅਪ੍ਰੈਲ ਅਤੇ ਮਈ ਦੇ ਮਹੀਨਿਆਂ 'ਚ ਹੋਣ ਵਾਲੀਆਂ ਭਾਰਤੀ ਆਮ ਚੋਣਾਂ ਦੇ ਕਾਰਨ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐੱਲ.) ਦਾ ਆਗਾਮੀ ਸੀਜ਼ਨ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) 'ਚ ਤਬਦੀਲ ਹੋ ਸਕਦਾ ਹੈ। ਵੈਸੇ ਵੀ, ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਨੇ ਹੁਣ ਤੱਕ ਟੂਰਨਾਮੈਂਟ ਦੇ ਪਹਿਲੇ 21 ਮੈਚਾਂ ਦੇ ਸ਼ਡਿਊਲ ਦਾ ਐਲਾਨ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਫਿਲਹਾਲ ਬੀ.ਸੀ.ਸੀ.ਆਈ. ਅਧਿਕਾਰੀ ਆਈ.ਪੀ.ਐੱਲ. 2024 ਦੇ ਦੂਜੇ ਭਾਗ ਨੂੰ ਯੂ.ਏ.ਈ. ਵਿਚ ਸ਼ਿਫਟ ਕਰਨ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ ਲਈ ਦੁਬਈ ਵਿਚ ਹਨ। ਰਿਪੋਰਟਾਂ ਆ ਰਹੀਆਂ ਹਨ ਕਿ ਆਈ.ਪੀ.ਐੱਲ. ਟੀਮਾਂ ਨੇ ਖਿਡਾਰੀਆਂ ਨੂੰ ਆਪਣੇ ਪਾਸਪੋਰਟ ਜਮ੍ਹਾਂ ਕਰਾਉਣ ਲਈ ਕਿਹਾ ਹੈ।

# ਲਾਸ ਏਂਜਲਸ ਦੀ ਮੌਜੂਦਾ ਭਾਰਤੀ ਕੌਂਸਲਰ ਨਿਤਿਆ ਰਮਨ ਨੇ ਮੁੜ ਚੋਣ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਭਾਰਤੀ ਮੂਲ ਦੀ ਅਮਰੀਕੀ ਨਿਤਿਆ ਰਮਨ ਦੁਬਾਰਾ ਫਿਰ ਲਾਸ ਏਂਜਲਸ ਦੀ ਕੌਂਸਲ ਮੈਂਬਰ ਚੁਣੀ ਗਈ ਹੈ। ਉਸ ਨੇ ਜਿੱਤ ਲਈ ਲੋੜੀਂਦੀਆਂ 50' ਤੋਂ ਵਧ ਵੋਟਾਂ ਪ੍ਰਾਪਤ ਕਰ ਲਈਆਂ ਹਨ। ਲਾਸ ਏਂਜਲਸ ਦੀ ਚੌਥੇ ਡਿਸਟ੍ਰਿਕਟ ਸੀਟ ਤੋਂ ਦੂਸਰੀ ਵਾਰ ਚੋਣ ਮੈਦਾਨ 'ਚ ਉਤਰੀ ਰਮਨ ਨੂੰ 2 ਉਮੀਦਵਾਰਾਂ ਵੱਲੋਂ ਚੁਣੌਤੀ ਦਿੱਤੀ ਗਈ ਸੀ। ਇਨ੍ਹਾਂ ਵਿਰੋਧੀ ਉਮੀਦਵਾਰਾਂ ਨੇ ਬੇਘਰੇ ਲੋਕਾਂ ਦੀ ਸਮੱਸਿਆ ਤੇ ਅਪਰਾਧ ਨਾਲ ਨਜਿੱਠਣ ਦੀ ਰਮਨ ਦੀ ਸਮਰੱਥਾ ਉਪਰ ਸਵਾਲ ਉਠਾਏ ਸਨ ਪਰੰਤੂ ਵੋਟਰਾਂ ਨੇ ਉਨ੍ਹਾਂ ਵੱਲੋਂ ਉਠਾਏ ਸਵਾਲਾਂ ਨੂੰ ਨਕਾਰ ਦਿੱਤਾ ਤੇ ਮੁੜ ਉਸ ਦੀ ਕਾਬਲੀਅਤ 'ਤੇ ਮੋਹਰ ਲਾ ਦਿੱਤੀ। ਰਮਨ ਨੂੰ ਕੁੱਲ 32430 (50.64%) ਵੋਟਾਂ ਮਿਲੀਆਂ, ਜਦਕਿ



ਨਿਤਿਆ ਰਮਨ

ਦੂਸਰੇ ਸਥਾਨ 'ਤੇ ਰਹੇ ਉਸ ਦੇ ਵਿਰੋਧੀ ਡਿਪਟੀ ਸਿਟੀ ਅਟਾਰਨੀ ਏਥਾਨ ਵੀਵਰ ਨੂੰ 24730 (38.62%) ਵੋਟਾਂ ਮਿਲੀਆਂ। ਏਥਾਨ ਰਮਨ ਨੇ ਆਪਣੀ ਹਾਰ ਸਵਿਕਾਰ ਕਰਦਿਆਂ ਰਮਨ ਨੂੰ ਜਿੱਤ ਲਈ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ "ਅਸੀਂ ਸਾਡੇ ਸ਼ਹਿਰ ਦੇ ਅਹਿਮ ਮੁੱਦਿਆਂ ਬਾਰੇ ਸਹਿਮਤ ਰਹੇ ਹਾਂ ਪਰੰਤੂ ਇਨ੍ਹਾਂ ਮੁੱਦਿਆਂ ਦੇ ਹਲ ਨੂੰ ਲੈ ਕੇ ਵੱਖਰੇ ਵਿਚਾਰ ਰੱਖਦੇ ਹਾਂ ਪਰੰਤੂ ਅਸੀਂ ਕੱਟੜ ਵਿਰੋਧੀ ਕਦੇ ਵੀ ਨਹੀਂ ਰਹੇ। ਮੈਂ ਇਸ ਕਮਾਲ ਦੀ ਜਿੱਤ ਲਈ ਰਮਨ ਨੂੰ ਵਧਾਈ ਦਿੰਦਾ ਹਾਂ।" ਰਮਨ ਨੇ ਜਿੱਤ ਉਪਰੰਤ ਕਿਹਾ ਹੈ ਕਿ ਉਹ ਆਪਣੇ ਸਾਰੇ ਵਾਲੰਟੀਅਰਾਂ, ਹਮਾਇਤੀਆਂ ਤੇ ਸਾਡੇ ਜ਼ਿਲ੍ਹੇ ਦੇ ਵਾਸੀਆਂ ਦਾ ਧੰਨਵਾਦ ਕਰਦੀ ਹੈ, ਜਿਨ੍ਹਾਂ ਨੇ ਮੈਨੂੰ ਦੁਬਾਰਾ ਕੌਂਸਲ ਮੈਂਬਰ ਵਜੋਂ ਕੰਮ ਕਰਨ ਦਾ ਮੌਕਾ ਦਿੱਤਾ ਹੈ।

# ਬਰਗਾੜੀ ਬੇਅਦਬੀ ਮਾਮਲਾ: ਗ੍ਰਿਫ਼ਤਾਰ ਪ੍ਰਦੀਪ ਕਲੇਰ ਵੱਲੋਂ ਮੈਜਿਸਟ੍ਰੇਟ ਸਾਹਮਣੇ ਬਿਆਨ ਦਰਜ

**ਚੰਡੀਗੜ੍ਹ, (ਪੰਜਾਬ ਮੇਲ)-** ਬਰਗਾੜੀ ਬੇਅਦਬੀ ਮਾਮਲੇ 'ਚ ਭਗੌੜੇ ਪ੍ਰਦੀਪ ਕਲੇਰ ਨੂੰ ਕੁਝ ਸਮਾਂ ਪਹਿਲਾਂ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਹੁਣ ਉਸ ਵੱਲੋਂ ਵੱਡੇ ਖ਼ੁਲਾਸੇ ਹੋਏ ਹਨ। ਪ੍ਰਦੀਪ ਕਲੇਰ ਨੇ ਮੈਜੀਸਟ੍ਰੇਟ ਸਾਹਮਣੇ ਆਪਣੇ ਬਿਆਨ ਦਰਜ ਕਰਵਾਏ ਹਨ। ਇਸ ਦੇ ਬਿਆਨਾਂ ਦੀ ਇਕ ਚਿੱਠੀ ਸਾਹਮਣੇ ਆਏ ਹਨ, ਜਿਸ ਵਿਚ ਵੱਡੇ ਖ਼ੁਲਾਸੇ ਹੋਏ ਹਨ। ਦੱਸ ਦਈਏ ਕਿ 2015 ਵਿਚ ਇਹ ਬੇਅਦਬੀ ਹੋਈ ਸੀ।

**■ ਬਿਆਨਾਂ 'ਚ ਰਾਮ ਰਹੀਮ ਤੇ ਹਨੀਪ੍ਰੀਤ ਨੂੰ ਲੈ ਕੇ ਹੋਇਆ ਵੱਡਾ ਖ਼ੁਲਾਸਾ!**

ਪ੍ਰਦੀਪ ਕਲੇਰ ਨੇ ਆਪਣੇ ਬਿਆਨਾਂ ਵਿਚ ਦੱਸਿਆ ਹੈ ਕਿ 1987 ਦੇ ਵਿਚ ਉਹ ਡੇਰਾ ਸੱਚਾ ਸੌਦਾ ਨਾਲ ਜੁੜਿਆ ਸੀ। 2014 ਵਿਚ ਉਸ ਨੂੰ ਪਾਲੀਟਿਕਲ ਵਿੰਗ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਬਰਗਾੜੀ ਬੇਅਦਬੀ ਮਾਮਲੇ ਬਾਰੇ ਉਸ ਨੇ ਦੱਸਿਆ ਹੈ ਕਿ ਬੁਰਜ ਜਵਾਹਰ ਸਿੰਘ ਵਿਖੇ ਸਿੱਖੀ ਦਾ ਪ੍ਰਚਾਰ ਕੀਤਾ ਜਾ ਰਿਹਾ ਸੀ। ਇਸ ਮੌਕੇ ਉੱਥੇ ਮੌਜੂਦ ਡੇਰਾ ਪ੍ਰੇਮੀਆਂ ਨੇ ਕਥਾ ਸੁਣ ਕੇ ਪ੍ਰਭਾਵਿਤ ਹੋ ਕੇ ਰਾਮ ਰਹੀਮ ਦਾ ਲਾਕੇਟ ਗਲੇ ਵਿਚੋਂ ਉਤਾਰ ਕੇ ਸੁੱਟ ਦਿੱਤਾ ਸੀ। ਜਦੋਂ ਉਨ੍ਹਾਂ ਨੇ ਜਾ ਕੇ ਇਹ ਸਾਰੀ ਗੱਲ ਰਾਮ ਰਹੀਮ ਤੇ ਹਨੀਪ੍ਰੀਤ ਨੂੰ ਦੱਸੀ ਤਾਂ ਹਨੀਪ੍ਰੀਤ ਨੇ ਕਿਹਾ ਕਿ, "ਤੁਸੀਂ ਉੱਥੇ ਖੜ੍ਹੇ ਕੀ ਕਰਦੇ ਸੀ, ਤੁਸੀਂ ਇੱਟ ਦਾ ਜਵਾਬ ਪੱਥਰ ਨਾਲ ਕਿਉਂ ਨਹੀਂ ਦਿੱਤਾ? ਉਨ੍ਹਾਂ ਨੇ ਰਾਮ ਰਹੀਮ ਦੀ ਬੇਅਦਬੀ ਕੀਤੀ ਹੈ।" ਇਸ ਮਗਰੋਂ ਹਨੀਪ੍ਰੀਤ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਲਈ ਕਿਹਾ। ਰਾਮ ਰਹੀਮ ਵੱਲੋਂ ਇਹ ਘਿਨੌਣਾ ਕੰਮ ਛੇਤੀ ਤੋਂ ਛੇਤੀ ਕਰਨ ਦੀ ਹਦਾਇਤ ਦਿੱਤੀ ਗਈ। ਇਸ 'ਤੇ ਮਹਿੰਦਰਪਾਲ ਬਿੱਟੂ ਨੂੰ ਇਹ ਕੰਮ ਜਲਦੀ ਤੋਂ ਜਲਦੀ ਕਰਵਾਉਣ ਦੀ ਹਦਾਇਤ ਦਿੱਤੀ ਗਈ।

# ਫਲੋਰਿਡਾ ਬੀਚ ਉਪਰ ਹੋਈ ਗੋਲੀਬਾਰੀ ਦੌਰਾਨ 1 ਮੌਤ; 3 ਹੋਰ ਜ਼ਖਮੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਡਾਊਨ ਟਾਊਨ ਜੈਕਸਨਵਿਲੇ ਬੀਚ (ਫਲੋਰਿਡਾ) 'ਤੇ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ 3 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਬੀਚ ਉਪਰ ਸੇਂਟ ਪੈਟਰਿਕ ਦਿਵਸ ਮਨਾਉਣ ਲਈ ਆਏ ਲੋਕਾਂ ਦਾ ਭਾਰੀ ਇਕੱਠ ਸੀ। ਜੈਕਸਨਵਿਲੇ ਬੀਚ ਪੁਲਿਸ ਮੁਖੀ ਜੇਨ ਪਾਲ ਸਮਿਥ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ 3 ਵੱਖ-ਵੱਖ ਥਾਵਾਂ 'ਤੇ ਹੋਈ। ਉਨ੍ਹਾਂ ਕਿਹਾ ਕਿ ਸ਼ਾਮ 7.50 ਦੇ ਆਸ-ਪਾਸ ਪੁਲਿਸ ਵੱਲੋਂ ਬੀਚ 'ਤੇ ਇਕੱਠੀ ਹੋਈ 400 ਦੇ ਕਰੀਬ ਨਬਾਲਗਾਂ ਦੀ ਭੀੜ ਨੂੰ ਖਿੰਡਾ ਦੇਣ ਬਾਅਦ ਬੈਸਟ ਵੈਸਟਰਨ ਹੋਟਲ ਨੇੜੇ ਦੋ ਜਣਿਆਂ ਨੇ ਇਕ ਦੂਸਰੇ ਦੇ ਗੋਲੀਆਂ ਮਾਰੀਆਂ। ਦੋਨਾਂ ਤੋਂ ਇਲਾਵਾ ਇਸ ਘਟਨਾ ਵਿਚ ਨੇੜੇ ਖੜ੍ਹਾ ਇਕ ਰਾਹਗੀਰ ਵੀ ਜ਼ਖਮੀ ਹੋ ਗਿਆ। ਇਨ੍ਹਾਂ ਵਿਚੋਂ 2 ਦੀ ਹਾਲਤ ਗੰਭੀਰ ਹੈ। ਗੋਲੀਬਾਰੀ ਦੀ ਦੂਸਰੀ ਘਟਨਾ ਡਾਊਨਟਾਊਨ ਬਾਰ ਦੇ ਪਿਛਵਾੜੇ ਹੋਈ, ਜਿਥੇ ਇਕ 21 ਸਾਲਾ ਵਿਅਕਤੀ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਸ਼ੱਕੀ 6 ਫੁੱਟ ਉੱਚਾ ਕਾਲਾ ਵਿਅਕਤੀ ਹੈ, ਜਿਸ ਨੇ ਛੋਟੀ ਦਾੜ੍ਹੀ ਰੱਖੀ ਹੋਈ ਹੈ। ਉਹ ਮੌਕੇ ਤੋਂ ਫਰਾਰ ਹੋ ਗਿਆ। ਤੀਸਰੀ ਘਟਨਾ ਵਿਚ ਇਕ ਵਿਅਕਤੀ ਪਿਸਤੌਲ ਨਾਲ ਗੋਲੀ ਚਲਾਉਣ ਉਪਰੰਤ ਫਰਾਰ ਹੋ ਗਿਆ। ਇਸ ਘਟਨਾ ਵਿਚ ਕਿਸੇ ਦੇ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ।



# ਪੰਜਾਬ ਪੁਲਿਸ ਦੀ ਏ.ਜੀ.ਟੀ.ਐੱਫ. ਨੇ ਵਿਦੇਸ਼ੀ ਗੈਂਗਸਟਰਾਂ ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਦੇ ਤਿੰਨ ਕਾਰਕੁਨਾਂ ਨੂੰ ਕੀਤਾ ਗ੍ਰਿਫ਼ਤਾਰ

- **11 ਜਿੰਦਾ ਕਾਰਤੂਸਾਂ ਸਮੇਤ ਦੋ ਪਿਸਤੌਲ, ਹੁੰਡਈ ਔਰਾ ਕਾਰ ਬਰਾਮਦ**




**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐੱਫ.) ਨੇ ਲਾਰੈਂਸ ਬਿਸ਼ਨੋਈ ਗੈਂਗ ਦੇ ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਨਾਲ ਸਬੰਧਤ ਤਿੰਨ ਕਾਰਕੁਨਾਂ ਨੂੰ ਜ਼ੀਰਕਪੁਰ ਤੋਂ ਗ੍ਰਿਫਤਾਰ ਕਰਕੇ ਸੂਬੇ ਵਿਚ ਸਨਸਨੀਖੇਜ਼ ਅਪਰਾਧਾਂ ਨੂੰ ਟਾਲਣ ਵਿਚ ਵੱਡੀ ਸਫਲਤਾ ਦਰਜ ਕੀਤੀ ਹੈ। ਇਹ ਜਾਣਕਾਰੀ ਡੀ.ਜੀ.ਪੀ., ਪੰਜਾਬ ਗੌਰਵ ਯਾਦਵ ਨੇ ਸ਼ਨੀਵਾਰ ਨੂੰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅਜੈ ਸਿੰਘ ਉਰਫ਼ ਅਜੈਪਾਲ ਅਤੇ ਅੰਕਿਤ ਦੋਵੇਂ ਵਾਸੀ ਭਿਵਾਨੀ, ਹਰਿਆਣਾ ਅਤੇ ਲਖਵਿੰਦਰ ਸਿੰਘ ਉਰਫ਼ ਲੱਕੀ ਵਾਸੀ ਏ.ਕੇ.ਐੱਸ. ਕਲੋਨੀ, ਜ਼ੀਰਕਪੁਰ ਵਜੋਂ ਹੋਈ ਹੈ। ਮੁਲਜ਼ਮ ਅੰਕਿਤ ਦਾ ਅਪਰਾਧਿਕ ਪਿਛੋਕੜ ਹੈ ਅਤੇ ਉਹ ਹਰਿਆਣਾ ਵਿਚ ਕਤਲ, ਇਰਾਦਾ ਕਤਲ, ਜਬਰਨ ਵਸੂਲੀ ਅਤੇ ਅਸਲਾ ਐਕਟ ਸਮੇਤ ਕਈ ਘਿਨਾਉਣੇ ਅਪਰਾਧਿਕ ਕੇਸਾਂ ਵਿਚ ਸ਼ਾਮਲ ਹੈ।

ਪੁਲਿਸ ਟੀਮਾਂ ਨੇ ਇਨ੍ਹਾਂ ਦੇ ਕਬਜ਼ੇ 'ਚੋਂ .32 ਕੈਲੀਬਰ ਦੇ ਦੋ ਪਿਸਤੌਲਾਂ ਸਮੇਤ 11 ਜਿੰਦਾ ਕਾਰਤੂਸ ਬਰਾਮਦ ਕੀਤੇ ਹਨ ਅਤੇ ਦੋਸ਼ੀਆਂ ਦੀ ਹੁੰਡਈ ਔਰਾ ਕਾਰ ਵੀ ਜ਼ਬਤ ਕੀਤੀ ਗਈ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਪੁਖ਼ਤਾ ਇਤਲਾਹ 'ਤੇ ਕਾਰਵਾਈ ਕਰਦਿਆਂ ਏ.ਡੀ.ਜੀ.ਪੀ. ਪ੍ਰਮੋਦ ਬਾਨ ਦੀ ਅਗਵਾਈ ਵਾਲੀਆਂ ਏ.ਜੀ.ਟੀ.ਐੱਫ. ਟੀਮਾਂ ਨੇ ਏ.ਆਈ.ਜੀ. ਗੁਰਮੀਤ ਸਿੰਘ ਚੌਹਾਨ ਅਤੇ ਏ.ਆਈ.ਜੀ. ਸੰਦੀਪ ਗੋਇਲ ਦੀ ਨਿਗਰਾਨੀ ਹੇਠ ਤਿੰਨੋਂ ਮੁਲਜ਼ਮਾਂ ਦਾ ਪਿੱਛਾ ਕਰਦਿਆਂ ਉਨ੍ਹਾਂ ਨੂੰ ਜ਼ੀਰਕਪੁਰ ਦੇ ਏਅਰਪੋਰਟ ਰੋਡ ਨੇੜੇ ਸਥਿਤ ਇੱਕ ਫਲੈਟ ਤੋਂ ਗ੍ਰਿਫ਼ਤਾਰ ਕੀਤਾ।

ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ, ਲਾਰੈਂਸ ਬਿਸ਼ਨੋਈ ਗੈਂਗ ਦੇ ਵਿਦੇਸ਼ੀ ਅਤੇ ਫਰਾਰ ਗੈਂਗਸਟਰਾਂ ਗੋਲਡੀ ਬਰਾੜ ਅਤੇ ਰੋਹਿਤ ਗੋਦਾਰਾ ਦੇ ਨਿਰਦੇਸ਼ਾਂ 'ਤੇ ਕੰਮ ਕਰ ਕਰਦੇ ਸਨ। ਇਹ ਦੋਸ਼ੀ ਰੇਕੀ ਕਰ ਰਹੇ ਸਨ ਅਤੇ ਹੋਰ ਲੋੜੀਂਦੀ ਜਾਣਕਾਰੀ ਇਕੱਠੀ ਕਰ ਰਹੇ ਸਨ ਕਿਉਂਕਿ ਇਨ੍ਹਾਂ ਨੂੰ ਵਿਰੋਧੀ ਗੈਂਗਸਟਰਾਂ ਦੀ ਟਾਰਗੇਟ ਕਿਲਿੰਗ ਨੂੰ ਅੰਜਾਮ ਦੇਣ ਦਾ ਕੰਮ ਸੌਂਪਿਆ ਗਿਆ ਸੀ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ, ਏ.ਡੀ.ਜੀ.ਪੀ. ਪ੍ਰਮੋਦ ਬਾਨ ਨੇ ਦੱਸਿਆ ਕਿ ਦੋਸ਼ੀ ਅੰਕਿਤ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਅਪਰਾਧਿਕ ਪਿਛੋਕੜ ਵਾਲੇ ਵਿਰੋਧੀ ਗੈਂਗਸਟਰ ਜੈ ਕੁਮਾਰ ਉਰਫ ਭੱਦਰ, ਜਿਸ ਵਿਰੁੱਧ ਘਿਨਾਉਣੇ ਅਪਰਾਧਾਂ ਦੇ 27 ਤੋਂ ਵੱਧ ਅਪਰਾਧਿਕ ਮਾਮਲੇ ਦਰਜ ਸਨ, ਦਾ 6 ਨਵੰਬਰ 2023 ਨੂੰ ਦਿਨ-ਦਿਹਾੜੇ ਕਤਲ ਕੀਤਾ ਸੀ ਅਤੇ ਉਦੋਂ ਤੋਂ ਹੀ ਉਹ ਫਰਾਰ ਸੀ। ਹਰਿਆਣਾ ਪੁਲਿਸ ਨੇ ਉਸਦੀ ਗ੍ਰਿਫਤਾਰੀ ਲਈ ਇਨਾਮ ਵੀ ਰੱਖਿਆ ਸੀ।

ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਮੁਲਜ਼ਮ ਅਜੈ ਅਤੇ ਅੰਕਿਤ ਨੇ ਰਾਜਸਥਾਨ ਵਿੱਚ ਮਿੱਥ ਕੇ ਕਤਲ ਕਰਨ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਦੀ ਨਾਕਾਮ ਕੋਸ਼ਿਸ਼ ਵੀ ਕੀਤੀ ਸੀ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਡਿਊਲ ਦੀਆਂ ਅਪਰਾਧਿਕ ਗਤੀਵਿਧੀਆਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

ਇਸ ਸਬੰਧੀ ਐੱਫ.ਆਈ.ਆਰ. ਨੰਬਰ 8 ਮਿਤੀ 15/03/2024 ਨੂੰ ਆਈ.ਪੀ.ਸੀ. ਦੀ ਧਾਰਾ 120-ਬੀ ਅਤੇ ਅਸਲਾ ਐਕਟ ਦੀਆਂ ਧਾਰਾਵਾਂ 25(6) ਅਤੇ 25(7) ਤਹਿਤ ਥਾਣਾ ਸਟੇਟ ਕ੍ਰਾਈਮ, ਐੱਸ.ਏ.ਐੱਸ. ਨਗਰ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ।







Designed By Punjab Mail USA

# ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਅਮਰੀਕਾ ਹੋ ਸਕਦੈ ਦੀਵਾਲੀਆ : ਐਲੋਨ ਮਸਕ ਵੱਲੋਂ ਚੇਤਾਵਨੀ

**ਵਾਸ਼ਿੰਗਟਨ, (ਪੰਜਾਬ ਮੇਲ)-** ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਅਮਰੀਕਾ ਦੀਵਾਲੀਆ ਹੋ ਸਕਦਾ ਹੈ? ਭਾਵੇਂ ਬਹੁਤੇ ਲੋਕ ਇਸ ਸਵਾਲ ਦਾ ਜਵਾਬ ਨਾਂਹ ਵਿਚ ਦਿੰਦੇ ਹਨ। ਪਰ, ਅਮਰੀਕੀ ਅਰਬਪਤੀ ਅਤੇ ਟੇਸਲਾ ਅਤੇ ਸਪੇਸ ਐਕਸ ਦੇ ਮਾਲਕ ਐਲੋਨ ਮਸਕ ਅਮਰੀਕਾ ਦੇ ਦੀਵਾਲੀਆਪਨ ਨੂੰ ਲੈ ਕੇ ਚਿੰਤਤ ਹਨ। ਅਮਰੀਕੀਆਂ ਦੀਆਂ ਕੁਝ ਆਦਤਾਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੇ ਐਕਸ (ਪਹਿਲਾਂ ਟਵਿੱਟਰ) 'ਤੇ ਲਿਖਿਆ ਕਿ ਜੇਕਰ ਉਹ ਜਲਦੀ ਨਾ ਸੁਧਰੇ, ਤਾਂ ਅਮਰੀਕਾ ਦੇ ਕੰਗਾਲ ਹੋਣ 'ਚ ਦੇਰ ਨਹੀਂ ਲੱਗੇਗੀ। ਐਲੋਨ ਮਸਕ ਆਪਣੇ ਸਪੱਸ਼ਟ ਬੋਲਣ ਲਈ ਜਾਣੇ ਜਾਂਦੇ ਹਨ। ਉਹ ਸੋਸ਼ਲ ਮੀਡੀਆ 'ਤੇ ਕਾਫੀ ਐਕਟਿਵ ਰਹਿੰਦੇ ਹਨ। ਉਹ ਵਪਾਰ ਤੋਂ ਲੈ ਕੇ ਆਰਥਿਕਤਾ ਤੱਕ ਦੇ ਵੱਖ-ਵੱਖ ਮੁੱਦਿਆਂ 'ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਐਕਸ 'ਤੇ ਉਨ੍ਹਾਂ ਦੀਆਂ ਟਿੱਪਣੀਆਂ ਅਕਸਰ ਸੁਰਖੀਆਂ ਬਣਾਉਂਦੀਆਂ ਹਨ ਅਤੇ



ਵਿਵਾਦ ਵੀ ਪੈਦਾ ਕਰਦੀਆਂ ਹਨ। ਐਲੋਨ ਮਸਕ ਨੇ ਟਵਿੱਟਰ ਨੂੰ ਖਰੀਦਿਆ ਹੈ। ਪ੍ਰਾਪਤੀ ਤੋਂ ਬਾਅਦ ਉਨ੍ਹਾਂ ਨੇ ਟਵਿੱਟਰ ਨੂੰ ਐਕਸ ਦੇ ਰੂਪ ਵਿਚ ਰੀਬ੍ਰਾਂਡ ਕੀਤਾ ਹੈ। ਵਾਸਤਵ ਵਿਚ, ਇੱਕ ਐਕਸ ਯੂਜ਼ਰ @WallStreetSilv ਨੇ ਇਕ ਪੋਸਟ ਵਿਚ ਖਦਸ਼ਾ ਜ਼ਾਹਰ ਕੀਤਾ ਕਿ ਕੁਝ ਸਾਲਾਂ ਵਿਚ ਅਮਰੀਕੀ ਕਰਦਾਤਾਵਾਂ ਦਾ 100 ਫੀਸਦੀ ਪੈਸਾ ਸਿਰਫ ਰਾਸ਼ਟਰੀ ਕਰਜ਼ ਦਾ ਵਿਆਜ ਅਦਾ ਕਰਨ ਵਿਚ ਖਰਚ ਹੋ ਜਾਵੇਗਾ। ਅਮਰੀਕਾ ਵਿਚ ਹਾਲਾਤ ਇਹ ਹੋ ਜਾਣਗੇ ਕਿ ਅਮਰੀਕੀ ਸਰਕਾਰ ਨੂੰ ਟੈਕਸ ਤੋਂ ਹੋਣ ਵਾਲੀ ਪੂਰੀ ਕਮਾਈ ਸਿਰਫ ਵਿਆਜ ਦੀ ਅਦਾਇਗੀ ਵਿਚ ਹੀ ਖਰਚ ਕਰਨੀ ਪਵੇਗੀ। ਉਨ੍ਹਾਂ ਲਿਖਿਆ, 'ਇਹ ਅਗਲੇ ਕੁਝ ਸਾਲਾਂ ਵਿਚ ਦੇਖਣ ਲਈ ਇੱਕ ਸ਼ਾਨਦਾਰ ਸੰਖਿਆ ਹੈ। ਨਿੱਜੀ ਆਮਦਨ ਕਰ ਸਰਕਾਰੀ ਮਾਲੀਏ ਦਾ ਲਗਭਗ 1/2 ਹਿੱਸਾ ਹੈ। ਫਰਵਰੀ ਵਿਚ, ਯੂ.ਐੱਸ. ਸਰਕਾਰ ਨੇ ਨਿੱਜੀ ਆਮਦਨ ਟੈਕਸਾਂ ਤੋਂ 120 ਬਿਲੀਅਨ ਡਾਲਰ ਇਕੱਠੇ ਕੀਤੇ। ਸਰਕਾਰ ਨੇ ਦੇਸ਼ ਦੇ ਕਰਜ਼ੇ 'ਤੇ ਵਿਆਜ ਦੇਣ 'ਤੇ ਫਰਵਰੀ ਵਿਚ 76 ਬਿਲੀਅਨ ਡਾਲਰ ਖਰਚ ਕੀਤੇ ਸਨ। ਉਹ ਦਿਨ ਦੂਰ ਨਹੀਂ, ਜਦੋਂ ਕਰਜ਼ਿਆਂ 'ਤੇ ਵਿਆਜ ਅਦਾ ਕਰਨ ਲਈ 100, ਨਿੱਜੀ ਆਮਦਨ ਟੈਕਸ ਦੀ ਲੋੜ ਹੋਵੇਗੀ। ਉਸੇ ਪੋਸਟ ਦੇ ਜਵਾਬ ਵਿਚ, ਮਸਕ ਨੇ ਲਿਖਿਆ, "ਵੱਧ ਖਰਚ ਕਰਨਾ ਬੰਦ ਹੋਣਾ ਚਾਹੀਦਾ ਹੈ, ਨਹੀਂ ਤਾਂ ਅਮਰੀਕਾ ਦੀਵਾਲੀਆ ਹੋ ਜਾਵੇਗਾ।" ਜ਼ਿਕਰਯੋਗ ਹੈ ਕਿ ਉੱਥੇ ਦੇ ਕਈ ਅਰਥ ਸ਼ਾਸਤਰੀਆਂ ਨੇ ਅਮਰੀਕਾ ਦੇ ਵਧਦੇ ਕਰਜ਼ੇ 'ਤੇ ਚਿੰਤਾ ਪ੍ਰਗਟਾਈ ਹੈ। ਮਹਿੰਗਾਈ 'ਤੇ ਕਾਬੂ ਪਾਉਣ ਲਈ ਵਿਆਜ ਦਰਾਂ 'ਚ ਕੀਤੇ ਭਾਰੀ ਵਾਧੇ ਦਾ ਅਮਰੀਕੀ ਅਰਥਚਾਰੇ 'ਤੇ ਵੀ ਮਾੜਾ ਅਸਰ ਪਿਆ ਹੈ।

# ਮੁੜ ਦੁਨੀਆਂ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਬਣੀ ਦਿੱਲੀ

**■ ਬਿਹਾਰ ਦਾ ਬੇਗੂਸਰਾਏ ਸਭ ਤੋਂ ਪ੍ਰਦੂਸ਼ਤ ਮਹਾਨਗਰ**

**ਨਵੀਂ ਦਿੱਲੀ, (ਪੰਜਾਬ ਮੇਲ)-** ਬਿਹਾਰ ਦਾ ਬੇਗੂਸਰਾਏ ਦੁਨੀਆਂ ਦਾ ਸਭ ਤੋਂ ਵੱਧ ਪ੍ਰਦੂਸ਼ਤ ਮਹਾਨਗਰ ਇਲਾਕਾ ਬਣ ਗਿਆ ਹੈ, ਜਦੋਂਕਿ ਦਿੱਲੀ ਨੂੰ ਹਵਾ ਦੀ ਸਭ ਤੋਂ ਖ਼ਰਾਬ ਗੁਣਵੱਤਾ ਵਾਲੇ ਰਾਜਧਾਨੀ ਸ਼ਹਿਰ ਵਜੋਂ ਦਰਜ ਕੀਤਾ ਗਿਆ ਹੈ। ਸਵਿਸ ਸੰਗਠਨ ਆਈਕਿਊਏਅਰ ਵੱਲੋਂ ਵਿਸ਼ਵ ਹਵਾ ਗੁਣਵੱਤਾ ਰਿਪੋਰਟ 2023 ਅਨੁਸਾਰ ਭਾਰਤ ਸਭ ਤੋਂ ਖਰਾਬ ਹਵਾ ਵਾਲੇ ਦੇਸ਼ਾਂ ਵਿਚੋਂ ਤੀਜੇ ਸਥਾਨ 'ਤੇ ਹੈ। ਪਹਿਲੇ ਸਥਾਨ 'ਤੇ ਬੰਗਲਾਦੇਸ਼ ਤੇ ਦੂਜੇ ਨੰਬਰ 'ਤੇ ਪਾਕਿਸਤਾਨ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਹਰ ਸਾਲ ਦੁਨੀਆਂ ਭਰ ਵਿਚ ਲਗਪਗ 70 ਲੱਖ ਹਵਾ ਪ੍ਰਦੂਸ਼ਣ ਕਾਰਨ ਸਮੇਂ ਤੋਂ ਪਹਿਲਾਂ ਮਰ ਜਾਂਦੇ ਹਨ। ਹਵਾ ਪ੍ਰਦੂਸ਼ਣ ਦਮਾ, ਕੈਂਸਰ, ਸਟ੍ਰੋਕ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਸਮੇਤ ਕਈ ਹੋਰ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ।

# ਕੈਨੇਡਾ 'ਚ 23 ਸਾਲਾ ਪੰਜਾਬੀ ਨੌਜਵਾਨ ਲਾਪਤਾ

**ਸਰੀ, (ਪੰਜਾਬ ਮੇਲ)-** ਕੈਨੇਡਾ ਵਿਚ ਪਿਛਲੇ ਦੋ ਹਫਤਿਆਂ ਦੌਰਾਨ ਤੀਜੇ ਪੰਜਾਬੀ ਨੌਜਵਾਨ ਦੇ ਲਾਪਤਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਲਾਪਤਾ ਨੌਜਵਾਨ ਜਸਦੀਪ ਪਰਮਾਰ (23) ਦੀ ਭਾਲ ਕਰ ਰਹੀ ਸਰੀ ਆਰ.ਸੀ.ਐੱਮ.ਪੀ. ਨੇ ਲੋਕਾਂ ਤੋਂ ਮਦਦ ਮੰਗੀ ਹੈ। ਪੁਲਿਸ ਨੇ ਦੱਸਿਆ ਕਿ ਜਸਦੀਪ ਪਰਮਾਰ ਨੂੰ ਆਖਰੀ ਵਾਰ 15 ਮਾਰਚ ਨੂੰ ਬਾਅਦ ਦੁਪਹਿਰ ਤਕਰੀਬਨ 3 ਵਜੇ 86ਵੇਂ ਐਵੇਨਿਊ ਦੇ 14700 ਬਲਾਕ ਵਿਚ ਦੇਖਿਆ ਗਿਆ। ਜਸਦੀਪ ਪਰਮਾਰ ਦਾ ਹੁਲੀਆ ਜਾਰੀ ਕਰਦਿਆਂ ਆਰ.ਸੀ.ਐੱਮ.ਪੀ. ਨੇ ਕਿਹਾ ਕਿ ਉਸ ਦਾ ਕੱਦ 5 ਫੁੱਟ 11 ਇੰਚ ਅਤੇ ਸਰੀਰ ਪਤਲਾ ਹੈ। ਉਸ ਦੇ ਵਾਲ ਕਾਲੇ ਅਤੇ ਆਖਰੀ ਵਾਰ ਦੇਖੇ ਜਾਣ ਵੇਲੇ ਉਸ ਨੇ ਕਾਲੇ ਰੰਗ ਦੀ ਟੌਮੀ ਹਿਲਫਾਇਰ ਜੈਕਟ, ਕਾਲੀ ਪੈਂਟ ਅਤੇ ਸਫੈਦ ਸ਼ੂਜ਼ ਪਹਿਨੇ ਹੋਏ ਸਨ।



ਜਸਦੀਪ ਪਰਮਾਰ ਦਾ ਪਰਿਵਾਰ ਅਤੇ ਪੁਲਿਸ ਉਸ ਦੀ ਸੁੱਖ-ਸਾਂਦ ਪ੍ਰਤੀ ਬੇਹੱਦ ਚਿੰਤਤ ਹਨ। ਪੁਲਿਸ ਮੁਤਾਬਕ ਉਸ ਨੂੰ ਨਜ਼ਰ ਦੀ ਐਨਕ ਵੀ ਲੱਗੀ ਹੋਈ ਹੈ ਅਤੇ ਜੇ ਕਿਸੇ ਕੋਲ ਜਸਦੀਪ ਪਰਮਾਰ ਦੇ ਪਤੇ-ਟਿਕਾਣੇ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਸਰੀ ਆਰ.ਸੀ.ਐੱਮ.ਪੀ. ਨਾਲ 604-599-0502 'ਤੇ ਸੰਪਰਕ ਕਰਦਿਆਂ ਫਾਈਲ ਨੰਬਰ 2024-36837 ਦਾ ਹਵਾਲਾ ਦੇਵੇ। ਪੁਲਿਸ ਦੇ ਇਲਾਵਾ ਜਸਦੀਪ ਦੇ ਰਿਸ਼ਤੇਵਾਰਾਂ ਨੇ ਵੀ ਉਸ ਦੀ ਭਾਲ ਵਿਚ ਮਦਦ ਲਈ ਲੋਕਾਂ ਨੂੰ ਅਪੀਲ ਕੀਤੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਜਸਦੀਪ ਪਰਮਾਰ ਤੀਜਾ ਪੰਜਾਬੀ ਨੌਜਵਾਨ ਹੈ, ਜੋ ਕਿ ਪਿਛਲੇ ਕੁਝ ਦਿਨਾਂ ਵਿਚ ਲਾਪਤਾ ਹੋਇਆ। ਇਸ ਤੋਂ ਪਹਿਲਾਂ ਪ੍ਰਭਜੋਤ ਲਾਲੀ ਦੇ ਲਾਪਤਾ ਹੋਣ ਦੀ ਰਿਪੋਰਟ ਆਈ ਸੀ, ਜਦਕਿ ਨਮਨਪ੍ਰੀਤ ਰੰਧਾਵਾ ਦੇ ਗੁੰਮਸ਼ੁਦਗੀ ਬਾਰੇ ਵੀ ਪੁਲਿਸ ਨੇ ਇਕ ਬਿਆਨ ਜਾਰੀ ਕਰਦਿਆਂ ਉਸ ਦੀ ਭਾਲ ਵਾਸਤੇ ਮਦਦ ਮੰਗੀ ਹੈ।

# ਹਰ ਰੋਜ਼ ਅਸਤੀਫਾ ਦੇਣ ਬਾਰੇ ਸੋਚਦਾ ਹਾਂ : ਜਸਟਿਨ ਟਰੂਡੋ

**■ ਆਪਣੀ ਨੌਕਰੀ ਨੂੰ ਦੱਸਿਆ ਔਖਾ**

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੀ ਨੌਕਰੀ ਨੂੰ ਔਖਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਉਹ ਹਰ ਰੋਜ਼ ਅਸਤੀਫ਼ਾ ਦੇਣ ਬਾਰੇ ਸੋਚਦੇ ਹਨ। ਇਕ ਇੰਟਰਵਿਊ 'ਚ ਉਨ੍ਹਾਂ ਕਿਹਾ ਕਿ ਮੈਂ ਹਰ ਰੋਜ਼ ਸਿਆਸਤ ਛੱਡਣ ਬਾਰੇ ਸੋਚਦਾ ਹਾਂ। ਅਸਤੀਫਾ ਦੇਣ ਦਾ ਖਿਆਲ ਹਰ ਰੋਜ਼ ਆਉਂਦਾ ਹੈ। ਇਹ ਇੱਕ ਪਾਗਲਪਨ ਹੈ, ਜੋ ਮੈਂ ਕਰ ਰਿਹਾ ਹਾਂ। ਰਾਜਨੀਤੀ ਵਿਚ ਨਿੱਜੀ ਕੁਰਬਾਨੀ ਦੇਣੀ ਪੈਂਦੀ ਹੈ। ਟਰੂਡੋ ਅਗਸਤ 2023 ਵਿਚ ਆਪਣੀ ਪਤਨੀ ਸੋਫੀ ਤੋਂ ਵੱਖ ਹੋਏ ਸਨ। ਵਿਆਹ ਦੇ 18 ਸਾਲ ਬਾਅਦ ਦੋਹਾਂ ਨੇ ਵੱਖ ਹੋਣ ਦਾ ਫੈਸਲਾ ਕੀਤਾ ਸੀ। ਦੋਵਾਂ ਦੇ 3 ਬੱਚੇ ਹਨ।

ਜਸਟਿਨ ਟਰੂਡੋ ਨਵੰਬਰ 2015 ਵਿਚ ਕੈਨੇਡਾ ਦੇ 23ਵੇਂ ਪ੍ਰਧਾਨ ਮੰਤਰੀ ਬਣੇ। ਉਹ ਅਪ੍ਰੈਲ 2013 ਤੋਂ ਲਿਬਰਲ ਪਾਰਟੀ ਦੇ ਨੇਤਾ ਹਨ। ਕੈਨੇਡਾ ਵਿਚ ਅਕਤੂਬਰ 2025 ਵਿਚ ਆਮ ਚੋਣਾਂ ਹੋਣੀਆਂ ਹਨ। ਇਸ ਤੋਂ ਪਹਿਲਾਂ ਉੱਥੇ ਪ੍ਰਧਾਨ ਮੰਤਰੀ ਦੇ ਚਿਹਰੇ ਦਾ ਸਰਵੇਖਣ ਕੀਤਾ ਜਾ ਰਿਹਾ ਹੈ। ਇਨ੍ਹਾਂ ਸਰਵੇਖਣਾਂ 'ਚ ਟਰੂਡੋ ਕਾਫੀ ਪਿੱਛੇ ਨਜ਼ਰ ਆ ਰਹੇ ਹਨ। ਉਸ ਦੀ ਲੋਕਪ੍ਰਿਅਤਾ ਘਟਦੀ ਨਜ਼ਰ ਆ ਰਹੀ ਹੈ। ਸਰਵੇਖਣ ਮੁਤਾਬਕ ਉਨ੍ਹਾਂ ਦੀ ਲਿਬਰਲ ਪਾਰਟੀ ਵੀ ਕੰਜ਼ਰਵੇਟਿਵ ਪਾਰਟੀ ਤੋਂ ਪਛੜ ਰਹੀ ਹੈ।

ਇਸ ਸਬੰਧੀ ਗੱਲਬਾਤ ਕਰਦਿਆਂ ਉਨ੍ਹਾਂ ਸਿਆਸਤ ਛੱਡਣ ਦਾ ਜ਼ਿਕਰ ਕੀਤਾ। ਹਾਲਾਂਕਿ ਉਨ੍ਹਾਂ ਕਿਹਾ ਕਿ ਉਹ ਅਗਲੀਆਂ ਚੋਣਾਂ ਤੱਕ ਅਸਤੀਫਾ ਨਹੀਂ ਦੇਣਗੇ। ਉਨ੍ਹਾਂ ਕਿਹਾ, ਮੈਂ



ਮਸ਼ਹੂਰ ਹੋਣ ਲਈ ਰਾਜਨੀਤੀ ਵਿਚ ਨਹੀਂ ਆਇਆ ਅਤੇ ਨਾ ਹੀ ਮੇਰੇ ਕੋਲ ਰਾਜਨੀਤੀ ਵਿਚ ਆਉਣ ਦਾ ਕੋਈ ਨਿੱਜੀ ਕਾਰਨ ਸੀ। ਮੈਂ ਸਿਰਫ ਲੋਕਾਂ ਦੀ ਸੇਵਾ ਕਰਨ ਲਈ ਸਿਆਸਤਦਾਨ ਬਣਿਆ ਹਾਂ ਅਤੇ ਮੈਨੂੰ ਪਤਾ ਹੈ ਕਿ ਮੈਂ ਅਜਿਹਾ ਕਰ ਰਿਹਾ ਹਾਂ।

ਟਰੂਡੋ ਕੈਨੇਡਾ ਦੇ ਦੂਜੇ ਪ੍ਰਧਾਨ ਮੰਤਰੀ ਹਨ, ਜੋ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਰਹਿੰਦੇ ਹੋਏ ਆਪਣੀ ਪਤਨੀ ਤੋਂ ਵੱਖ ਹੋਏ ਹਨ। ਉਨ੍ਹਾਂ ਤੋਂ ਪਹਿਲਾਂ ਉਨ੍ਹਾਂ ਦੇ ਪਿਤਾ ਅਤੇ ਸਾਬਕਾ ਪ੍ਰਧਾਨ ਮੰਤਰੀ ਪੀਅਰੇ ਟਰੂਡੋ 1979 ਵਿਚ ਆਪਣੀ ਪਤਨੀ ਮਾਰਗਰੇਟ ਤੋਂ ਵੱਖ ਹੋ ਗਏ ਸਨ ਅਤੇ 1984 ਵਿਚ ਉਨ੍ਹਾਂ ਦਾ ਤਲਾਕ ਹੋ ਗਿਆ ਸੀ। ਜਸਟਿਨ ਅਤੇ ਸੋਫੀ ਦਾ ਵਿਆਹ ਮਈ 2005 ਵਿਚ ਹੋਇਆ ਸੀ। ਜਸਟਿਨ ਟਰੂਡੋ ਪਰਿਵਾਰ ਦੀ ਮਹੱਤਤਾ ਬਾਰੇ ਕਈ ਵਾਰ ਜਨਤਕ ਤੌਰ 'ਤੇ ਬੋਲ ਚੁੱਕੇ ਹਨ।

2020 ਵਿਚ ਆਪਣੇ ਵਿਆਹ ਦੀ ਵਰ੍ਹੇਗੰਢ 'ਤੇ, ਪੀ.ਐੱਮ. ਟਰੂਡੋ ਨੇ ਕਿਹਾ ਸੀ ਕਿ ਉਨ੍ਹਾਂ ਦੀ ਪਤਨੀ ਉਨ੍ਹਾਂ ਦੀ ਸਭ ਤੋਂ ਵੱਡੀ ਸਮਰਥੱਕ, ਸਭ ਤੋਂ ਵਧੀਆ ਦੋਸਤ ਅਤੇ ਇੱਕ ਵਧੀਆ ਸਾਥੀ ਰਹੀ ਹੈ।






# ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦੇ ਨਵ-ਪ੍ਰਕਾਸ਼ਿਤ ਨਾਵਲ 'ਨਾਬਰ' 'ਤੇ ਹੋਈ ਭਰਵੀਂ ਵਿਚਾਰ ਚਰਚਾ




**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਵੈਨਕੂਵਰ ਵਿਚਾਰ ਮੰਚ ਵੱਲੋਂ ਬੀਤੇ ਦਿਨੀਂ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦੇ ਨਵ-ਪ੍ਰਕਾਸ਼ਿਤ ਨਾਵਲ 'ਨਾਬਰ' 'ਤੇ ਵਿਚਾਰ-ਚਰਚਾ ਕਰਨ ਲਈ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਦੇ ਵਿਹੜੇ ਵਿਚ ਕਰਵਾਏ ਗਏ ਇਸ ਸਮਾਗਮ ਦੀ ਪ੍ਰਧਾਨਗੀ ਜਰਨੈਲ ਸਿੰਘ ਸੇਖਾ, ਪ੍ਰੋ. ਹਰਿੰਦਰ ਕੌਰ ਸੋਹੀ ਅਤੇ ਡਾ. ਹਰਜੋਤ ਕੌਰ ਖਹਿਰਾ ਨੇ ਕੀਤੀ। ਇਸ ਸਮਾਗਮ ਵਿਚ ਨਾਵਲ ਉੱਪਰ ਬਹੁਤ ਹੀ ਸਾਰਥਿਕ ਵਿਚਾਰ ਚਰਚਾ ਹੋਈ, ਜਿਸ ਵਿਚ ਸਰੀ, ਬਰਨਬੀ, ਵੈਨਕੂਵਰ ਤੋਂ ਪਹੁੰਚੇ ਕਈ ਵਿਦਵਾਨਾਂ, ਸਾਹਿਤਕਾਰਾਂ ਨੇ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ।

ਸਮਾਗਮ ਦਾ ਆਗਾਜ਼ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਉਨ੍ਹਾਂ ਵੈਨਕੂਵਰ ਵਿਚਾਰ ਮੰਚ ਦੀ ਸਥਾਪਨਾ ਸਬੰਧੀ ਸੰਖੇਪ ਵਿਚ ਜਾਣਕਾਰੀ ਪ੍ਰਦਾਨ ਕੀਤੀ। ਮੰਚ ਸੰਚਾਲਕ ਮੋਹਨ ਗਿੱਲ ਨੇ ਸ਼ੁਰੂਆਤ ਵਿਚ ਜਰਨੈਲ ਸਿੰਘ ਸੇਖਾ ਦੇ ਸਾਹਿਤਕ ਸਫਰ ਬਾਰੇ ਦੱਸਦਿਆਂ ਕਿਹਾ ਕਿ ਪੰਜਾਬੀ ਸਾਹਿਤ ਵਿਚ ਉਨ੍ਹਾਂ ਦਾ ਮਾਨਯੋਗ ਸਥਾਨ ਹੈ। ਸ. ਸੇਖਾ ਹੁਣ ਤੱਕ ਦੋ ਕਹਾਣੀ ਸੰਗ੍ਰਹਿ ਅਤੇ ਚਾਰ ਨਾਵਲ ਪੰਜਾਬੀ ਸਾਹਿਤ ਨੂੰ ਦੇ ਚੁੱਕੇ ਹਨ। ਇਹ ਉਨ੍ਹਾਂ ਦਾ ਪੰਜਵਾਂ ਨਾਵਲ ਹੈ। ਉਨ੍ਹਾਂ ਦਾ ਇੱਕ ਸਫਰਨਾਮਾ 'ਦੁੱਲੇ ਦੀ ਢਾਬ' ਵੀ ਛੱਪ ਚੁੱਕਿਆ ਹੈ ਅਤੇ 'ਕੰਡਿਆਰੇ ਪੰਧ' ਉਨ੍ਹਾਂ ਦੀ ਸਵੈ-ਜੀਵਨੀ ਦੀ ਵੱਡ ਅਕਾਰੀ ਪੁਸਤਕ ਹੈ। ਉਨ੍ਹਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਹਿੰਦੀ ਵਿਚ ਵੀ ਛੱਪ ਚੁੱਕੀਆਂ ਹਨ। ਮੋਹਨ ਗਿੱਲ ਨੇ ਡਾ. ਗੁਰਮਿੰਦਰ ਸਿੱਧੂ ਵੱਲੋਂ ਇਸ ਨਾਵਲ ਲਈ ਭੇਜਿਆ ਕਾਵਿਕ ਸੁਨੇਹਾ ਵੀ ਪੜ੍ਹਿਆ।

ਨਾਵਲ ਉੱਪਰ ਪਹਿਲਾ ਪਰਚਾ ਡਾ. ਹਰਜੋਤ ਕੌਰ ਖਹਿਰਾ ਨੇ ਪੇਸ਼ ਕੀਤਾ। ਉਨ੍ਹਾਂ ਆਪਣੇ ਪਰਚੇ ਵਿਚ ਕਿਹਾ ਕਿ ਇਹ ਨਾਵਲ ਸਾਰੇ ਦਾ ਸਾਰਾ ਬਹੁਤ ਸਾਰੇ ਘਟਨਾਕ੍ਰਮ ਦੇ ਰਾਹੀਂ ਰਾਜਨੀਤਿਕ ਅਤੇ ਇਤਿਹਾਸਿਕ ਪੜਾਵਾਂ ਵਿਚੋਂ ਗੁਜ਼ਰਦਾ ਹੋਇਆ ਵਰਤਮਾਨ ਸਮੇਂ ਵਿਚ ਸ਼ਾਮਲ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਵਲ ਦਾ ਬਿਰਤਾਂਤ 1965 ਤੋਂ ਸ਼ੁਰੂ ਹੁੰਦਾ ਹੈ ਅਤੇ ਏਨੇ ਲੰਮੇਂ ਅਰਸੇ ਦੌਰਾਨ ਦੀਆਂ ਚਾਰ ਪੀੜ੍ਹੀਆਂ ਦੀ ਦਾਸਤਾਨ, ਇਸ ਸਮੇਂ ਦੇ ਸਮਾਜਿਕ, ਪਰਿਵਾਰਕ ਹਾਲਾਤ ਦੀ ਬਹੁਤ ਸਹੀ ਜਾਣਕਾਰੀ ਦੇਣ ਵਿਚ ਨਾਵਲਕਾਰ ਸਫਲ ਰਿਹਾ ਹੈ।

ਦੂਜਾ ਪਰਚਾ ਪ੍ਰੋ. ਹਰਿੰਦਰ ਕੌਰ ਸੋਹੀ ਵੱਲੋਂ ਪੜ੍ਹਿਆ ਗਿਆ। ਮੈਡਮ ਸੋਹੀ ਨੇ ਨਾਵਲ ਦੇ ਵਿਸ਼ਾ ਪੱਖ ਅਤੇ ਕਲਾ ਪੱਖ ਦੀ ਗੱਲ ਕੀਤੀ।

ਰਾਜਵੰਤ ਰਾਜ ਨੇ ਆਪਣੇ ਸੰਖੇਪ ਪਰਚੇ ਵਿਚ ਕਿਹਾ ਕਿ 'ਨਾਬਰ' ਨਾਵਲ ਦੇ ਵਿਚ ਵੱਡਾ ਸਨੇਹਾ ਇਹ ਦਿੱਤਾ ਗਿਆ ਹੈ ਕਿ ਔਰਤ ਅਤੇ ਮਰਦ ਇੱਕ ਦੂਜੇ ਦੇ ਪੂਰਕ ਹਨ, ਕਿਸੇ ਨੂੰ ਵੀ ਕਿਸੇ ਉੱਤੇ ਜ਼ੁਲਮ ਕਰਨ ਦਾ ਹੱਕ ਨਹੀਂ ਹੈ। ਇਹ ਨਾਵਲ ਨਾ-ਬਰਾਬਰੀ ਵਾਲੀ ਪਹੁੰਚ ਨੂੰ ਰੱਦ ਕਰਕੇ ਬਰਾਬਰੀ ਵਾਲੀ ਪਹੁੰਚ ਦੀ ਹਾਮੀ ਭਰਦਾ ਹੈ।

ਪੱਤਰਕਾਰ ਅਤੇ ਸਾਹਿਤਕਾਰ ਬਖ਼ਸ਼ਿੰਦਰ ਨੇ ਕਿਹਾ ਕਿ ਨਾਵਲਕਾਰ ਪਹਿਲੇ ਸੰਵਾਦ ਤੋਂ ਹੀ ਇਹ ਦੱਸਣ ਦਾ ਆਹਰ ਕਰਦਾ ਦਿੱਸਣ ਲੱਗ ਪੈਂਦਾ ਹੈ ਕਿ ਉਸ ਦਾ ਵਿਸ਼ਾ ਮਰਦ ਔਰਤ ਵਿਚਲੀ ਅਸਮਾਨਤਾ ਹੀ ਹੈ। ਨਾਵਲਕਾਰ ਦੇ ਲੇਖਕੀ ਅਮਲ ਦਾ ਇਕ ਵੱਡਾ ਨੁਕਸ ਹੈ। ਉਨ੍ਹਾਂ ਨਾਵਲ ਵਿਚ ਕਈ ਥਾਈਂ ਦੋਹਰਾਏ ਗਏ ਸੰਵਾਦ ਉਪਰ ਵੀ ਉਂਗਲ ਉਠਾਈ। ਪ੍ਰਸਿੱਧ ਸ਼ਾਇਰ ਅਜਮੇਰ ਰੋਡੇ ਨੇ ਨਾਵਲ ਦੇ ਅੰਤ ਉੱਤੇ ਨਾਵਲਕਾਰ ਵੱਲੋਂ ਕਾਹਲੀ ਕਰਨ ਦੀ ਗੱਲ ਕਹੀ। ਡਾ. ਪ੍ਰਿਥੀਪਾਲ ਸਿੰਘ ਸੋਹੀ ਨੇ ਕਿਹਾ ਕਿ 90 ਸਾਲਾਂ ਦੀ ਜ਼ਿੰਦਗੀ ਦੌਰਾਨ ਵੱਖ-ਵੱਖ ਪੜਾਅ ਹੰਢਾਅ ਚੁੱਕੇ ਜਰਨੈਲ ਸਿੰਘ ਸੇਖਾ ਨੇ ਇਸ ਨਾਵਲ ਰਾਹੀਂ ਜਗੀਰੂਵਾਦ, ਪੂੰਜੀਵਾਦ ਅਤੇ ਵਿਅਕਤੀਵਾਦ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ।

ਨਾਵਲ ਉੱਪਰ ਹੋਰਨਾਂ ਤੋਂ ਇਲਾਵਾ ਸੁਰਜੀਤ ਕੌਰ ਕਲਸੀ, ਗੁਰਮੀਤ ਸਿੰਘ ਸਿੱਧੂ, ਗੁਰਦਰਸ਼ਨ ਸਿੰਘ ਬਾਦਲ, ਇੰਦਰਜੀਤ ਸਿੰਘ ਧਾਮੀ, ਸੁਰਿੰਦਰ ਚਾਹਲ, ਅਮਰੀਕ ਪਲਾਹੀ, ਮੀਨੂ ਬਾਵਾ, ਅਸ਼ੋਕ ਭਾਰਗਵ, ਜਸਬੀਰ ਕੌਰ ਮਾਨ, ਦਰਸ਼ਨ ਸੰਘਾ ਅਤੇ ਬਿੰਦੂ ਮਠਾੜੂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਅੰਤ ਵਿਚ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਵਿਚਾਰ ਚਰਚਾ ਵਿਚ ਸ਼ਾਮਿਲ ਸਭਨਾਂ ਵਿਦਵਾਨਾਂ ਲੇਖਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਵਿਦਵਾਨਾਂ ਵੱਲੋਂ ਮਿਲੇ ਸੁਝਾਵਾਂ ਉੱਪਰ ਉਹ ਜ਼ਰੂਰ ਗੌਰ ਕਰਨਗੇ। ਸਮੁੱਚੇ ਸਮਾਗਮ ਦਾ ਸੰਚਾਲਨ ਮੋਹਨ ਗਿੱਲ ਅਤੇ ਅੰਗਰੇਜ਼ ਬਰਾੜ ਨੇ ਬਾਖ਼ੂਬੀ ਕੀਤਾ। ਵਿਚਾਰ ਚਰਚਾ ਤੋਂ ਪਹਿਲਾਂ ਨਾਵਲ ਰਿਲੀਜ਼ ਕਰਨ ਦੀ ਰਸਮ ਡਾ. ਹਰਜੋਤ ਕੌਰ ਖਹਿਰਾ, ਪ੍ਰੋ. ਹਰਿੰਦਰ ਕੌਰ ਸੋਹੀ ਅਤੇ ਮੰਚ ਤੇ ਸੇਖਾ ਪਰਿਵਾਰ ਦੇ ਮੈਂਬਰਾਂ ਨੇ ਅਦਾ ਕੀਤੀ।

# ਕੈਨੇਡਾ 'ਚ ਵੱਡੀ ਗਿਣਤੀ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਰਫਿਊਜ਼ੀ ਸ਼ਰਨ ਲਈ ਅਰਜ਼ੀਆਂ

**ਓਨਟਾਰੀਓ, (ਪੰਜਾਬ ਮੇਲ)-** ਕੈਨੇਡਾ 'ਚ ਕੌਮਾਂਤਰੀ ਵਿਦਿਆਰਥੀਆਂ ਨੂੰ ਲੈ ਕੇ ਹੈਰਾਨੀਜਨਕ ਖ਼ੁਲਾਸਾ ਹੋਇਆ ਹੈ। ਖ਼ੁਲਾਸੇ ਮੁਤਾਬਕ ਵੱਡੀ ਗਿਣਤੀ ਵਿਚ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਰਫਿਊਜ਼ੀ ਸ਼ਰਨ ਲਈ ਅਰਜ਼ੀਆਂ ਦਿੱਤੀਆਂ ਜਾ ਰਹੀਆਂ ਹਨ। ਪਿਛਲੇ ਲੰਬੇ ਅਰਸੇ ਤੋਂ ਕੈਨੇਡਾ ਪੰਜਾਬੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ, ਜਿਸ ਦੇ ਚੱਲਦਿਆਂ ਬਹੁਤ ਸਾਰੇ ਨੌਜਵਾਨਾਂ ਵੱਲੋਂ ਕੈਨੇਡਾ ਜਾਣ ਲਈ ਸਿੱਧੇ-ਅਸਿੱਧੇ ਹਰ ਤਰ੍ਹਾਂ ਦੇ ਤਰੀਕੇ ਵਰਤੇ ਜਾ ਰਹੇ ਹਨ। ਮੌਜੂਦਾ ਸਮੇਂ ਵੱਡੀ ਗਿਣਤੀ 'ਚ ਵਿਦਿਆਰਥੀਆਂ ਵੱਲੋਂ ਭਾਰਤ ਵਿਚ ਖ਼ਤਰਾ ਹੋਣ ਦੀ ਗੱਲ ਆਖ ਕੇ ਰਫਿਊਜ਼ੀ ਦਾ ਦਾਅਵਾ ਕਰਕੇ ਸ਼ਰਨ ਮੰਗੀ ਜਾ ਰਹੀ ਹੈ। ਅਜਿਹਾ ਦਾਅਵਾ ਕਰਨ ਵਾਲੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਿਚ 4.5 ਗੁਣਾ ਵਾਧਾ ਦੇਖਣ ਨੂੰ ਮਿਲ ਰਿਹਾ ਹੈ।

ਵਾਟਰਲੂ ਰੀਜ਼ਨ ਰਿਕਾਰਡ ਦੀ ਇਕ ਰਿਪੋਰਟ ਮੁਤਾਬਕ ਇਕੱਲੇ ਕਾਂਸਟੋਗਾ ਕਾਲਜ ਵਿਚ ਅਜਿਹੇ ਦਾਅਵੇ ਸਾਢੇ ਚਾਰ ਗੁਣਾ ਵਧ ਗਏ ਹਨ। ਸਾਲ 2022 ਵਿਚ 106 ਵਿਦਿਆਰਥੀਆਂ ਵੱਲੋਂ ਅਜਿਹੇ ਦਾਅਵੇ ਕੀਤੇ ਗਏ ਸੀ ਪਰ ਸਾਲ 2023 ਵਿਚ ਵਧ ਕੇ ਇਨ੍ਹਾਂ ਦੀ ਗਿਣਤੀ 450 ਹੋ ਗਈ ਹੈ। ਦਰਅਸਲ ਕੈਨੇਡਾ ਵਿਚ ਜੇਕਰ ਕੋਈ ਸੰਸਥਾ ਕੈਨੇਡੀਅਨ ਕੌਮਾਂਤਰੀ ਸਿੱਖਿਆ ਪ੍ਰੋਗਰਾਮ ਦਾ ਪ੍ਰਤੀਕ ਰਹੀ ਹੈ, ਤਾਂ ਉਹ ਕਿਚਨਰ ਵਿਚ ਕਾਂਸਟੋਗਾ ਕਾਲਜ ਹੈ, ਜੋ ਟੋਰਾਂਟੋ ਤੋਂ ਕਰੀਬ 100 ਕਿਲੋਮੀਟਰ ਦੂਰ ਪੱਛਮ ਵਿਚ ਪੈਂਦਾ ਹੈ। ਇੱਥੇ ਪਿਛਲੇ ਤਿੰਨ ਸਾਲਾਂ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਨਾਮਜ਼ਦਗੀ ਵਿਚ ਸਭ ਤੋਂ ਤੇਜ਼ ਵਾਧਾ ਦੇਖਿਆ ਗਿਆ। ਸਾਲ 2021 ਵਿਚ ਇੱਥੇ 13 ਹਜ਼ਾਰ ਵਿਦਿਆਰਥੀ ਨਾਮਜ਼ਦ ਸਨ, ਜਿਨ੍ਹਾਂ ਦੀ ਗਿਣਤੀ ਸਾਲ 2023 ਵਿਚ ਵਧ ਕੇ 30 ਹਜ਼ਾਰ ਤੋਂ ਵੀ ਉਪਰ ਹੋ ਗਈ। ਇਹ ਰਿਕਾਰਡ ਗਿਣਤੀ ਕੈਨੇਡਾ ਦੇ ਕਿਸੇ ਵੀ ਹੋਰ ਕਾਲਜ ਨੂੰ ਪਿੱਛੇ ਛੱਡਦਿਆਂ ਕੈਨੇਡਾ ਲਈ ਕਰੋੜਾਂ ਡਾਲਰ ਲੈ ਕੇ ਆਈ ਪਰ ਹੁਣ ਸਰਕਾਰ ਵੱਲੋਂ ਕੌਮਾਂਤਰੀ ਸਿੱਖਿਆ ਪ੍ਰੋਗਰਾਮ 'ਤੇ ਨਕੇਲ ਕੱਸਣ ਦੇ ਨਾਲ ਹੋਰ ਕਾਲਜਾਂ ਨੇ ਕਾਂਸਟੋਗਾ ਕਾਲਜ 'ਤੇ ਉਂਗਲਾਂ ਉਠਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਮੌਜੂਦਾ ਸਮੇਂ ਬੇਸ਼ੱਕ ਕੈਨੇਡਾ ਦੇ ਬਹੁਤ ਸਾਰੇ ਕਾਲਜ ਕਾਫ਼ੀ ਘਬਰਾਏ ਹੋਏ ਹਨ, ਪਰ ਉਹ ਪੀੜਤ ਨਹੀਂ, ਪੀੜਤ ਤਾਂ ਸਿਰਫ਼ ਕੌਮਾਂਤਰੀ ਵਿਦਿਆਰਥੀ ਹਨ, ਜਿਹੜੇ ਹਜ਼ਾਰਾਂ ਡਾਲਰ ਖ਼ਰਚ ਕਰਕੇ ਕੈਨੇਡਾ ਵਿਚ ਇਸ ਉਮੀਦ ਨਾਲ ਆਏ ਹਨ ਕਿ ਉਨ੍ਹਾਂ ਨੂੰ ਇੱਥੇ ਸਥਾਈ ਨਿਵਾਸ ਮਿਲ ਜਾਵੇਗਾ ਪਰ ਉਨ੍ਹਾਂ ਦਾ ਇਹ ਸੁਪਨਾ ਜਲਦੀ ਪੂਰਾ ਹੁੰਦਾ ਨਹੀਂ ਜਾਪਦਾ। ਭਾਵੇਂ ਕਿ ਕੈਨੇਡਾ ਪਹਿਲਾਂ ਤੋਂ ਕਿਤੇ ਜ਼ਿਆਦਾ ਗੈਰ ਪ੍ਰਵਾਸੀਆਂ ਨੂੰ ਸਵੀਕਾਰ ਕਰ ਰਿਹਾ ਹੈ ਪਰ ਕੈਨੇਡੀਅਨ ਸਿਸਟਮ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨਾਲ ਤਾਲਮੇਲ ਨਹੀਂ ਬਿਠਾ ਪਾ ਰਿਹਾ।

# 24 ਮਾਰਚ ਨੂੰ ਮਨਾਇਆ ਜਾਵੇਗਾ ਸ਼ਹੀਦ ਭਗਤ ਸਿੰਘ ਅਤੇ ਇਨਕਲਾਬੀ ਕਵੀ ਪਾਸ਼ ਦਾ ਸ਼ਹੀਦੀ ਦਿਹਾੜਾ

**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਤਰਕਸ਼ੀਲ ਸੁਸਾਇਟੀ ਕੈਨੇਡਾ ਅਤੇ ਈਸਟ ਇੰਡੀਆ ਡੀਫੈਂਸ ਕਮੇਟੀ ਵੱਲੋਂ ਸ਼ਹੀਦ ਭਗਤ ਸਿੰਘ ਅਤੇ ਇਨਕਲਾਬੀ ਕਵੀ ਅਵਤਾਰ ਪਾਸ਼ ਦਾ ਸ਼ਹੀਦੀ ਦਿਹਾੜਾ 24 ਮਾਰਚ 2024 (ਐਤਵਾਰ) ਨੂੰ ਬਾਅਦ ਦੁਪਹਿਰ 1 ਵਜੇ ਸਰੀ ਦੇ ਪ੍ਰੋਗਰੈਸਿਵ ਕਲਚਰਲ ਸੈਂਟਰ (#126-7536,130 ਸਟਰੀਟ) ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਉੱਘੇ ਇਤਿਹਾਸਕਾਰ ਸੋਹਣ ਪੂੰਨੀ, ਡਾ. ਸਾਧੂ ਬਿਨਿੰਗ, ਪ੍ਰੋ. ਕਿਰਪਾਲ ਬੈਂਸ ਅਤੇ ਪ੍ਰੋ. ਗੁਰਮੇਲ ਗਿੱਲ ਮੁੱਖ ਬੁਲਾਰੇ ਹੋਣਗੇ।



ਇਸ ਸੰਬੰਧੀ ਹੋਰ ਜਾਣਕਾਰੀ ਲਈ ਅਵਤਾਰ ਗਿੱਲ (ਪ੍ਰਧਾਨ) : 672-558-5757, ਜਗਰੂਪ ਧਾਲੀਵਾਲ : 778-908-7785, ਗੁਰਮੇਲ ਗਿੱਲ : 604-206-4705 ਅਤੇ ਕਿਰਪਾਲ ਬੈਂਸ : 604-518-7676 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਕੇਂਦਰ ਨੇ ਸੀ.ਏ.ਏ. 'ਤੇ ਰੋਕ ਲਾਉਣ ਬਾਰੇ ਅਰਜ਼ੀਆਂ ਦਾ ਜੁਆਬ ਦੇਣ ਲਈ ਸੁਪਰੀਮ ਕੋਰਟ ਤੋਂ ਮੰਗਿਆ ਸਮਾਂ

**ਨਵੀਂ ਦਿੱਲੀ, (ਪੰਜਾਬ ਮੇਲ)-** ਕੇਂਦਰ ਨੇ ਨਾਗਰਿਕਤਾ (ਸੋਧ) ਨਿਯਮ-2024 ਨੂੰ ਲਾਗੂ ਕਰਨ 'ਤੇ ਰੋਕ ਲਗਾਉਣ ਦੀਆਂ ਅਰਜ਼ੀਆਂ 'ਤੇ ਆਪਣਾ ਜਵਾਬ ਦਾਇਰ ਕਰਨ ਲਈ ਸੁਪਰੀਮ ਕੋਰਟ ਤੋਂ ਸਮਾਂ ਮੰਗਿਆ ਹੈ। ਇਸ ਮਾਮਲੇ ਵਿਚ ਕੇਂਦਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ, ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੇ ਬੈਂਚ ਨੂੰ ਕਿਹਾ ਕਿ ਉਨ੍ਹਾਂ ਨੂੰ 20 ਅਰਜ਼ੀਆਂ ਦਾ ਜਵਾਬ ਦੇਣ ਲਈ ਕੁਝ ਸਮਾਂ ਚਾਹੀਦਾ ਹੈ।

# ਆਸਟ੍ਰੇਲੀਆਈ ਸਰਕਾਰ ਨੇ ਫਲਸਤੀਨੀਆਂ ਦੇ ਰੱਦ ਵੀਜ਼ੇ ਕੀਤੇ ਬਹਾਲ



**ਕੈਨਬਰਾ, (ਪੰਜਾਬ ਮੇਲ)-** ਆਸਟ੍ਰੇਲੀਆ ਸਰਕਾਰ ਨੇ ਫਲਸਤੀਨੀਆਂ ਨੂੰ ਵੱਡੀ ਰਾਹਤ ਦਿੱਤੀ ਹੈ। ਆਸਟ੍ਰੇਲੀਆ ਸਰਕਾਰ ਨੇ ਗਾਜ਼ਾ ਤੋਂ ਭੱਜਣ ਵਾਲੇ ਕੁਝ ਫਲਸਤੀਨੀਆਂ ਦੇ ਰੱਦ ਕੀਤੇ ਵੀਜ਼ੇ ਬਹਾਲ ਕਰ ਦਿੱਤੇ ਹਨ। ਸਮਾਚਾਰ ਏਜੰਸੀ ਸ਼ਿਨਹੂਆ ਦੀ ਰਿਪੋਰਟ ਮੁਤਾਬਕ ਫਲਸਤੀਨ ਆਸਟ੍ਰੇਲੀਆ ਰਿਲੀਫ ਐਂਡ ਐਕਸ਼ਨ (ਪੀ.ਏ.ਆਰ.ਏ.) ਸਮੂਹ ਦੀ ਕਾਰਜਕਾਰੀ ਨਿਰਦੇਸ਼ਕ ਰਾਸ਼ਾ ਅੱਬਾਸ ਨੇ ਸੋਮਵਾਰ ਨੂੰ ਦੱਸਿਆ ਕਿ ਉਨ੍ਹਾਂ ਦਾ ਸੰਗਠਨ ਜਿਹੜੇ 11 ਫਲਸਤੀਨੀਆਂ ਦਾ ਆਸਟ੍ਰੇਲੀਆਈ ਵੀਜ਼ਾ ਬਿਨਾਂ ਕਿਸੇ ਚਿਤਾਵਨੀ ਦੇ ਰੱਦ ਕਰਨ ਦਾ ਸਮਰਥਨ ਕਰ ਰਿਹਾ ਸੀ, ਉਨ੍ਹਾਂ ਵਿਚੋਂ 8 ਨੂੰ ਬਹਾਲ ਕਰ ਦਿੱਤਾ ਗਿਆ ਹੈ।

ਫੈਡਰਲ ਸਰਕਾਰ ਨੂੰ ਮਾਰਚ ਦੇ ਸ਼ੁਰੂ ਵਿਚ ਵੀਜ਼ਾ ਰੱਦ ਕਰਨ ਦੇ ਫ਼ੈਸਲੇ ਨੂੰ ਲੈ ਕੇ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ, ਜਿਸ ਨਾਲ ਰੱਦ ਹੋਣ ਦੀ ਸੂਚਨਾ ਦਿੱਤੇ ਜਾਣ ਤੋਂ ਪਹਿਲਾਂ ਕੁਝ ਫਲਸਤੀਨੀ ਤੀਜੇ ਦੇਸ਼ ਵਿਚ ਫਸ ਗਏ ਸਨ। ਜਿਨ੍ਹਾਂ ਦੇ ਵੀਜ਼ੇ ਰੱਦ ਕੀਤੇ ਗਏ ਸਨ, ਉਨ੍ਹਾਂ ਵਿਚੋਂ ਕੁਝ ਨੂੰ ਭੇਜੇ ਗਏ ਪੱਤਰਾਂ ਵਿਚ ਗ੍ਰਹਿ ਵਿਭਾਗ ਨੇ ਦੋਸ਼ ਲਾਇਆ ਕਿ ਉਹ ਆਸਟ੍ਰੇਲੀਆ ਵਿਚ ਆਗਿਆ ਤੋਂ ਵੱਧ ਸਮਾਂ ਰਹਿ ਕੇ ਆਪਣੇ ਵਿਜ਼ਟਰ ਵੀਜ਼ੇ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਦੀ ਯੋਜਨਾ ਬਣਾ ਰਹੇ ਹਨ।

ਅੱਬਾਸ ਨੇ ਦੱਸਿਆ, "ਅਸੀਂ ਖੁਸ਼ ਕਿ ਉਹ ਆਸਟ੍ਰੇਲੀਆ ਦੀ ਯਾਤਰਾ ਕਰਨ ਦੇ ਯੋਗ ਹਨ।" ਅੱਬਾਸ ਨੇ ਅੱਗੇ ਕਿਹਾ, "ਅਸੀਂ ਉਨ੍ਹਾਂ ਲਈ ਉਡਾਣਾਂ ਦੀ ਬੁਕਿੰਗ 'ਤੇ ਕੰਮ ਕਰ ਰਹੇ ਹਾਂ ਅਤੇ ਬਾਕੀ ਵੀਜ਼ਾ ਧਾਰਕਾਂ ਲਈ ਪ੍ਰਕਿਰਿਆ 'ਤੇ ਅਸੀਂ ਸਰਕਾਰ ਨਾਲ ਕੰਮ ਕਰਾਂਗੇ।" ਇੱਥੇ ਦੱਸ ਦਈਏ ਕਿ ਗਾਜ਼ਾ ਵਿਚ ਮੌਜੂਦਾ ਸੰਘਰਸ਼ ਸ਼ੁਰੂ ਹੋਣ ਤੋਂ ਬਾਅਦ ਆਸਟ੍ਰੇਲੀਆਈ ਸਰਕਾਰ ਨੇ ਫਲਸਤੀਨੀਆਂ ਲਈ 2,200 ਅਤੇ ਇਜ਼ਰਾਈਲੀਆਂ ਲਈ 2,400 ਵੀਜ਼ੇ ਦਿੱਤੇ ਹਨ।







# ਪੰਜਾਬ 'ਚ ਪ੍ਰਚੰਡ ਗਰਮੀ 'ਚ ਹੋਣਗੀਆਂ ਲੋਕ ਸਭਾ ਚੋਣਾਂ!



**ਜਲੰਧਰ, (ਪੰਜਾਬ ਮੇਲ)-** ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਦੀਆਂ 7 ਪੜਾਵਾਂ ਵਿਚ ਕਰਾਉਣ ਦਾ ਐਲਾਨ ਕੀਤਾ ਗਿਆ ਹੈ। ਪੰਜਾਬ 'ਚ ਸਭ ਤੋਂ ਅੰਤਿਮ ਦੌਰ ਵਿਚ ਚੋਣਾਂ ਹੋਣੀਆਂ ਹਨ। ਉਸ ਵੇਲੇ ਤੱਕ ਜ਼ਿਆਦਾਤਰ ਸੂਬਿਆਂ ਵਿਚ ਚੋਣਾਂ ਸੰਪੰਨ ਹੋ ਚੁੱਕੀਆਂ ਹੋਣਗੀਆਂ ਅਤੇ ਉਸ ਸਮੇਂ ਪੰਜਾਬ ਵਿਚ ਗਰਮੀ ਕਾਫੀ ਵੱਧ ਚੁੱਕੀ ਹੋਵੇਗੀ। ਸਾਲ 2019 'ਚ ਵੀ 7 ਪੜਾਵਾਂ 'ਚ ਚੋਣਾਂ ਹੋਈਆਂ ਸਨ ਅਤੇ 12 ਮਈ ਤੱਕ ਚੋਣਾਂ ਖਤਮ ਹੋ ਗਈਆਂ ਸਨ। ਇਸੇ ਤਰ੍ਹਾਂ 2014 ਵਿਚ ਵੀ 7 ਪੜਾਵਾਂ 'ਚ ਹੋਈਆਂ ਚੋਣਾਂ 30 ਅਪ੍ਰੈਲ ਨੂੰ ਖਤਮ ਹੋ ਗਈਆਂ ਸਨ। ਇਸ ਵਾਰ ਚੋਣਾਂ 1 ਜੂਨ ਤੱਕ ਚੱਲਣਗੀਆਂ ਅਤੇ ਪੰਜਾਬ ਇਸ ਅੰਤਿਮ ਦੌਰ ਦੇ ਪੜਾਅ ਵਿਚ ਸ਼ਾਮਲ ਹੈ। 7ਵੇਂ ਪੜਾਅ ਦੇ ਆਉਂਦੇ-ਆਉਂਦੇ ਪੰਜਾਬ 'ਚ ਗਰਮੀ ਪ੍ਰਚੰਡ ਰੂਪ ਧਾਰਨ ਕਰ ਲਵੇਗੀ, ਜਿਸ ਕਾਰਨ ਇੱਥੇ ਨੇਤਾਵਾਂ, ਪਾਰਟੀ ਵਰਕਰਾਂ ਅਤੇ ਆਮ ਜਨਤਾ 'ਤੇ ਵੀ ਕਈ ਤਰ੍ਹਾਂ ਦੇ ਪ੍ਰਭਾਵ ਵੇਖਣ ਨੂੰ ਮਿਲਣਗੇ। ਪਿਛਲੇ ਸਾਲ ਵੀ ਜੂਨ ਦੇ ਪਹਿਲੇ ਹਫਤੇ 'ਚ ਪੰਜਾਬ ਵਿਚ 37 ਤੋਂ 39 ਡਿਗਰੀ ਸੈਲਸੀਅਸ ਤੱਕ ਤਾਪਮਾਨ ਰਿਹਾ ਸੀ ਅਤੇ ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ ਕਿ ਇਸ ਸਾਲ ਵੀ ਜੂਨ ਦੇ ਪਹਿਲੇ ਹਫਤੇ 'ਚ ਪ੍ਰਚੰਡ ਗਰਮੀ ਪਵੇਗੀ।

ਆਮ ਤੌਰ 'ਤੇ ਪੰਜਾਬ 'ਚ ਜੂਨ ਦੇ ਮਹੀਨੇ 'ਚ ਭਿਆਨਕ ਗਰਮੀ ਪੈਂਦੀ ਹੈ ਅਤੇ ਤਾਪਮਾਨ 48 ਡਿਗਰੀ ਤੱਕ ਪਹੁੰਚ ਜਾਂਦਾ ਹੈ। 1 ਜੂਨ ਨੂੰ ਪੰਜਾਬ ਵਿਚ ਚੋਣਾਂ ਹਨ ਅਤੇ ਇੱਥੋਂ ਦੇ ਜ਼ਿਆਦਾਤਰ ਸਕੂਲਾਂ 'ਚ ਮਈ ਦੇ ਆਖਰੀ ਹਫਤੇ 'ਚ ਛੁੱਟੀਆਂ ਹੋ ਜਾਂਦੀਆਂ ਹਨ। ਇਸ ਲਈ ਇਕ ਇਹ ਸੰਭਾਵਨਾ ਵੀ ਪ੍ਰਗਟ ਕੀਤੀ ਜਾ ਰਹੀ ਹੈ ਕਿ ਚੋਣਾਂ ਆਉਣ ਤੱਕ ਕਈ ਲੋਕ ਬੱਚਿਆਂ ਨਾਲ ਛੁੱਟੀਆਂ ਮਨਾਉਣ ਲਈ ਜਾਂ ਤਾਂ ਦੂਜੇ ਸੂਬਿਆਂ ਵਿਚ ਜਾ ਚੁੱਕੇ ਹੋਣਗੇ ਜਾਂ ਫਿਰ ਵਿਦੇਸ਼ ਯਾਤਰਾ ਲਈ ਨਿਕਲ ਜਾਣਗੇ। ਅਕਸਰ ਲੋਕਾਂ ਨੇ ਬੱਚਿਆਂ ਨਾਲ ਛੁੱਟੀਆਂ ਮਨਾਉਣ ਲਈ ਪਹਿਲਾਂ ਹੀ ਪਲਾਨਿੰਗ ਕੀਤੀ ਹੁੰਦੀ ਹੈ। ਜਹਾਜ਼ ਦੀਆਂ ਟਿਕਟਾਂ ਵੀ ਅਕਸਰ ਲੋਕ ਕਈ ਮਹੀਨੇ ਪਹਿਲਾਂ ਬੁੱਕ ਕਰਵਾ ਲੈਂਦੇ ਹਨ। ਇਸ ਲਈ ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ ਕਿ ਇਸ ਵਾਰ ਦੀਆਂ ਚੋਣਾਂ 'ਚ ਪੰਜਾਬ ਦੇ ਬਹੁਤ ਸਾਰੇ ਲੋਕ ਵੋਟ ਨਹੀਂ ਪਾ ਸਕਣਗੇ ਕਿਉਂਕਿ ਉਹ ਆਪੋ-ਆਪਣੇ ਪੋਲਿੰਗ ਖੇਤਰ ਵਿਚ ਨਹੀਂ ਹੋਣਗੇ। ਇਸ ਤੋਂ ਇਲਾਵਾ 1 ਜੂਨ ਨੂੰ ਉਂਝ ਵੀ ਸ਼ਨੀਵਾਰ ਹੈ ਅਤੇ ਜ਼ਿਆਦਾਤਰ ਲੋਕ ਵੀਕੈਂਡ ਦਾ ਫਾਇਦਾ ਉਠਾ ਕੇ ਘੁੰਮਣ ਨਿਕਲ ਜਾਣਗੇ।

ਪੰਜਾਬ 'ਚ ਜਦੋਂ ਤਾਪਮਾਨ ਵਧ ਜਾਵੇਗਾ, ਤਾਂ ਉਸ ਵੇਲੇ ਸੂਬੇ ਵਿਚ ਚੋਣਾਂ ਕਰਵਾਉਣਾ ਸਰਕਾਰੀ ਮਸ਼ੀਨਰੀ ਤੋਂ ਲੈ ਕੇ ਚੋਣ ਕਮਿਸ਼ਨਰ ਤੱਕ ਲਈ ਟੇਢੀ ਖੀਰ ਸਾਬਤ ਹੋ ਸਕਦਾ ਹੈ। ਭਿਆਨਕ ਗਰਮੀ 'ਚ ਲੋਕਾਂ ਨੂੰ ਘਰਾਂ 'ਚੋਂ ਕੱਢ ਕੇ ਪੋਲਿੰਗ ਕੇਂਦਰ ਤੱਕ ਲਿਆਉਣਾ ਇੰਨਾ ਸੌਖਾ ਨਹੀਂ ਹੋਵੇਗਾ। ਚੋਣ ਕਮਿਸ਼ਨ ਤੇ ਸਿਆਸੀ ਪਾਰਟੀਆਂ ਨੂੰ ਇਸ ਲਈ ਕਾਫੀ ਮਸ਼ੱਕਤ ਕਰਨੀ ਪਵੇਗੀ। ਜਲੰਧਰ ਵਿਚ ਲੋਕ ਸਭਾ ਚੋਣਾਂ 10 ਮਈ, 2023 ਨੂੰ ਹੋਈਆਂ ਸਨ। ਇਨ੍ਹਾਂ ਚੋਣਾਂ ਦੌਰਾਨ ਵੀ ਭਿਆਨਕ ਗਰਮੀ ਪੈ ਰਹੀ ਸੀ, ਜਿਸ ਕਾਰਨ ਵੋਟਰਾਂ ਨੂੰ ਕਾਫੀ ਪ੍ਰੇਸ਼ਾਨੀ ਝੱਲਣੀ ਪਈ ਸੀ। ਕਈ ਪੋਲਿੰਗ ਕੇਂਦਰਾਂ ਦੇ ਬਾਹਰ ਪ੍ਰਸ਼ਾਸਨ ਨੂੰ ਟੈਂਟ ਲਾਉਣੇ ਪਏ ਸਨ, ਤਾਂ ਜੋ ਲੋਕਾਂ ਨੂੰ ਧੁੱਪ ਵਿਚ ਖੜ੍ਹੇ ਹੋ ਕੇ ਉਡੀਕ ਨਾ ਕਰਨੀ ਪਵੇ ਪਰ ਇਸ ਵਾਰ ਚੋਣਾਂ ਇਸ ਤੋਂ ਵੀ ਦੇਰੀ ਨਾਲ ਹਨ ਅਤੇ ਜੂਨ ਮਹੀਨੇ ਵਿਚ ਪੰਜਾਬ 'ਚ ਗਰਮੀ ਸਿਖਰ 'ਤੇ ਹੋਵੇਗੀ। ਇਸ ਦੌਰਾਨ ਪੂਰੀ ਵਿਵਸਥਾ ਨੂੰ ਵੇਖਣਾ ਚੋਣ ਕਮਿਸ਼ਨ ਲਈ ਇੰਨਾ ਸੌਖਾ ਨਹੀਂ ਹੋਵੇ।

**■ ਗਰਮੀ ਕੱਢੇਗੀ ਅਫਸਰਾਂ ਤੇ ਆਗੂਆਂ ਦੇ ਵੱਟ**

ਪ੍ਰਚੰਡ ਗਰਮੀ 'ਚ ਚੋਣ ਮੈਦਾਨ ਵਿਚ ਉਤਰਨਾ ਸਿਆਸੀ ਪਾਰਟੀਆਂ ਲਈ ਵੀ ਸੌਖਾ ਨਹੀਂ ਹੋਵੇਗਾ। ਖਾਸ ਤੌਰ 'ਤੇ ਉਮੀਦਵਾਰ ਇਸ ਗਰਮੀ ਦੇ ਕਹਿਰ 'ਚ ਜਨਤਾ ਨੂੰ ਆਪਣੇ ਪੱਖ 'ਚ ਵੋਟ ਪਾਉਣ ਲਈ ਮਨਾਉਣਗੇ ਜਾਂ ਸੂਰਜ ਦੇਵਤਾ ਦਾ ਸਾਹਮਣਾ ਕਰਨਗੇ। ਹੈਰਾਨੀ ਨਹੀਂ ਹੋਵੇਗੀ ਕਿ ਚੋਣਾਂ ਦੇ ਆਸ-ਪਾਸ ਰੈਲੀਆਂ ਤੇ ਹੋਰ ਪ੍ਰੋਗਰਾਮਾਂ ਦੌਰਾਨ ਕਿਸੇ ਉਮੀਦਵਾਰ ਜਾਂ ਸਮਰਥਕ ਦੇ ਗਰਮੀ ਤੋਂ ਹਾਲੋਂ-ਬੇਹਾਲ ਹੋਣ ਦੀਆਂ ਖਬਰਾਂ ਵੀ ਸੁਣਨ ਨੂੰ ਮਿਲ ਸਕਦੀਆਂ ਹਨ। ਉਂਝ ਇਸ ਗਰਮੀ 'ਚ 1980 ਦੀਆਂ ਚੋਣਾਂ ਦੀ ਯਾਦ ਤਾਜ਼ਾ ਹੋ ਜਾਵੇਗੀ, ਜਦੋਂ ਭਿਆਨਕ ਗਰਮੀ 'ਚ ਉਸ ਵੇਲੇ ਕਈ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਆਪਣੇ ਘਰਾਂ 'ਚ ਸਮਰਥਕਾਂ ਲਈ ਸ਼ਰਬਤ ਦੇ ਟੱਬ ਤਿਆਰ ਕਰਵਾਉਣੇ ਪਏ ਸਨ। ਕੁਝ ਅਜਿਹੀ ਹੀ ਵਿਵਸਥਾ ਇਸ ਵਾਰ ਦੀਆਂ ਚੋਣਾਂ ਵਿਚ ਵੀ ਵੇਖਣ ਨੂੰ ਮਿਲ ਸਕਦੀ ਹੈ ਅਤੇ ਇਸ ਵਿਚ ਕੋਈ ਹੈਰਾਨੀ ਨਹੀਂ ਹੋਵੇਗੀ ਕਿ ਜੇ ਉਮੀਦਵਾਰਾਂ ਦੇ ਘਰਾਂ ਵਿਚ ਸ਼ਰਬਤ ਦੇ ਭਰੇ ਡਰੰਮ ਵੇਖੇ ਜਾਣ।

ਪੰਜਾਬ 'ਚ ਚੋਣਾਂ ਦੇ ਨਤੀਜੇ ਭਾਵੇਂ ਜੋ ਵੀ ਆਉਣ, ਕੇਂਦਰ ਵਿਚ ਸਰਕਾਰ ਭਾਵੇਂ ਜਿਸ ਦੀ ਵੀ ਬਣੇ ਪਰ ਦੇਸ਼ ਭਰ ਵਿਚ ਜ਼ਿਆਦਾਤਰ ਵੋਟਰਾਂ ਨੂੰ ਇਕ ਫਾਇਦਾ ਤਾਂ ਮਿਲੇਗਾ ਕਿ ਇਸ ਵਾਰ ਜਿੱਥੇ ਵੀ ਬਿਜਲੀ ਦੇ ਕੱਟ ਲੱਗਦੇ ਹਨ, ਉੱਥੇ ਰਾਹਤ ਰਹੇਗੀ। ਚੋਣਾਂ 'ਚ ਜਨਤਾ ਜਨਾਰਦਨ ਦੇ ਰੋਸ ਦਾ ਸਾਹਮਣਾ ਨਾ ਕਰਨਾ ਪਵੇ, ਇਸ ਦੇ ਲਈ ਜ਼ਿਆਦਾਤਰ ਸੂਬੇ ਬਿਜਲੀ ਦੀ ਵਿਵਸਥਾ ਪੂਰੀ ਰੱਖਣਗੇ। ਜਿਸ ਤਰ੍ਹਾਂ ਗਰਮੀ ਦੇ ਮੌਸਮ 'ਚ ਬਿਜਲੀ ਦੀ ਮੰਗ ਵਧ ਜਾਂਦੀ ਹੈ, ਉਸ ਹਿਸਾਬ ਨਾਲ ਇਸ ਮੰਗ ਨੂੰ ਪੂਰਾ ਕਰਨ ਲਈ ਸੂਬਿਆਂ ਦੀਆਂ ਸਰਕਾਰਾਂ ਹੁਣੇ ਤੋਂ ਤਿਆਰੀ 'ਚ ਜੁੱਟ ਗਈਆਂ ਹਨ। ਸਾਰੇ ਸੂਬਿਆਂ ਦੀਆਂ ਸਰਕਾਰਾਂ ਨੂੰ ਫਿਕਰ ਹੈ ਕਿ ਕਿਤੇ ਇਹ ਨਾ ਹੋਵੇ ਕਿ ਗਰਮੀ 'ਚ ਬਿਜਲੀ ਦੇ ਲੱਗਣ ਵਾਲੇ ਕੱਟ ਸੂਬੇ ਦੇ ਵੋਟਰਾਂ ਨੂੰ ਵਿਰੋਧੀ ਧਿਰ ਦੇ ਪੱਖ ਵਿਚ ਵੋਟ ਪਾਉਣ ਲਈ ਮਜਬੂਰ ਕਰ ਦੇਣ। ਹਾਲਾਂਕਿ ਇਹ ਗੱਲ ਉਨ੍ਹਾਂ ਸੂਬਿਆਂ 'ਚ ਲਾਗੂ ਨਹੀਂ ਹੁੰਦੀ, ਜਿੱਥੇ ਭਿਆਨਕ ਗਰਮੀ ਨਹੀਂ ਪੈਂਦੀ ਅਤੇ ਨਾ ਹੀ ਬਿਜਲੀ ਦੇ ਕੱਟ ਲੱਗਦੇ ਹਨ।

ਪੰਜਾਬ 'ਚ ਸਭ ਤੋਂ ਅੰਤਿਮ ਦੌਰ ਵਿਚ ਚੋਣਾਂ ਹੋਣੀਆਂ ਹਨ। ਉਸ ਵੇਲੇ ਤੱਕ ਜ਼ਿਆਦਾਤਰ ਸੂਬਿਆਂ ਵਿਚ ਚੋਣਾਂ ਸੰਪੰਨ ਹੋ ਚੁੱਕੀਆਂ ਹੋਣਗੀਆਂ। ਪੰਜਾਬ ਵਾਸੀਆਂ ਨੂੰ ਤਾਂ ਜਿਹੜੀ ਸਮੱਸਿਆ ਆਏਗੀ, ਉਹ ਆਏਗੀ ਹੀ ਪਰ ਨਾਲ ਹੀ ਸਿਆਸੀ ਪਾਰਟੀਆਂ ਦੇ ਸਮਰਥਕਾਂ ਤੇ ਨੇਤਾਵਾਂ ਨੂੰ ਵੱਡੀ ਸਮੱਸਿਆ ਨਾਲ ਦੋ-ਦੋ ਹੱਥ ਕਰਨੇ ਪੈ ਸਕਦੇ ਹਨ। ਖਾਸ ਤੌਰ 'ਤੇ ਭਾਰਤੀ ਜਨਤਾ ਪਾਰਟੀ ਵਰਗੀ ਸਿਆਸੀ ਪਾਰਟੀ ਦੇ ਪੰਜਾਬ ਦੇ ਨੇਤਾਵਾਂ ਦੀ ਪਹਿਲੇ 6 ਪੜਾਵਾਂ ਦੀਆਂ ਚੋਣਾਂ ਵਿਚ ਚੰਗੇ ਢੰਗ ਨਾਲ ਵਰਤੋਂ ਕੀਤੀ ਜਾ ਸਕਦੀ ਹੈ। ਇਹ ਵੀ ਸੰਭਵ ਹੈ ਕਿ ਪੰਜਾਬ ਦੇ ਨੇਤਾਵਾਂ ਨੂੰ ਕਮਾਨ ਸੰਭਾਲਣ ਲਈ ਤਾਮਿਲਨਾਡੂ, ਕੇਰਲ ਜਾਂ ਹੋਰ ਸੂਬਿਆਂ ਵਿਚ ਤਾਇਨਾਤ ਕਰ ਦਿੱਤਾ ਜਾਵੇ ਅਤੇ 7ਵੇਂ ਦੌਰ ਦੀਆਂ ਚੋਣਾਂ ਤਕ ਉਨ੍ਹਾਂ ਨੂੰ ਵਾਪਸ ਪੰਜਾਬ ਆ ਕੇ ਕੰਪੇਨ ਕਰਨ ਲਈ ਡਿਊਟੀ ਦਿੱਤੀ ਜਾਵੇ। ਜੇ ਇਹ ਸਥਿਤੀ ਬਣਦੀ ਹੈ, ਤਾਂ ਪੰਜਾਬ ਦੇ ਭਾਜਪਾ ਨੇਤਾਵਾਂ ਲਈ ਇਹ ਸਭ ਸੌਖਾ ਨਹੀਂ ਹੋਵੇਗਾ। ਪਹਿਲੇ 6 ਪੜਾਵਾਂ ਵਿਚ ਹੀ ਪਾਰਟੀ ਇੰਨੀ ਜਾਨ ਕੱਢ ਲਵੇਗੀ ਕਿ ਆਪਣੇ ਸੂਬਿਆਂ ਦੀਆਂ ਚੋਣਾਂ ਵਿਚ ਖੜ੍ਹੇ ਹੋਣਾ ਵੀ ਮੁਸ਼ਕਲ ਹੋ ਜਾਵੇਗਾ। ਜਿੱਥੋਂ ਤੱਕ ਕਾਂਗਰਸ ਦੀ ਗੱਲ ਹੈ, ਤਾਂ ਉਹ ਉਂਝ ਵੀ ਰਾਇਲ ਪਾਰਟੀ ਦੇ ਨਾਂ ਨਾਲ ਜਾਣੀ ਜਾਂਦੀ ਹੈ। ਜਿਸ ਸਮਰਪਣ ਭਾਵਨਾ ਨਾਲ ਭਾਜਪਾ ਦੇ ਵਰਕਰ ਕੰਮ ਕਰਦੇ ਹਨ, ਸ਼ਾਇਦ ਕਾਂਗਰਸ ਦੇ ਨੇਤਾ ਓਨੀ ਤਨਦੇਹੀ ਨਾਲ ਕੰਮ ਨਹੀਂ ਕਰਨਗੇ।

# ਆਈ.ਪੀ.ਐੱਲ. ਤੋਂ ਪਹਿਲਾਂ ਸਵਾਲਾਂ 'ਚ ਘਿਰਿਆ ਮੁੱਲਾਂਪੁਰ ਸਟੇਡੀਅਮ

**■ ਬੀ.ਸੀ.ਸੀ.ਆਈ. ਤੇ ਹੋਰਨਾਂ ਨੂੰ ਕਾਨੂੰਨੀ ਨੋਟਿਸ**

**■ 22 ਮਾਰਚ ਤੋਂ ਸ਼ੁਰੂ ਹੋਵੇਗਾ ਆਈ.ਪੀ.ਐੱਲ.**

**ਚੰਡੀਗੜ੍ਹ, (ਪੰਜਾਬ ਮੇਲ)-** ਇਨ੍ਹੀਂ ਦਿਨੀਂ ਮੁੱਲਾਂਪੁਰ ਦਾ ਕ੍ਰਿਕਟ ਸਟੇਡੀਅਮ ਅਤੇ ਸਪੋਰਟਸ ਕੰਪਲੈਕਸ ਚਰਚਾ 'ਚ ਹੈ, ਜਿੱਥੇ ਪਹਿਲੀ ਵਾਰ ਆਈ.ਪੀ.ਐੱਲ. ਮੈਚ ਹੋਣਾ ਹੈ। ਪਰ ਆਰ.ਟੀ.ਆਈ. 'ਚ ਪਤਾ ਲੱਗਾ ਹੈ ਕਿ ਸਟੇਡੀਅਮ ਦੀ ਉਸਾਰੀ ਤੋਂ ਪਹਿਲਾਂ ਵਣ ਅਤੇ ਜੰਗਲੀ ਜੀਵ ਵਿਭਾਗ ਤੋਂ ਜੰਗਲੀ ਜੀਵ ਸੁਰੱਖਿਆ ਐਕਟ 1972 ਤਹਿਤ ਮਨਜ਼ੂਰੀ ਨਹੀਂ ਲਈ ਗਈ ਸੀ ਕਿਉਂਕਿ ਮੁੱਲਾਂਪੁਰ ਸਟੇਡੀਅਮ ਦੀ ਜ਼ਮੀਨ ਸੁਖਨਾ ਜੰਗਲੀ ਜੀਵ ਸੁਰੱਖਿਆ ਕੇਂਦਰ ਅਤੇ ਸੈਕਟਰ-21 ਬਰਡ ਸੈਂਚੂਰੀ ਦੇ 10 ਕਿਲੋਮੀਟਰ ਦੇ ਘੇਰੇ ਵਿਚ ਆਉਂਦੀ ਹੈ, ਜਿੱਥੇ ਕਿਸੇ ਵੀ ਕਿਸਮ ਦੀ ਉਸਾਰੀ ਬਿਨਾਂ ਵਿਸ਼ੇਸ਼ ਇਜਾਜ਼ਤ ਲਏ ਨਹੀਂ ਕੀਤੀ ਜਾ ਸਕਦੀ।

ਇਸ ਸਬੰਧੀ ਕਾਨੂੰਨ ਦੀ ਪੜ੍ਹਾਈ ਕਰ ਰਹੇ ਆਖ਼ਰੀ ਸਾਲ ਦੇ ਵਿਦਿਆਰਥੀ ਨਿਖਿਲ ਥੰਮਨ ਨੇ ਆਰ.ਟੀ.ਆਈ. ਰਾਹੀਂ ਇਕੱਤਰ ਕੀਤੀ ਜਾਣਕਾਰੀ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਐਡਵੋਕੇਟ ਸੁਨੈਨਾ ਰਾਹੀਂ ਇੱਕ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ, ਜਿਸ ਵਿਚ ਖੇਡ ਮੰਤਰਾਲਾ ਭਾਰਤ ਸਰਕਾਰ, ਮੁੱਖ ਸਕੱਤਰ ਪੰਜਾਬ, ਜੰਗਲਾਤ ਅਤੇ ਜੰਗਲੀ ਜੀਵ ਮੰਤਰਾਲੇ ਦੇ ਡਿਪਟੀ ਡਾਇਰੈਕਟਰ ਜਨਰਲ, ਪੰਜਾਬ ਦੇ ਜੰਗਲਾਤ ਦੇ ਪ੍ਰਮੁੱਖ ਚੀਫ਼ ਕੰਜ਼ਰਵੇਟਰ ਆਫ਼ ਫੋਰੈਸਟ, ਨਿਰਦੇਸ਼ਕ ਲੋਕਲ ਬਾਡੀ, ਸਟੇਟ ਇਨਵਾਇਰਮੈਂਟ ਇੰਪੈਕਟ ਅਸੈਸਮੈਂਟ ਕਮੇਟੀ ਦੇ ਚੇਅਰਮੈਨ, ਚੰਡੀਗੜ੍ਹ ਦੇ ਜੰਗਲਾਤ ਅਤੇ ਜੰਗਲੀ ਜੀਵ ਕੰਜ਼ਰਵੇਟਰ, ਡੀ.ਸੀ. ਮੋਹਾਲੀ ਅਤੇ ਬੀ.ਸੀ.ਸੀ.ਆਈ. ਸਕੱਤਰ ਨੂੰ ਪਾਰਟੀ ਬਣਾਇਆ ਗਿਆ ਹੈ।

ਕਾਨੂੰਨੀ ਨੋਟਿਸ ਵਿਚ ਮੰਗ ਕੀਤੀ ਗਈ ਹੈ ਕਿ ਮੁੱਲਾਂਪੁਰ ਦੇ ਪਿੰਡ ਟੀਡਾ ਵਿਚ ਬਣੇ ਇੰਦਰਜੀਤ ਸਿੰਘ ਬਿੰਦਰਾ ਅੰਤਰਰਾਸ਼ਟਰੀ ਕ੍ਰਿਕਟ ਸਟੇਡੀਅਮ ਅਤੇ ਸਪੋਰਟਸ ਕੰਪਲੈਕਸ ਦੇ ਨਿਰਮਾਣ ਕਾਰਜ ਵਿਚ ਲਾਪਰਵਾਹੀ ਵਰਤਣ ਵਾਲੇ ਅਧਿਕਾਰੀਆਂ ਅਤੇ ਸਟੇਡੀਅਮ ਦੇ ਸੰਚਾਲਕਾਂ ਖਿਲਾਫ਼ ਐੱਫ.ਆਈ.ਆਰ. ਦਰਜ ਕੀਤੀ ਜਾਵੇ ਅਤੇ ਸਟੇਡੀਅਮ ਵਿਚ ਕਿਸੇ ਵੀ ਤਰ੍ਹਾਂ ਦੀਆਂ ਗਤੀਵਿਧੀਆਂ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਨੋਟਿਸ ਵਿਚ ਕਿਹਾ ਗਿਆ ਹੈ ਕਿ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਵੱਲੋਂ ਸਟੇਡੀਅਮ ਦੀ ਉਸਾਰੀ ਸਬੰਧੀ ਵਾਰ-ਵਾਰ ਇਤਰਾਜ਼ ਉਠਾਏ ਗਏ ਹਨ ਅਤੇ ਸਟੇਡੀਅਮ ਬਣਾਉਣ ਵਾਲਿਆਂ ਨੂੰ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਐਕਟ ਤਹਿਤ ਐੱਨ.ਓ.ਸੀ. ਲੈਣ ਲਈ ਕਿਹਾ ਗਿਆ ਹੈ। ਇੰਨ੍ਹਾ ਹੀ ਨਹੀਂ, ਬਿਨ੍ਹਾਂ ਐੱਨ.ਓ.ਸੀ. ਸਾਲ 2016 ਵਿਚ ਪੀ.ਸੀ.ਏ. ਨੂੰ ਉਸਾਰੀ ਨਾ ਹੋਣ ਸਬੰਧੀ ਪੱਤਰ ਵੀ ਭੇਜਿਆ ਗਿਆ ਪਰ ਅੱਜ ਤੱਕ ਐੱਨ.ਓ.ਸੀ. ਨਹੀਂ ਲਈ ਗਈ। ਲੀਗਲ ਨੋਟਿਸ ਵਿਚ ਮੁੱਲਾਂਪੁਰ ਵਿਚ ਹੋਰ ਵੀ ਕਈ ਹਾਊਸਿੰਗ ਪ੍ਰਾਜੈਕਟਾਂ ਨੂੰ ਐੱਨ.ਓ.ਸੀ. ਨਾ ਹੋਣ ਕਾਰਨ ਇਹ ਪ੍ਰਾਜੈਕਟ ਪੂਰੇ ਨਹੀਂ ਹੋ ਸਕੇ ਸਨ। ਜਿਸ ਕਾਰਨ ਕ੍ਰਿਕਟ ਸਟੇਡੀਅਮ ਦੀ ਉਸਾਰੀ ਵੀ ਗੈਰ-ਕਾਨੂੰਨੀ ਹੈ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# PUNJAB MAIL USA

TV Channel, Newspaper, Radio

All over America, Canada, Australia & Europe

24 Hours 7 Days



Gold # 2867, Gem # 375, TV Zon # 6888,
Glow TV # 1828, Tashan # 131, Real TV etc.

You can also watch on our website: PunjabMailUSA.com

For any Information & Advertisement Call at

+1-916-280-8811 or +1-916-320-9444

E-mail: punjabmailtv@gmail.com Web: punjabmailusa.com

# ਵਿਦੇਸ਼ ਜਾ ਰਹੇ ਨੌਜਵਾਨਾਂ ਨੂੰ ਵੱਡਾ ਸੁਨੇਹਾ ਦਿੰਦੀ ਫ਼ਿਲਮ "ਪ੍ਰਹੁਣਾ 2"

## ਪੰਜਾਬੀ ਸਿਨਮਾ



-ਸੁਰਜੀਤ ਜੱਸਲ
98146-07737
(Punjab Mail USA)



ਕਾਮੇਡੀ, ਰੁਮਾਂਸ ਤੇ ਡਰਾਮੇ ਦਾ ਸੁਮੇਲ ਪੰਜਾਬੀ ਫਿਲਮ "ਪ੍ਰਹੁਣਾ 2" ਦਰਸ਼ਕਾਂ ਦਾ ਮਨੋਰੰਜਨ ਕਰਨ ਦੇ ਨਾਲ-ਨਾਲ ਇੱਕ ਗੰਭੀਰ ਮੁੱਦੇ 'ਤੇ ਵਿਅੰਗ ਕਰਦੀ ਹੋਈ ਵਿਦੇਸ਼ਾਂ ਵੱਲ ਭੱਜ ਰਹੇ ਨੌਜਵਾਨਾਂ ਨੂੰ ਵੱਡਾ ਸੁਨੇਹਾ ਦਿੰਦੀ ਪੰਜਾਬੀ ਫ਼ਿਲਮ ਹੈ। ਆਪਣੇ ਨਾਂ ਤੋਂ ਬੇਸ਼ੱਕ ਇਹ ਫਿਲਮ ਵਿਆਹਾਂ ਵਾਲੀ ਜਾਪਦੀ ਹੈ ਪਰ ਜਦੋਂ ਤੁਸੀਂ ਇਸਦਾ ਟ੍ਰੇਲਰ ਵੇਖਦਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਫ਼ਿਲਮ ਬਿਲਕੁਲ ਇੱਕ ਨਵੇਂ ਅਤੇ ਹਾਸੋਹੀਣੇ ਮੁੱਦੇ 'ਤੇ ਬਣੀ ਖੂਬਸੂਰਤ ਪੰਜਾਬੀ ਫ਼ਿਲਮ ਹੈ, ਜੋ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨ ਦਾ ਦਮ ਰੱਖਦੀ ਹੈ। ਰਣਜੀਤ ਬਾਵਾ, ਅਦਿੱਤੀ ਸ਼ਰਮਾ ਤੇ ਗੁਰਪ੍ਰੀਤ ਘੁੱਗੀ ਦੀ ਮੁੱਖ ਭੂਮਿਕਾ ਵਾਲੀ ਇਸ ਫ਼ਿਲਮ ਨੂੰ ਸਿਤਿਜ ਚੌਧਰੀ ਨੇ ਡਾਇਰੈਕਟ ਕੀਤਾ ਹੈ। ਧੀਰਜ ਰਤਨ ਦੀ ਲਿਖੀ ਇਸ ਫਿਲਮ ਵਿਚ ਅਜੇ ਹੁੱਡਾ, ਓਸ਼ਿਨ ਬਰਾੜ, ਫਤਿਹ ਟਿੱਬੀ, ਬਦਰ ਖਾਨ ਸਮੇਤ ਕਈ ਹੋਰ ਵੀ ਚਰਚਿਤ ਚਿਹਰੇ ਨਜ਼ਰ ਆਉਣਗੇ। 29 ਮਾਰਚ ਨੂੰ ਰਿਲੀਜ਼ ਹੋ ਰਹੀ ਇਹ ਫਿਲਮ ਲੰਡਨ ਦੀਆਂ ਵੱਖ-ਵੱਖ ਖੂਬਸੂਰਤ ਲੋਕੇਸ਼ਨਾਂ 'ਤੇ ਫਿਲਮਾਈ ਗਈ ਹੈ। ਇਹ ਫਿਲਮ ਇੱਕ ਅਜਿਹੇ ਨੌਜਵਾਨ ਦੀ ਕਹਾਣੀ ਹੈ, ਜੋ ਪੰਜਾਬ ਵਿਚ ਵਧੀਆ ਜ਼ਿੰਦਗੀ ਜਿਉਂ ਰਿਹਾ ਹੈ। ਉਸਦੀ ਮੰਗੇਤਰ ਸੋਹਣੇ ਭਵਿੱਖ ਦੀ ਤਲਾਸ਼ ਵਿਚ ਵਿਦੇਸ਼ ਜਾਂਦੀ ਹੈ। ਵਿਦੇਸ਼ ਜਾਣ ਤੋਂ ਬਾਅਦ ਉਸਦਾ ਵਤੀਰਾ ਅਚਾਨਕ ਬਦਲ ਜਾਂਦਾ ਹੈ। ਅੱਧ-ਵਿਚਕਾਰ ਲਟਕੇ ਫਿਲਮ ਦੇ ਨਾਇਕ ਕੋਲ ਹੁਣ ਵਿਦੇਸ਼ ਵਿਚ ਵੱਸਣ ਲਈ ਕਿਸੇ ਪੱਕੀ ਕੁੜੀ ਨਾਲ ਵਿਆਹ ਕਰਵਾਉਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ। ਉਹ ਕਿਵੇਂ ਇਕ ਵਿਦੇਸ਼ੀ ਕੁੜੀ ਲੱਭਦਾ ਹੈ, ਯੂ.ਕੇ. ਪੱਕੇ ਹੋਣ ਲਈ ਉਸਨੂੰ ਕੀ-ਕੀ ਪਾਪੜ ਵੇਲਣੇ ਪੈਂਦੇ ਹਨ। ਕੱਚੇ ਤੌਰ 'ਤੇ ਰਹਿ ਰਹੇ ਲੋਕਾਂ ਨਾਲ ਉੱਥੇ ਕਿਹੋ ਜਿਹਾ ਵਤੀਰਾ ਕੀਤਾ ਜਾਂਦਾ ਹੈ। ਇਹ ਸਭ ਕੁਝ ਇਸ ਫਿਲਮ ਦਾ ਅਹਿਮ ਹਿੱਸਾ ਹੈ। ਇਹ ਫਿਲਮ ਮਜ਼ਾਕ-ਮਜ਼ਾਕ ਵਿਚ ਵਿਦੇਸ਼ਾਂ ਵਿਚ ਵੱਸਦੇ ਨੌਜਵਾਨਾਂ, ਵਿਆਹ ਦਾ ਲਾਰਾ ਲਾ ਕੇ ਜਾਂ ਵਿਆਹ ਕਰਵਾਕੇ ਆਈਆਂ ਕੁੜੀਆਂ ਅਤੇ ਉਨ੍ਹਾਂ ਦੇ ਅਚਾਨਕ ਬਦਲਣ ਦੀ ਕਹਾਣੀ ਨੂੰ ਵੀ ਖੂਬਸੂਰਤ ਤਰੀਕੇ ਨਾਲ ਪਰਦੇ 'ਤੇ ਪੇਸ਼ ਕੀਤਾ ਗਿਆ ਹੈ। ਇਸ ਗੱਲ ਦਾ ਝਲਕਾਰਾ ਫ਼ਿਲਮ ਦੇ ਟ੍ਰੇਲਰ ਤੋਂ ਵੀ ਮਿਲਦਾ ਹੈ। ਫ਼ਿਲਮ ਨਿਰਮਾਤਾ ਮਨੀ ਧਾਲੀਵਾਲ, ਮੋਹਿਤ ਬਨਵੈਤ, ਇੰਦਰ ਨਾਗਰਾ ਅਤੇ ਸੁਰਿੰਦਰ ਸੋਹਨਪਾਲ ਵੱਲੋਂ "ਦਾਰਾ ਫਿਲਮ", "ਬਨਵੈਤ ਫਿਲਮਜ਼" ਅਤੇ "ਹਿਊਮਨ ਮੋਸ਼ਨ ਪਿਕਚਰ" ਦੇ ਬੈਨਰ ਹੇਠ ਬਣਾਈ ਗਈ ਇਸ ਫ਼ਿਲਮ ਬਾਰੇ ਗੱਲਬਾਤ ਕਰਦਿਆਂ ਫਿਲਮ ਦੇ ਨਾਇਕ ਰਣਜੀਤ ਬਾਵਾ ਨੇ ਦੱਸਿਆ ਕਿ ਇਸ ਫਿਲਮ ਵਿਚ ਉਹ ਭਿੰਦਰ ਨਾਂ ਦੇ ਪੰਜਾਬ ਦੇ ਇੱਕ ਮੱਧ ਵਰਗੀ ਨੌਜਵਾਨ ਦੀ ਭੂਮਿਕਾ ਨਿਭਾਈ ਹੈ। ਉਹ ਹਰਜੋਤ ਨਾਂ ਦੀ ਇੱਕ ਕੁੜੀ ਨੂੰ ਪਿਆਰ ਕਰਦਾ ਹੈ। ਪਰਿਵਾਰ ਦੀ ਸਹਿਮਤੀ ਨਾਲ ਦੋਵਾਂ ਦਾ ਵਿਆਹ ਹੋਣਾ ਵੀ ਨਿਸ਼ਚਿਤ ਹੋ ਜਾਂਦਾ ਹੈ। ਵਿਆਹ ਤੋਂ ਕੁਝ ਦਿਨ ਪਹਿਲਾਂ ਹਰਜੋਤ ਦਾ ਯੂ.ਕੇ. ਦਾ ਵੀਜ਼ਾ ਆ ਜਾਂਦਾ ਹੈ।

ਹਰਜੋਤ ਲਈ ਯੂ.ਕੇ. ਗਏ ਭਿੰਦਰ ਨਾਲ ਉੱਥੇ ਕੀ ਕੁਝ ਵਾਪਰਦਾ ਹੈ, ਇਹ ਪਹਿਲੂ ਬੇਹੱਦ ਦਿਲਚਸਪ ਹਨ। ਬਾਵੇ ਮੁਤਾਬਕ ਇਹ ਫਿਲਮ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਦੀ ਬਾਤ ਪਾਵੇਗਾ। ਇਸ ਫਿਲਮ ਵਿਚ ਦਰਸ਼ਕ ਉਸਨੂੰ ਇੱਕ ਵੱਖਰੇ ਅੰਦਾਜ਼ ਵਿਚ ਦੇਖਣਗੇ।

ਸੰਗੀਤ ਹਰ ਫਿਲਮ ਦੀ ਖੂਬਸੂਰਤੀ ਵਿਚ ਵਾਧਾ ਕਰਦਾ ਹੈ। ਇਸ ਫਿਲਮ ਦਾ ਸੰਗੀਤ ਵੀ ਕੁਝ ਇਸ ਤਰ੍ਹਾਂ ਦਾ ਹੀ ਹੈ। ਫਿਲਮ ਦਾ ਸੰਗੀਤ ਦੇਸੀ ਕਰਿਓ, ਜੱਗੀ ਸਿੰਘ ਅਤੇ ਡਾਊਡ ਬੀਟਸ ਨੇ ਤਿਆਰ ਕੀਤਾ ਹੈ। ਫਿਲਮ ਦੇ ਗੀਤ ਡੀ ਹਾਰਪ, ਜੱਗੀ ਸਿੰਘ ਅਤੇ ਪ੍ਰਗਟ ਕੋਟਗੁਰੂ ਨੇ ਲਿਖੇ ਹਨ। ਇਨ੍ਹਾਂ ਗੀਤਾਂ ਨੂੰ ਆਵਾਜ਼ ਰਣਜੀਤ ਬਾਵਾ, ਅਜੇ ਹੁੱਡਾ, ਕਮਲ ਖਾਨ ਅਤੇ ਡੀ ਹਾਰਪ ਨੇ ਦਿੱਤੀ ਹੈ। 29 ਮਾਰਚ ਨੂੰ ਦੁਨੀਆਂ ਭਰ ਵਿਚ ਰਿਲੀਜ਼ ਹੋਣ ਜਾ ਰਹੀ ਹੈ ਇਹ ਫ਼ਿਲਮ ਸਿਨੇਮਾਘਰਾਂ ਵਿਚ ਮੁੜ ਰੌਣਕਾਂ ਲੈ ਕੇ ਆਵੇਗੀ।

# ਜੰਕ ਫੂਡ ਨੇ ਵਧਾਏ-ਜਿਗਰ ਰੋਗੀ

**"ਲੰਬੇ ਸਮੇਂ ਤੱਕ ਜੰਕ ਫੂਡ ਦੀ ਵਰਤੋਂ ਨੇ ਜਿਗਰ ਦੇ ਆਮ ਰੋਗਾਂ ਦੇ ਨਾਲ-ਨਾਲ ਕੈਂਸਰ ਦਾ ਅੰਕੜਾ ਵੀ ਵਧਾਇਆ ਹੈ। ਚਮੜੀ, ਨਾਖੁਨ, ਅੱਖਾਂ, ਪਿਸ਼ਾਬ-ਮਲ ਦਾ ਰੰਗ ਪੀਲਾ ਦਿੱਸਣਾ, ਚਮੜੀ ਡ੍ਰਾਈ ਤੇ ਖਾਰਸ਼, ਪੇਟ-ਦਰਦ, ਘਬਰਾਹਟ-ਉਲਟੀ, ਭੁੱਖ ਨਾ ਲੱਗਣਾ, ਲੱਤਾਂ ਅਤੇ ਗਿੱਟਿਆਂ ਵਿਚ ਸੋਜ, ਵਗੈਰਾ ਲੱਛਣ ਲਗਾਤਾਰ ਰਹਿਣ ਦਾ ਮਤਲਬ ਹੋ ਸਕਦਾ ਹੈ, ਤੁਹਾਡਾ ਲਿਵਰ (ਜਿਗਰ) ਬਿਮਾਰ ਹੈ"- ਅਨਿਲ ਧੀਰ**




ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



ਮਾਰਚ 2024 ਦਾ ਮਹੀਨਾ ਜਿਗਰ ਦੇ ਰੋਗਾਂ ਪ੍ਰਤੀ ਜਾਗਰੂਕਤਾ ਲਈ ਮਨਾਇਆ ਜਾ ਰਿਹਾ ਹੈ। ਅੱਜ ਵਿਸ਼ਵ ਭਰ ਵਿਚ ਲਿਵਰ ਦੇ ਖਤਰਨਾਕ ਰੋਗਾਂ ਦਾ ਅੰਕੜਾ ਹਰ ਉਮਰ ਦੇ ਲੋਕਾਂ ਵਿਚ ਤੇਜ਼ੀ ਨਾਲ ਵੱਧ ਰਿਹਾ ਹੈ। ਤੁਹਾਡਾ ਜਿਗਰ ਸਰੀਰ ਦਾ ਇੰਜਣ ਹੈ, ਇਸਦੇ ਰੁਕਣ ਨਾਲ ਜ਼ਿੰਦਗੀ ਵੀ ਰੁੱਕ ਸਕਦੀ ਹੈ। ਸਰੀਰ ਤੇ ਮਨ ਨੂੰ ਤੰਦਰੁਸਤ, ਦਿਮਾਗ ਨੂੰ ਐਕਟਿਵ ਤੇ ਕ੍ਰਿਆਸ਼ੀਲ ਰੱਖਣ ਲਈ ਗਲੂਕੋਜ਼ ਦਾ ਉਤਪਾਦਨ, ਸਟੋਰ, ਸਪਲਾਈ ਨੂੰ ਕੰਟ੍ਰੋਲ ਕਰਦਾ ਹੈ। ਕੋਲੈਸਟ੍ਰੋਲ ਦੇ ਲੈਵਲ ਨੂੰ ਕਈ ਪਦਾਰਥਾਂ ਦੇ ਅਦਲ-ਬਦਲ ਨਾਲ ਮੈਨੇਜ ਕਰਦਾ ਹੈ। ਜਿਗਰ ਸਰੀਰ ਅੰਦਰੋਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢ ਕੇ ਪਾਚਨ-ਸਿਸਟਮ ਲਈ ਪਿੱਤ ਪੈਦਾ ਕਰਦਾ ਹੈ। ਸਰੀਰ ਅੰਦਰ ਜ਼ਰੂਰੀ ਵਿਟਾਮਿਨ, ਖਣਿਜਾਂ ਦੇ ਨਾਲ-ਨਾਲ ਆਇਰਨ 'ਤੇ ਤਾਂਬੇ ਦੀ ਸਪਲਾਈ ਨੂੰ ਕੰਟਰੋਲ ਕਰਦਾ ਹੈ। ਅਲਕੋਹਲ, ਨਸ਼ੀਲੇ ਪਦਾਰਥਾਂ ਅਤੇ ਹੋਰ ਕੈਮੀਕਲਸ ਨੂੰ ਮੈਟਾਬੋਲਾਈਜ਼ ਕਰਕੇ ਬਲੱਡ ਨੂੰ ਕਲੀਨ ਕਰਦਾ ਹੈ। ਲਿਵਰ ਸਰੀਰ ਦੇ ਜ਼ਰੂਰੀ ਪ੍ਰੋਟੀਨ ਬਣਾਉਣ ਵਿਚ ਮਦਦ ਕਰਦਾ ਹੈ ਅਤੇ ਖੂਨ, ਖੂਨ ਦੇ ਥੱਕੇ ਤੇ ਇਨਫੈਕਸ਼ਨ ਦਾ ਵਿਰੋਧ ਕਰਨ ਵਾਲੇ ਪਦਾਰਥਾਂ ਨੂੰ ਟਰਾਂਸਪੋਰਟ ਇਜਾਜ਼ਤ ਦਿੰਦਾ ਹੈ। ਸੈਕਸ, ਥਾਇਰਾਇਡ, ਕੋਰਟੀਸੋਨ ਆਦਿ ਹਾਰਮੋਨਜ਼ ਦੇ ਸੰਤੁਲਨ ਨੂੰ ਕੰਟ੍ਰੋਲ ਵੀ ਕਰਦਾ ਹੈ।

**ਇਨਫੈਕਸ਼ਨ:** ਵਾਇਰਸ ਅਤੇ ਪਰਜੀਵੀ ਰਾਹੀਂ ਲਿਵਰ ਦੇ ਸੰਕ੍ਰਮਿਤ ਹੋ ਜਾਣ ਕਰਕੇ ਸੋਜ ਹੋ ਜਾਂਦੀ ਹੈ ਅਤੇ ਕੰਮ ਪੱਖੋਂ ਲਿਵਰ ਸੁਸਤ ਹੋ ਜਾਂਦਾ ਹੈ। ਜਿਗਰ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਾਇਰਸ, ਖੂਨ ਜਾਂ ਵੀਰਜ, ਦੂਸ਼ਿਤ ਫੂਡ, ਪਾਣੀ ਜਾਂ ਇਨਫੈਕਸ਼ਨ ਨਾਲ ਪੀੜਤ ਰੋਗੀ ਦੇ ਨਜ਼ਦੀਕੀ ਸੰਪਰਕ ਦੁਆਰਾ ਅਤੇ ਇੰਜੈਕਸ਼ਨ-ਸੂਈਆਂ ਸਾਂਝੀਆਂ ਕਰਨ ਨਾਲ ਤੰਦਰੁਸਤ ਵੀ ਬਿਮਾਰੀ ਦੇ ਘੇਰੇ ਵਿਚ ਆ ਜਾਂਦਾ ਹੈ। ਜਿਗਰ ਦੀ ਆਮ ਇਨਫੈਕਸ਼ਨ ਹੈਪੇਟਾਈਟਸ-ਏ, ਹੈਪੇਟਾਈਟਸ-ਬੀ ਅਤੇ ਹੈਪੇਟਾਈਟਸ-ਸੀ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ। ਕੁੱਝ ਬਿਮਾਰੀਆਂ ਵਿਚ ਇਮੀਊਨ ਸਿਸਟਮ ਸਰੀਰ ਦੇ ਆਟੋਮੀਊਨ 'ਤੇ ਅਟੈਕ ਕਰਕੇ ਜਿਗਰ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਆਟੋਇਮੀਊਨ ਹੈਪੇਟਾਈਟਸ, ਪ੍ਰਾਈਮਰੀ ਬਿਲੀਰੀ ਚੋਲਾਂਈਸਿਸ ਅਤੇ ਪ੍ਰਾਈਮਰੀ ਸਕਲਲੇਰੋਜ਼ਿੰਗ ਕੋਲਾਂਗਾਈਟਿਸ ਵਰਗੇ ਰੋਗ ਹੋ ਸਕਦੇ ਹਨ। ਮਾਂ-ਬਾਪ ਵਿਚੋਂ ਇੱਕ ਜਾਂ ਦੋਵਾਂ ਤੋਂ ਵਿਰਾਸਤ ਵਿਚ ਇੱਕ ਅਸਾਧਾਰਨ ਜੀਨ ਜਿਗਰ ਦੇ ਵੱਖ-ਵੱਖ ਪਦਾਰਥਾਂ ਨੂੰ ਬਣਾਉਣ ਦੇ ਕਾਰਨ ਹੇਮੋਕ੍ਰੋਮੇਟੋਸਿਸ, ਵਿਲਸਨ-ਰੋਗ ਅਤੇਅਲਫਾ-1 ਐਂਟੀਟ੍ਰਾਈਪਸਿਨ ਦੀ ਕਮੀ ਹੋ ਸਕਦੇ ਹਨ। ਲਿਵਰ ਦਾ ਕੈਂਸਰ, ਬਾਇਲ ਡਕਟ ਕੈਂਸਰ ਅਤੇ ਜਿਗਰ ਐਡੀਨੋਮਾ ਵਰਗੇ ਰੋਗਾਂ ਦੀ ਸੰਭਾਵਨਾ ਬਣੀ ਰਹਿੰਦੀ ਹੈ। ਜਿਗਰ ਦੇ ਵੱਧ ਰਹੇ ਰੋਗ ਲਗਾਤਾਰ ਅਲਕੋਹਲ ਲੈਣ ਦੀ ਦੁਰਵਰਤੋਂ, ਗੈਰ-ਅਲਕੋਹਲ ਵਾਲੀ ਫੈਟੀ ਲਿਵਰ ਦੀ ਬਿਮਾਰੀ, ਐਲੋਪੈਥੀ ਅਤੇ ਕੁੱਝ ਹਰਬਲ ਦਵਾਈਆਂ ਦੇ ਸਾਈਡ-ਇਫੈਕਟ ਵੀ ਕਾਰਨ ਬਣਦੇ ਹਨ।

## ਆਪਣੇ ਜ਼ਿਗਰ ਦੀ ਕਰੋ ਕੇਅਰ:


- ਫੈਟੀ ਜਿਗਰ ਦੀ ਸਮੱਸਿਆ ਤੋਂ ਦੂਰ ਰਹਿਣ ਲਈ ਆਪਣੇ ਵਜ਼ਨ 'ਤੇ ਪੂਰਾ ਕੰਟ੍ਰੋਲ ਰੱਖੋ। ਜਿਗਰ ਨੂੰ ਫਿੱਟ ਰੱਖਣ ਲਈ ਡੇਲੀ ਵਰਕ-ਆਊਟ, ਯੋਗਾ, ਸਾਈਕਲਿੰਗ, ਸੈਰ, ਮੈਡੀਟੇਸ਼ਨ ਦੀ ਆਦਤ ਪਾ ਲਵੋ।
- ਜਿਗਰ ਦੀ ਬਿਮਾਰੀ ਵਧਾਉਣ ਵਿਚ ਅਲਕੋਹਲ, ਸਿਗਰੇਟ-ਬੀੜੀ, ਸਿਗਾਰ, ਵੇਪਸ, ਵੀਡ ਦੀ ਲੰਬੇ ਸਮੇ ਤੱਕ ਵਰਤੋਂ, ਜੰਕ-ਫੂਡ ਦਾ ਲਗਾਤਾਰ ਸੇਵਨ, ਮੋਟਾਪਾ, ਡਾਇਬਟੀਜ਼, ਫੈਮਿਲੀ ਹਿਸਟਰੀ, ਅਸੁਰਖਿਅਤ ਸੈਕਸ, ਡਰੱਗਜ਼, ਸਾਂਝੀਆਂ ਸੂਈਆਂ ਦੀ ਵਰਤੋਂ ਵਗੈਰਾ ਕਾਰਨ ਬਣ ਸਕਦੇ ਹਨ।
- ਗਰਮ ਪਾਣੀ 'ਚ ਨਿੰਬੂ, ਆਲਿਵ-ਤੇਲ ਵਿਚ ਸਾਰਟਿਡ ਹਰੀ-ਸਬਜ਼ੀਆਂ, ਤਾਜ਼ਾ ਵੇਜੀਟੇਬਲ ਸੂਪ ਵਗੈਰਾ ਪੌਸ਼ਟਿਕ ਖੁਰਾਕ ਨੂੰ ਰੂਟੀਨ ਵਿਚ ਸ਼ਾਮਲ ਕਰੋ।
- ਸੈਕਸ ਦੇ ਮਾਮਲੇ ਵਿਚ ਆਪਣੇ ਪਾਰਟਨਰ ਪ੍ਰਤੀ ਇਮਾਨਦਾਰੀ ਵਰਤੋ। ਸੱਜੇ-ਖੱਬੇ ਮੂੰਹ ਮਾਰਨ ਦੀ ਆਦਤ ਤੋਂ ਬਚੋ।
- ਤੰਦਰੁਸਤ ਵਿਅਕਤੀ ਅਲਕੋਹਲ ਸੀਮਿਤ ਮਾਤਰਾ ਵਿਚ ਹੀ ਲੈਣ। ਬਿਮਾਰ ਜਿਗਰ ਦੌਰਾਣ ਡਰਗਜ਼, ਸਿਗਰੇਟ, ਬੀੜੀ, ਵੀਡ, ਸ਼ਰਾਬ, ਜੰਕ-ਫੂਡ ਤੋਂ ਹਮੇਸ਼ਾ ਬਚਣਾ ਚਾਹੀਦਾ ਹੈ।
- ਡਾਕਟਰ ਦੀ ਸਲਾਹ ਨਾਲ ਹੈਪੇਟਾਈਟਸ ਦੇ ਖਤਰੇ ਤੋਂ ਬਚਣ ਲਈ ਹੈਪੇਟਾਈਟਸ-ਏ, ਬੀ ਅਤੇ ਹੈਪੇਟਾਈਟਸ-ਸੀ ਵੈਕਸੀਨ ਜ਼ਰੂਰ ਲਗਵਾਓ।
- ਪਰਸਨਲ ਅਤੇ ਬਾਹਰੀ ਸਫਾਈ ਦਾ ਪੂਰਾ ਖਿਆਲ ਰੱਖੋ। ਦੂਜੇ ਲੋਕਾਂ ਦੇ ਖੂਨ ਅਤੇ ਸਰੀਰ ਦੇ ਤਰਲ ਪਦਾਰਥਾਂ ਤੋਂ ਬਚਣਾ ਚਾਹੀਦਾ ਹੈ।
- ਗੈਰ-ਨੁਸਖੇ ਵਾਲੀ ਜਾਂ ਕੋਈ ਵੀ ਦਵਾਈ ਆਪਣੀ ਮਰਜ਼ੀ ਨਾਲ ਨਾ ਲਵੋ। ਇਲਾਜ ਦੌਰਾਣ ਲਾਪ੍ਰਵਾਹੀ ਖਤਰਨਾਕ ਹਾਲਾਤ ਦੇ ਸਕਦੀ ਹੈ। ਪੇਨ-ਕਿਲਰ ਅਤੇ ਕੁੱਝ ਕੋਲੈਸਟਰੋਲ ਦੀ ਦਵਾਈ ਦਾ ਮਾੜਾ ਅਸਰ ਲਿਵਰ ਨੂੰ ਬਿਮਾਰ ਕਰ ਸਕਦਾ ਹੈ।
- ਕੀਟਨਾਸ਼ਕ, ਤੇ ਐਰੋਸੋਲ, ਕਲੀਨਿੰਗ ਪ੍ਰਾਡਕਟਸ ਯਾਨਿ ਜ਼ਹਿਰੀਲੇ ਕੈਮੀਕਲਸ ਨੂੰ ਇਨਹੇਲ ਨਾ ਕਰੋ। ਅਜਿਹੇ ਰਸਾਇਣ ਜਿਗਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ।
- ਉੱਚ ਕੈਲੋਰੀ ਵਾਲੇ ਪਦਾਰਥ, ਰਿਫਾਇੰਡ ਕਾਰਬੋਹਾਈਡਰੇਟ, ਜਿਵੇਂ ਚਿੱਟੀ ਰੋਟੀ, ਚਾਵਲ, ਜ਼ਿਆਦਾ ਪਾਸਤਾ ਅਤੇ ਸ਼ੱਕਰ ਤੋਂ ਪਰਹੇਜ਼ ਕਰਕੇ, ਪੌਸ਼ਟਿਕ ਖੁਰਾਕ ਯਾਨਿ ਤਾਜ਼ੇ ਫਲ-ਸਬਜ਼ੀਆਂ, ਸੀਮਿਤ ਮਾਤਰਾ 'ਚ ਮੀਟ, ਘੱਟ ਫੈਟ ਵਾਲਾ ਦੁੱਧ, ਪਨੀਰ ਅਤੇ ਹਾਈਡਰੇਸ਼ਨ ਲਈ ਡੇਲੀ 8-10 ਗਿਲਾਸ ਪਾਣੀ ਪੀਓ।

**ਨੋਟ:** ਬੱਚੇ, ਅਤੇ ਗਰਭਵਤੀ ਔਰਤਾਂ ਨੂੰ ਜੰਕ ਫੂਡ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ। ਬਿਮਾਰੀ ਦਾ ਕੋਈ ਵੀ ਲੱਛਣ 2 ਹਫਤੇ ਤੋਂ ਵੱਧ ਰਹਿਣ ਦੀ ਹਾਲਤ ਵਿਚ ਤੁਰੰਤ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਕਰਕੇ ਬਿਨਾ ਦੇਰੀ ਇਲਾਜ਼ ਸ਼ੁਰੂ ਕਰੋ। ਹਰਬਲ ਸਪਲੀਮੈਂਟਸ ਬਿਨਾ ਮਾਹਿਰ ਦੀ ਸਲਾਹ ਤੋਂ ਨਾ ਲਵੋ। ਸਬਜ਼ੀ-ਫਲ ਨਮਕ ਵਾਲੇ ਗਰਮ ਪਾਣੀ ਨਾਲ ਚੰਗੀ ਤਰ੍ਹਾਂ ਕਲੀਨ ਕਰਕੇ ਇਸਤੇਮਾਲ ਕਰੋ।

# ਲੋਕ ਸਭਾ ਚੋਣਾਂ-ਆਪਣਾ ਰਾਹ ਆਪ ਅਖਤਿਆਰ ਕਰਦਾ ਹੈ ਪੰਜਾਬ !

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)






ਪੰਜਾਬ, ਲੋਕ ਸਭਾ ਚੋਣਾਂ ਵੇਲੇ ਆਪਣਾ ਰਾਹ ਆਪ ਉਲੀਕਦਾ ਹੈ, ਉਹ ਦੇਸ਼ 'ਚ ਚੱਲੀ ਕਿਸੇ "ਵਿਅਕਤੀ ਵਿਸ਼ੇਸ਼" ਦੀ ਲਹਿਰ ਦਾ ਹਿੱਸਾ ਨਹੀਂ ਬਣਦਾ। ਉਹ ਧੱਕੇ ਧੌਂਸ ਵਿਰੁੱਧ ਹਿੱਕ ਡਾਹਕੇ ਖੜ੍ਹਦਾ ਹੈ, ਸੰਘਰਸ਼ ਕਰਦਾ ਹੈ। ਗੱਲ ਦੇਸ਼ 'ਚ 1975 'ਚ ਲੱਗੀ ਐਮਰਜੈਂਸੀ ਵੇਲੇ ਦੀ ਕਰ ਲਈਏ ਜਾਂ 2014 'ਚ ਚੱਲੀ "ਮੋਦੀ ਲਹਿਰ" ਦੀ, ਪੰਜਾਬ ਆਪਣੀ ਚਾਲੇ ਚੱਲਦਾ ਰਿਹਾ ਅਤੇ ਸਪੱਸ਼ਟ ਨਤੀਜੇ ਦਿੰਦਾ ਰਿਹਾ।

ਦੇਸ਼ 'ਚ ਲੋਕ ਸਭਾ ਚੋਣਾਂ ਦਾ ਬਿਗਲ ਵੱਜ ਗਿਆ ਹੈ। 17ਵੀਂ ਲੋਕ ਸਭਾ ਚੋਣਾਂ 'ਚ 98 ਕਰੋੜ ਭਾਰਤੀ ਵੋਟਰ ਹਿੱਸਾ ਲੈਣਗੇ, ਜੋ 7 ਪੜ੍ਹਾਵਾਂ 'ਚ ਹੋ ਰਹੀ ਹੈ। 19 ਅਪ੍ਰੈਲ ਤੋਂ ਪਹਿਲਾ ਪੜ੍ਹਾਅ ਅਤੇ ਪਹਿਲੀ ਜੂਨ 2024 ਨੂੰ ਸੱਤਵੇ ਪੜ੍ਹਾਅ 'ਚ ਵੱਖੋ-ਵੱਖਰੇ ਰਾਜਾਂ 'ਚ ਚੋਣ ਹੋਏਗੀ। ਨਤੀਜੇ 4 ਜੂਨ 2024 ਨੂੰ ਨਿਕਲਣਗੇ। ਪੰਜਾਬ ਪਹਿਲੀ ਜੂਨ ਨੂੰ ਚੋਣਾਂ 'ਚ ਹਿੱਸਾ ਲਵੇਗਾ। ਪੰਜਾਬ ਦੇ 2.12 ਕਰੋੜ ਵੋਟਰ ਹਨ। 2019 ਦੀਆਂ ਚੋਣਾਂ ਨਾਲੋਂ 8.96 ਲੱਖ ਵੋਟਰਾਂ ਦਾ 2024 ਦੀਆਂ ਚੋਣਾਂ ਲਈ ਵਾਧਾ ਹੋਇਆ ਹੈ। ਪੁਰਸ਼ 1.11 ਕਰੋੜ, ਔਰਤਾਂ 1.00 ਕਰੋੜ ਅਤੇ 744 ਟਰਾਂਸਜੈਂਡਰ ਹਨ।

ਪੰਜਾਬ ਦੇ 13 ਚੋਣ ਹਲਕਿਆਂ, ਪਟਿਆਲਾ, ਫਤਿਹਗੜ੍ਹ, ਗੁਰਦਾਸਪੁਰ, ਅੰਮ੍ਰਿਤਸਰ, ਖਡੂਰ ਸਾਹਿਬ, ਜਲੰਧਰ, ਹੁਸ਼ਿਆਰਪੁਰ, ਅਨੰਦਪੁਰ, ਲੁਧਿਆਣਾ, ਫਰੀਦਕੋਟ, ਫਿਰੋਜਪੁਰ, ਬਠਿੰਡਾ, ਸੰਗਰੂਰ ਵਿਚੋਂ 4 ਲੋਕ ਸਭਾ ਸੀਟਾਂ ਹੁਸ਼ਿਆਰਪੁਰ, ਜਲੰਧਰ, ਫਤਿਹਗੜ੍ਹ, ਫਰੀਦਕੋਟ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਹਨ।

ਚੱਲਦੇ-ਚੱਲਦੇ ਮੋਦੀ ਦੌਰ ਦੇ ਪੰਜਾਬ ਦੇ ਲੋਕ ਸਭਾ ਚੋਣ ਨਤੀਜਿਆਂ 'ਤੇ ਝਾਤੀ ਮਾਰਦੇ ਹਾਂ। ਸਾਲ 2014 'ਚ ਜਦੋਂ ਦੇਸ਼ ਮੋਦੀ ਲਹਿਰ 'ਚ ਗ੍ਰਸਿਆ ਪਿਆ ਸੀ, ਭਾਜਪਾ ਨੂੰ ਪੰਜਾਬ ਵਿਚੋਂ ਸਿਰਫ਼ ਦੋ ਸੀਟਾਂ ਪ੍ਰਾਪਤ ਹੋਈਆਂ, ਜਦਕਿ ਦੇਸ਼ ਭਰ 'ਚ ਭਾਜਪਾ ਨੂੰ 282 ਸੀਟਾਂ ਆਈਆਂ ਸਨ। ਸਾਲ 2019 ਦਾ ਭਾਜਪਾ ਨੂੰ ਫਿਰ ਦੇਸ਼ 'ਚ 303 ਸੀਟਾਂ ਮਿਲੀਆਂ ਪਰ ਪੰਜਾਬ ਵਿਚ ਉਹ ਸਿਰਫ਼ ਤਿੰਨ ਸੀਟਾਂ ਪ੍ਰਾਪਤ ਕਰ ਸਕੀ, ਉਹ ਵੀ ਸ਼੍ਰੋਮਣੀ ਅਕਾਲੀ ਦਲ (ਬ) ਦੇ ਗੱਠਜੋੜ ਕਾਰਨ।

ਇਨ੍ਹਾਂ ਦਸ ਸਾਲਾਂ 'ਚ ਕੇਂਦਰ 'ਚ ਭਾਜਪਾ ਕਾਬਜ਼ ਰਹੀ, ਪਰ ਪੰਜਾਬ 'ਚ ਪਹਿਲਾਂ, ਅਕਾਲੀ-ਭਾਜਪਾ, ਫਿਰ ਕਾਂਗਰਸ ਅਤੇ ਫਿਰ ਆਪ ਆਦਮੀ ਪਾਰਟੀ ਨੇ ਆਪਣੀਆਂ ਸੂਬਾ ਸਰਕਾਰਾਂ ਬਣਾਈਆਂ ਅਤੇ ਅਕਾਲੀ-ਭਾਜਪਾ ਗੱਠਜੋੜ ਦਾ ਜਿਵੇਂ ਸੂਬੇ ਪੰਜਾਬ ਵਿਚੋਂ ਸਫਾਇਆ ਹੀ ਕਰ ਦਿੱਤਾ। ਭਾਜਪਾ ਨੂੰ ਕਿਸਾਨ ਅੰਦੋਲਨ ਨੇ ਪੰਜਾਬ 'ਚ ਵਧੇਰੇ ਪ੍ਰਭਾਵਤ ਕੀਤਾ।

ਪੰਜਾਬ 'ਚੋਂ ਉਠੇ ਪਹਿਲੇ ਕਿਸਾਨ ਅੰਦਲਨ ਨੇ ਪੰਜਾਬ ਵਿਚ ਹੀ ਨਹੀਂ, ਸਗੋਂ ਸਮੁੱਚੇ ਭਾਰਤ ਵਿਚ ਭਾਜਪਾ ਦੇ ਕੇਂਦਰਵਾਦ ਵਿਰੁੱਧ ਆਵਾਜ਼ ਉਠਾਈ। ਤਿੰਨ ਕਾਲੇ ਖੇਤੀ ਕਾਨੂੰਨ, ਉਸ ਪ੍ਰਧਾਨ ਮੰਤਰੀ ਕੋਲੋਂ ਰੱਦ ਕਰਵਾਏ, ਜਿਸ ਬਾਰੇ ਕਿਹਾ ਜਾਂਦਾ ਸੀ ਕਿ ਉਹ ਕਿਸੇ ਅੱਗੇ ਝੁਕਦਾ ਨਹੀਂ ਅਤੇ ਮੋਦੀ ਹੈ ਤਾਂ ਮੁਮਕਿਨ' ਹੈ। ਇਹ ਅੰਦੋਲਨ, ਜੋ ਕਿਸਾਨਾਂ, ਮਜ਼ਦੂਰਾਂ, ਬੁੱਧੀਜੀਵੀਆਂ, ਚੇਤੰਨ ਲੋਕਾਂ ਦਾ ਅੰਦੋਲਨ ਹੋ ਨਿਬੜਿਆ, ਨੇ ਪੰਜਾਬ ਵਿਚੋਂ ਇੱਕ ਇਹੋ ਜਿਹਾ ਸੰਦੇਸ਼ ਦਿੱਤਾ ਕਿ ਲੋਕਤੰਤਰੀ ਢਾਂਚੇ ਨੂੰ ਆਂਚ ਆਉਣ ਅਤੇ ਭਾਰਤੀ ਸੰਘਵਾਦ ਦੀ ਤਬਾਹੀ ਜਾਂ ਖ਼ਾਤਮੇ ਲਈ ਕਿਸੇ ਵੀ ਯਤਨ ਨੂੰ ਪੰਜਾਬ ਵਿਚ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਬਾਵਜੂਦ ਇਸ ਗੱਲ ਦੇ ਕਿ ਪੰਜਾਬ ਦੇ ਲੋਕਾਂ ਨੇ 1947 ਭੁਗਤੀ, '84 ਦਾ ਸੰਤਾਪ ਪਿੰਡੇ ਹੰਢਾਇਆ, ਖਾੜਕੂਵਾਦ ਦੇ ਦੌਰ 'ਚ ਵੱਡਾ ਨੁਕਸਾਨ ਉਠਾਇਆ ਪਰ ਪੰਜਾਬ ਦੇ ਲੋਕ, ਜਿਨ੍ਹਾਂ ਦੇ ਪੱਲੇ ਆਜ਼ਾਦੀ ਦੀ ਅਲਖ਼ ਉਨ੍ਹਾਂ ਦੇ ਪੂਰਬਜਾਂ ਨੇ ਜਗਾਈ ਹੋਈ ਸੀ, ਉਸ ਵਿਰਾਸਤ ਨੂੰ ਅੱਗੇ ਤੋਰਿਆ ਅਤੇ ਨਿਰੰਤਰ ਤੋਰਿਆ।

1975 ਦੀ ਐਮਰਜੈਂਸੀ ਦੇ ਵਰ੍ਹਿਆਂ 'ਚ ਪੰਜਾਬ ਦੇ ਲੋਕਾਂ ਨੇ ਜੇਲ੍ਹਾਂ ਕੱਟੀਆਂ, ਉਹ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆਂ ਨੀਤੀਆਂ ਦੇ ਵਿਰੁੱਧ ਲੜੇ, ਉਹ ਜੈਪ੍ਰਕਾਸ਼ ਨਰਾਇਣ ਦੀ ਅਗਵਾਈ 'ਚ ਵਿਰੋਧੀ ਦਲਾਂ ਦੀ ਮੁਹਿੰਮ 'ਚ ਉਨ੍ਹਾਂ ਨਾਲ ਨਿਭੇ। ਲਗਭਗ ਇਨ੍ਹਾਂ ਹੀ ਵਰ੍ਹਿਆਂ 'ਚ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਅਨੰਦਪੁਰ ਸਾਹਿਬ ਦਾ ਮਤਾ ਲਿਆਂਦਾ, ਜੋ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ ਕਰਦਾ ਸੀ। ਜਿਸਨੇ ਸਮੁੱਚੇ ਦੇਸ਼ 'ਚ ਇੱਕ ਤਰ੍ਹਾਂ ਨਵੀਂ ਚਰਚਾ ਛੇੜੀ।

ਇਸੇ ਦੌਰ 'ਚ ਦੱਖਣੀ ਭਾਰਤ 'ਚ ਖੇਤਰੀ ਪਾਰਟੀਆਂ ਡੀ.ਐੱਮ.ਕੇ. ਅਤੇ ਅੰਨਾ ਡੀ.ਐੱਮ.ਕੇ. (ਤਾਮਿਲਨਾਡੂ) ਤੇਲਗੂ ਦੇਸ਼ਮ ਅਤੇ ਵਾਈ.ਐੱਸ.ਆਰ. (ਆਂਧਰਾ ਪ੍ਰਦੇਸ਼) ਅਤੇ ਤਿਲੰਗਾਨਾ 'ਚ ਟੀ.ਆਰ.ਐੱਸ. ਵਰਗੀਆਂ ਪਾਰਟੀਆਂ ਨੇ ਸੂਬਿਆਂ ਲਈ ਵਧ ਅਧਿਕਾਰਾਂ ਦੀ ਮੰਗ ਕੀਤੀ। ਪਰ ਕਿਉਂਕਿ ਭਾਜਪਾ ਕਦੇ ਵੀ ਖੇਤਰੀ ਦਲਾਂ ਦੇ ਹੱਕ 'ਚ ਨਹੀਂ ਰਹੀ। ਕਈ ਥਾਵੀਂ ਉਸ ਵੇਲੇ ਖੇਤਰੀ ਦਲਾਂ ਨਾਲ ਸਾਂਝ ਭਿਆਲੀ ਕਰਦਿਆਂ, ਉਨ੍ਹਾਂ ਦੀ ਹੋਂਦ ਮਿਟਾਉਣ ਦਾ ਯਤਨ ਕੀਤਾ। ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਸਾਂਝ ਪਾ ਕੇ, ਉਸਦਾ ਵੱਡਾ ਨੁਕਸਾਨ ਕੀਤਾ। ਜਨਤਾ ਪਾਰਟੀ, ਇਨੈਲੋ, ਭਾਜਪਾ ਅਤੇ ਜਨਤਾ ਦਲ (ਐੱਸ) ਨਾਲ ਕੁਝ ਸਮੇਂ ਦੀ ਸਾਂਝ ਭਿਆਲੀ, ਉਨ੍ਹਾਂ ਪਾਰਟੀਆਂ ਦੀ ਦੁਰਦਸ਼ਾ ਦਾ ਕਾਰਨ ਬਣੀ। ਮਹਾਂਰਾਸ਼ਟਰ , ਉਡੀਸਾ, ਆਂਧਰਾ ਪ੍ਰਦੇਸ਼, ਹਰਿਆਣਾ ਵਿਚ ਸਿਵਸੈਨਾ, ਐੱਸ.ਸੀ.ਪੀ. ਅਤੇ ਜਜਪਾ ਨਾਲ ਸਾਂਝ ਭਿਆਲੀ ਕਰਕੇ ਭਾਜਪਾ ਦਾ ਉਦੇਸ਼ ਉਨ੍ਹਾਂ ਨੂੰ ਖ਼ਤਮ ਕਰਨਾ ਸੀ। ਪਰ ਉਹ ਸਮਾਂ ਰਹਿੰਦਿਆਂ ਭਾਜਪਾ ਦੀ ਚਾਲ ਸਮਝ ਗਏ।

ਪੰਜਾਬ ਦੇ ਲੋਕ ਵੀ ਭਾਜਪਾ ਦੀਆਂ ਨੀਤੀਆਂ ਤੋਂ ਵਾਕਫ ਹੋਏ। ਉਸਦੇ ਕੇਂਦਰੀਵਾਦ, ਇੱਕ ਦੇਸ਼ ਇੱਕ ਬੋਲੀ, ਇੱਕ ਚੋਣ ਦੇ ਦੇਸ਼ 'ਚ ਲਾਗੂ ਕਰਨ ਦੇ ਮੰਤਵ ਨੂੰ ਨਕਾਰਿਆ। ਧਾਰਮਿਕ ਕੱਟੜਤਾ ਦੇ ਉਸਦੇ ਅਜੰਡੇ ਨੂੰ ਪੰਜਾਬ ਨੇ ਕਦੇ ਪ੍ਰਵਾਨ ਨਹੀਂ ਕੀਤਾ ਅਤੇ ਪੰਜਾਬ ਨੇ ਭਾਜਪਾ ਨੂੰ ਕਦੇ ਵੀ ਤਰਜੀਹ ਨਹੀਂ ਦਿੱਤੀ, ਬਾਵਜੂਦ ਇਸ ਗੱਲ ਦੇ ਕਿ ਉਸ ਵਲੋਂ ਹੋਰ ਪਾਰਟੀਆਂ ਦੇ ਵੱਡੇ ਨੇਤਾਵਾਂ ਜਿਵੇਂ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ ਵਰਗੇ ਨੇਤਾਵਾਂ ਨੂੰ ਆਪਣੇ ਨਾਲ ਜੋੜ ਲਿਆ। ਭਾਜਪਾ ਦੇ ਕੇਂਦਰ ਸਰਕਾਰ ਦੇ ਨਾਹਰੇ "ਡਬਲ ਇੰਜਣ" ਸਰਕਾਰ ਦੇ ਲਾਲੀਪਾਪ ਨੂੰ ਪੰਜਾਬ ਨੇ ਕਦੇ ਵੀ ਪ੍ਰਵਾਨ ਨਹੀਂ ਕੀਤਾ।

ਪੰਜਾਬ ਸਰਹੱਦੀ ਸੂਬਾ ਹੈ। ਇਸ ਸੂਬੇ ਨੇ ਆਪਣੇ ਸੀਨੇ 'ਤੇ ਜੰਗਾਂ ਵੀ ਸਹੀਆਂ। ਖਾੜਕੂਵਾਦ ਦਾ ਸੰਤਾਪ ਵੀ ਹੰਢਾਇਆ। ਬੋਲੀ 'ਤੇ ਆਧਾਰਿਤ "ਪੰਜਾਬੀ ਸੂਬਾ" ਪ੍ਰਾਪਤ ਕਰਨ ਲਈ ਲੰਮਾ ਸੰਘਰਸ਼ ਕੇਂਦਰੀ ਹਾਕਮਾਂ ਨਾਲ ਲੜਿਆ। ਆਪਣੀ ਮਾਂ ਬੋਲੀ ਪੰਜਾਬੀ ਨੂੰ ਕੇਂਦਰੀ ਹਾਕਮਾਂ ਵਲੋਂ ਦਰਕਿਨਾਰ ਕਰਨ ਤੇ ਕੋਝੀਆਂ ਚਾਲਾਂ ਚੱਲਣ ਵਿਰੁੱਧ ਅਵਾਜ਼ ਉਠਾਈ। ਪੰਜਾਬ ਦੇ ਪਾਣੀ ਖੋਹੇ ਜਾਣ ਵਿਰੁੱਧ ਸੀਨਾ ਤਾਣਕੇ ਪੰਜਾਬ ਦੇ ਲੋਕ ਖੜ੍ਹੇ ਹੋਏ।

ਕੇਂਦਰ ਦੇ ਹਾਕਮ, ਪੰਜਾਬ ਨੂੰ ਨਾ ਦਰਿਆਈ ਪਾਣੀਆਂ ਦੇ ਮਾਮਲੇ 'ਤੇ ਇਨਸਾਫ਼ ਦੇ ਸਕੇ, ਨਾ ਪੰਜਾਬ ਨੂੰ ਇੱਕ ਸਨਅਤੀ ਸੂਬੇ ਵਜੋਂ ਜਾਂ ਵਪਾਰਕ ਕੇਂਦਰ ਵਜੋਂ ਉਭਰਨ ਦੇ ਮੌਕੇ ਉਸਨੇ ਦਿੱਤੇ। ਹਾਂ, ਪੰਜਾਬ ਨੂੰ ਦੇਸ਼ ਦਾ ਅੰਨਦਾਤਾ ਆਖਕੇ ਉਸਦੀਆਂ ਵਡਿਆਈਆਂ ਕਰਕੇ, ਇਥੋਂ ਐਨੀ ਕਣਕ ਤੇ ਚਾਵਲ ਪ੍ਰਾਪਤ ਕਰਦੇ ਰਹੇ ਕਿ ਅੱਜ ਪੰਜਾਬ, ਧਰਤੀ ਹੇਠਲੇ ਪਾਣੀ ਦੀ ਥੋੜ ਕਾਰਨ ਮਾਰੂਥਲ ਬਨਣ ਵੱਲ ਅੱਗੇ ਵਧ ਰਿਹਾ ਹੈ।

ਕਿਉਂਕਿ ਕੇਂਦਰੀ ਹਾਕਮ ਪੰਜਾਬ ਨਾਲ ਦੁਪਰਿਆਰਾ ਸਲੂਕ ਕਰਦੇ ਰਹੇ, ਇਸੇ ਕਰਕੇ ਪੰਜਾਬ ਦੇ ਲੋਕਾਂ ਦੇ ਦਿਲਾਂ 'ਚ ਰੋਹ ਉਪਜਦਾ ਰਿਹਾ ਹੈ। ਇਸੇ ਕਰਕੇ ਪੰਜਾਬ ਦੇ ਫ਼ੈਸਲੇ ਆਮ ਤੌਰ 'ਤੇ ਰੋਹ ਭਰੇ ਪਰ ਵਿਵੇਕਪੂਰਨ, ਲੋਕ ਹਿਤੈਸ਼ੀ ਰਹੇ ਹਨ, ਕਿਉਂਕਿ ਪੰਜਾਬ, ਉੱਚ ਦੁਮਾਲੜੇ ਕਿਰਦਾਰ ਵਿਹਾਰ ਵਾਲੇ ਅਜਿਹੇ ਸਿਆਸਤਦਾਨਾਂ ਦੀ ਜਿਹੜੇ ਪੰਜਾਬ ਤੇ ਮੁਲਕ ਦੀ ਬਿਹਤਰੀ ਲਈ ਫੈਡਰਲ ਸਿਆਸਤ ਦੇ ਬਿਰਤਾਂਤ ਤੇ ਅਜੰਡੇ ਨੂੰ ਸਮਰਪਿਤ ਹੋਣ, ਨੂੰ ਤਰਜੀਹ ਦਿੰਦਾ ਰਿਹਾ ਹੈ।

ਪੰਜਾਬ ਜਾਗਰੂਕ ਹੈ, ਉਹ ਸਮੇਂ-ਸਮੇਂ ਉਨ੍ਹਾਂ ਸਿਆਸਤਦਾਨਾਂ ਨੂੰ ਸਜ਼ਾ ਦੇਣ ਲਈ ਜਾਣਿਆ ਜਾਂਦਾ ਹੈ, ਜਿਹੜੇ ਪੰਜਾਬ ਨੂੰ ਆਪਣੀ ਮਲਕੀਅਤ ਸਮਝਦੇ ਰਹੇ। ਅਕਾਲੀ ਦਲ ਜਿਹੜਾ ਪੰਜਾਬ 'ਤੇ 25 ਸਾਲ ਰਾਜ ਕਰਨ ਦੀ ਗੱਲ ਕਰਦਾ ਰਿਹਾ, ਉਸ ਨੂੰ ਕਿਸਾਨਾਂ ਦੇ ਵਿਰੋਧ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਨੂੰ ਸਹੀ ਢੰਗ ਨਾਲ ਨਾ ਨਿਪਟਾਉਣ ਕਾਰਨ ਸੱਤਾ ਤੋਂ ਹੱਥ ਧੋਣੇ ਪਏ।

ਦੋ ਸਾਲ ਪਹਿਲਾਂ ਜਦੋਂ ਆਮ ਆਦਮੀ ਪਾਰਟੀ ਨੂੰ ਪੰਜਾਬ ਨੇ ਆਪਣੇ ਸਿਰ 'ਤੇ ਬਿਠਾਇਆ, ਉਸ ਵਲੋਂ ਕੀਤੀ ਇਕੋ ਗਲਤੀ ਨੇ ਰਾਜਭਾਗ ਦੇ 6 ਮਹੀਨਿਆਂ ਦੇ ਅੰਦਰ ਸੰਗਰੂਰ ਲੋਕ ਸਭਾ ਸੀਟਾਂ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਖਾਲੀ ਹੋਈ ਲੋਕ ਸਭਾ ਸੀਟ ਤੋਂ ਜਿਮਨੀ ਚੋਣ ਵੇਲੇ ਆਮ ਆਦਮੀ ਪਾਰਟੀ ਨੂੰ ਹਰਾ ਕੇ ਸਿਮਰਨਜੀਤ ਸਿੰਘ ਮਾਨ, ਸ਼੍ਰੋਮਣੀ ਅਕਾਲੀ ਦਲ (ਸਿਮਰਨਜੀਤ ਸਿੰਘ) ਨੂੰ ਇਹ ਸੀਟ ਜਿਤਾ ਦਿੱਤੀ।

ਅੱਜ ਜਦ ਭਾਜਪਾ ਆਪਣੇ ਮੂਲ ਅਜੰਡੇ ਨੂੰ ਅੱਗੇ ਵਧਾਉਣ ਲਈ ਲੋਕਾਂ ਨੂੰ ਪਾਰਟੀ ਲਈ 370 ਸੀਟਾਂ ਜਿਤਾਉਣ ਦੀ ਅਪੀਲ ਕਰ ਰਹੀ ਹੈ। ਉਸਦਾ ਅਜੰਡਾ ਸਿਰਫ ਹਿੰਦੂ ਰਾਸ਼ਟਰ ਆਯੋਧਿਆ, ਕਾਸ਼ੀ ਤੱਕ ਸੀਮਤ ਨਹੀਂ ਰਹੇਗਾ। ਹਿੰਦੂ ਮੰਦਰਾਂ ਦੇ ਕੋਲ ਹੋਰ ਵੀ ਮਸਜ਼ਿਦਾਂ ਨੂੰ ਲੈ ਕੇ ਵਿਵਾਦ ਹੋਣਗੇ। ਵੱਧ ਤੋਂ ਵੱਧ ਸੜਕਾਂ ਦੇ ਨਾਂਅ ਬਦਲੇ ਜਾਣਗੇ। ਗਿਆਰਾਂ ਮਾਰਚ 2024 ਨੂੰ ਨਾਗਰਿਕਤਾ ਸੋਧ ਕਾਨੂੰਨ 2019 ਲਾਗੂ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਤਜ਼ਰਬੇ ਦੇ ਤੌਰ 'ਤੇ ਉਤਰਾਖੰਡ 'ਚ ਇਹ ਲਾਗੂ ਕਰ ਦਿੱਤਾ ਗਿਆ ਹੈ। ਇੱਕ ਰਾਸ਼ਟਰ, ਇੱਕ ਚੋਣ ਦਾ ਕਾਨੂੰਨ ਵੀ ਸੰਸਦ 'ਚ ਪਾਸ ਕਰ ਦਿੱਤਾ ਜਾਏਗਾ। ਇਸ ਨਾਲ ਸੰਘਵਾਦ ਅਤੇ ਲੋਕਤੰਤਰ ਹੋਰ ਵੀ ਕਮਜ਼ੋਰ ਹੋ ਜਾਏਗਾ ਅਤੇ ਭਾਰਤ ਸਰਕਾਰ ਰਾਸ਼ਟਰਪਤੀ ਪ੍ਰਣਾਲੀ ਦੇ ਨਜ਼ਦੀਕ ਪੁੱਜ ਜਾਏਗਾ। ਜਿਸ ਵਿਚ ਸਾਰੀਆਂ ਸ਼ਕਤੀਆਂ ਇੱਕ ਹੀ ਵਿਅਕਤੀ ਉਤੇ ਕੇਂਦਰਤਿ ਹੋ ਜਾਣਗੀਆਂ।

ਤਦ ਪੰਜਾਬ ਸਦਾ ਇਹੋ ਜਿਹੀਆਂ ਨੀਤੀਆਂ ਦੇ ਵਿਰੋਧ 'ਚ ਖੜ੍ਹਾ ਹੈ। ਪੰਜਾਬ ਸਦਾ ਸਾਂਝੀਵਾਲਤਾ, ਭਰਾਤਰੀ ਭਾਵ ਦਾ ਮੁਦੱਈ ਰਿਹਾ ਹੈ। ਕਹਿਣੀ ਤੋਂ ਹੀ ਨਹੀਂ, ਕਰਨੀ 'ਤੇ ਉਸਦਾ ਇਸੇ ਵਿਚਾਰਧਾਰਾ 'ਤੇ ਵਿਸ਼ਵਾਸ ਹੈ। ਇਸੇ ਕਰਕੇ ਪੰਜਾਬ 'ਚ ਵਿਰੋਧ ਦੀ ਸੁਰ ਹਾਕਮ ਧਿਰਾਂ ਵਿਰੁੱਧ ਭਾਰੂ ਰਹਿੰਦੀ ਹੈ। ਬਿਨ੍ਹਾਂ ਸ਼ੱਕ, ਦੇਸ਼ ਇਸ ਵੇਲੇ ਮੋਦੀ ਸਰਕਾਰ ਦੇ ਪ੍ਰਚਾਰ 'ਚ ਗ੍ਰਸਿਆ ਨਜ਼ਰ ਆਉਂਦਾ ਹੈ। ਇਹ ਇੱਕ ਅਸਲੀਅਤ ਹੈ ਕਿ ਦੇਸ਼ ਦੇ ਬਹੁ-ਗਿਣਤੀ ਭਾਈਚਾਰੇ ਦੇ ਲੋਕ ਕੇਂਦਰਵਾਦ ਦਾ ਸਵਾਗਤ ਕਰਨਗੇ, ਕਿਉਂਕਿ ਸੱਚੇ ਲੋਕਤੰਤਰਿਕ ਮੁਲ ਹੁਣ ਤੱਕ ਸਾਂਝੇ ਪਰਿਵਾਰਕ, ਸਮਾਜਿਕ ਜਾਂ ਰਾਜਨੀਤਕ ਢਾਂਚੇ ਦਾ ਪੂਰੀ ਤਰ੍ਹਾਂ ਨਿਰੀਖਣ ਨਹੀਂ ਕਰ ਸਕੇ। ਇਸੇ ਲਈ ਵਿਕਾਸ ਦੇ ਨਾਂਅ ਉਤੇ ਅਮੀਰ ਨੂੰ ਜ਼ਿਆਦਾ ਅਮੀਰ ਹੁੰਦਿਆਂ ਲੋਕ ਪ੍ਰਵਾਨ ਕਰਨਗੇ ਅਤੇ ਹੇਠਲੇ ਪੰਜਾਹ ਫ਼ੀਸਦੀ ਲੋਕ ਕੁੱਲ ਜਾਇਦਾਦ ਦੇ ਤਿੰਨ ਫ਼ੀਸਦੀ ਹਿੱਸੇ ਅਤੇ ਰਾਸ਼ਟਰੀ ਆਮਦਨ ਦੇ 13 ਫ਼ੀਸਦੀ ਹਿੱਸੇ 'ਚ ਸੰਤੁਸ਼ਟ ਹੋਣ ਲਈ ਮਜਬੂਰ ਹੋਣਗੇ। ਇਸ ਨਾਲ ਸਮਾਜਿਕ, ਸੰਸਕ੍ਰਿਤਿਕ ਗੁਲਾਮੀ ਅਤੇ ਪੀੜਾ ਜਾਰੀ ਰਹੇਗੀ ਅਤੇ ਆਰਥਿਕ ਮੰਦਹਾਲੀ ਤੇ ਗਰੀਬੀ ਹੋਰ ਵਧੇਗੀ। ਇਹੋ ਜਿਹੀ ਸਥਿਤੀ ਕਾਲਪਨਿਕ ਨਹੀਂ ਹੈ। ਦੇਸ਼ 'ਚ ਇੱਕ ਗੰਭੀਰ ਸੰਕਟ ਸਥਿਤੀ ਹੈ।

ਪੰਜਾਬ ਇਹੋ ਜਿਹੀਆਂ ਵੱਡੀਆਂ ਤੇ ਗੰਭੀਰ ਸਥਿਤੀਆਂ ਨੂੰ ਮੁਗਲ ਰਾਜ ਵੇਲੇ ਵੀ ਹੰਢਾਉਂਦਾ ਰਿਹਾ ਹੈ, ਅੰਗਰੇਜ਼ ਰਾਜ ਵੇਲੇ ਵੀ। ਇਸੇ ਕਰਕੇ ਪੰਜਾਬ ਦੇ ਪੀੜਤ ਲੋਕ ਲਗਾਤਾਰ ਆਪਣੇ ਹੱਕਾਂ ਲਈ ਲੜਦੇ ਰਹੇ ਹਨ। ਸੰਘਰਸ਼ਾਂ ਤੋਂ ਸਿੱਖਦੇ ਰਹੇ ਹਨ। ਉਹ ਇਤਿਹਾਸ ਦੇ ਉਸ ਗੁਰ ਨੂੰ ਵੀ ਜਾਣਦੇ ਹਨ, ਜੋ ਕਹਿੰਦਾ ਹੈ ਕਿ "ਆਜ਼ਾਦੀ ਅਤੇ ਵਿਕਾਸ ਯਕੀਨੀ ਬਨਾਉਣ ਲਈ ਸਮੇਂ-ਸਮੇਂ 'ਤੇ ਰਾਜ-ਭਾਗ 'ਚ ਤਬਦੀਲੀ ਜ਼ਰੂਰੀ ਹੈ।" ਪੰਜਾਬ ਨੇ ਇਸ ਸੱਚਾਈ ਨੂੰ ਪੱਲੇ ਬੰਨ੍ਹਿਆ ਹੋਇਆ ਹੈ।

ਫੋਕੇ ਨਾਹਰਿਆਂ, ਭਰਮ ਭੁਲੇਖਿਆਂ ਵਾਲੇ ਇਸ ਸਿਆਸੀ ਰੋਲੇ-ਘਚੋਲੇ 'ਚ ਭਾਰਤ ਦੀਆਂ ਚੋਣਾਂ ਉਤੇ ਦੁਨੀਆਂ ਦੀ ਨਜ਼ਰ ਹੈ। ਪੰਜਾਬ ਇਸ ਚੋਣ 'ਚ ਆਪਣੀਆਂ ਕਦਰਾਂ-ਕੀਮਤਾਂ ਅਨੁਸਾਰ ਨਿਵੇਕਲੀ ਇਬਾਰਤ ਲਿਖੇਗਾ, ਇਹੋ ਹੀ ਪੰਜਾਬ ਤੋਂ ਆਸ ਹੈ। ਉਮੀਦ ਹੈ।


## ਅੰਤਿਕਾ


ਪੰਜਾਬ ਦੀਆਂ 13 ਸੀਟਾਂ 'ਆਪ' ਵਾਲੇ ਵੀ ਇਕੱਲਿਆਂ ਲੜਨਗੇ ਅਤੇ ਕਾਂਗਰਸ ਵਾਲੇ ਵੀ, ਭਾਵੇਂ ਕਿ ਦੋਵੇਂ ਮੋਦੀ ਦੀ ਭਾਜਪਾ ਵਿਰੁੱਧ ਇੰਡੀਆ ਗੱਠਜੋੜ ਦੇ ਮੈਂਬਰ ਹਨ। ਸ਼ਾਇਦ ਖੱਬੀਆਂ ਧਿਰਾਂ ਕਾਂਗਰਸ ਦਾ ਸਾਥ ਦੇਣ। ਬਸਪਾ ਇਕੱਲਿਆਂ ਚੋਣ ਲੜੇਗੀ।

ਸ਼੍ਰੋਮਣੀ ਅਕਾਲੀ ਦਲ (ਬ) ਅਤੇ ਭਾਜਪਾ ਵੀ ਇਕੱਲਿਆਂ ਲੜਨ ਲਈ ਬਿਆਨ ਦੇ ਰਹੀ ਹੈ, ਭਾਵੇਂ ਕਿ ਸੰਭਾਵਨਾ ਇਨ੍ਹਾਂ 'ਚ ਆਪਣੀ ਗੱਠਜੋੜ ਦੀ ਹੈ, ਜਿਸ ਵਿਚ ਮੌਜੂਦਾ ਕਿਸਾਨ ਅੰਦੋਲਨ ਅੜਿੱਕਾ ਬਣਿਆ ਹੈ। ਜੋੜ-ਤੋੜ, ਆਇਆ ਰਾਮ, ਗਿਆ ਰਾਮ ਦੀ ਰਾਜਨੀਤੀ, ਪੰਜਾਬ 'ਚ ਹਾਕਮ ਧਿਰ ਨੇ ਜਲੰਧਰ ਪਾਰਲੀਮੈਂਟ ਜ਼ਿਮਨੀ ਚੋਣ ਵੇਲੇ ਸੁਸ਼ੀਲ ਰਿੰਕੂ ਨੂੰ ਕਾਂਗਰਸ ਵਿਚੋਂ ਆਪਣੇ ਪਾਸਿਓਂ ਚੋਣ ਲੜਾਕੇ ਤੇ ਹਰ ਸਰਕਾਰੀ ਹੀਲਾ-ਵਸੀਲਾ ਵਰਤਕੇ ਜਿੱਤਕੇ, ਕੀਤੀ ਸੀ ਲੋਕ ਸਭਾ ਚੋਣਾਂ ਦੀ ਮੁਹਿੰਮ 'ਆਪ' ਨੇ ਕਾਂਗਰਸ ਦੇ ਅਸੰਬਲੀ 'ਚ ਉਸ ਨੇਤਾ, ਰਾਜਕੁਮਾਰ ਚੱਬੇਵਾਲ ਜਿਹੜਾ ਕੁਝ ਦਿਨ ਪਹਿਲਾਂ ਹੋਏ ਅਸੰਬਲੀ ਇਜਲਾਸ ਵੇਲੇ ਗਲ 'ਚ ਸੰਗਲ ਪਾਕੇ 'ਆਪ' ਦਾ ਜਲੂਸ ਕੱਢ ਰਿਹਾ ਸੀ, ਨੂੰ ਆਪਣੇ ਵਲੋਂ ਹੁਸ਼ਿਆਰਪੁਰ ਤੋਂ ਆਪਣਾ ਉਮੀਦਵਾਰ, ਆਇਆ ਰਾਮ, ਗਿਆ ਰਾਮ ਸਹਾਰਾ ਲੈ ਕੇ 13-0 ਜਿੱਤ ਲਈ, ਸ਼ੁਰੂ ਕੀਤੀ ਹੈ। ਇਹੋ ਕੰਮ ਭਾਜਪਾ ਨੇ ਪੰਜਾਬ 'ਚ ਕਾਂਗਰਸੀਆਂ ਨੂੰ ਉਧਰੋਂ ਪੁੱਟ ਕੇ ਕੀਤਾ ਸੀ ਤੇ ਆਪ ਵਾਲਿਆਂ ਅਸੰਬਲੀ ਚੋਣਾਂ ਵੇਲੇ ਵੀ ਇਹੋ ਜਿਹਾ ਕੁਝ ਕੀਤਾ ਸੀ।

ਇਹੋ ਜਿਹੇ ਹਾਲਾਤਾਂ ਦੇ ਮੱਦੇਨਜ਼ਰ, ਜਦੋਂ ਸਿਆਸਤਦਾਨਾਂ ਦਾ ਕੋਈ ਦੀਨ ਧਰਮ ਹੀ ਨਹੀਂ ਰਿਹਾ, ਉਨ੍ਹਾਂ ਦੀ ਬੋਲੀ ਲੱਗ ਰਹੀ ਹੈ। ਪੰਜਾਬ ਮੁੜ ਫਿਰ ਆਪਣਾ ਵੱਖਰਾ ਰਾਹ ਅਖਤਿਆਰ ਕਰੇਗਾ ਅਤੇ ਉਨ੍ਹਾਂ ਸਿਆਸਤਦਾਨਾਂ, ਸਿਆਸੀ ਪਾਰਟੀਆਂ ਨੂੰ ਖੁੱਡੇ ਲਾਏਗਾ, ਜਿਨ੍ਹਾਂ ਲਈ ਅਸੂਲ, ਆਦਰਸ਼ ਤੇ ਲੋਕ ਹਿੱਤ ਕੁਝ ਵੀ ਮਾਇਨੇ ਨਹੀਂ ਰੱਖਦੇ। ਜਿਨ੍ਹਾਂ ਲਈ ਸਿਰਫ਼ ਜਿੱਤ ਹੀ ਅਹਿਮ ਹੈ।

# ਰਵਿੰਦਰ ਸਿੰਘ ਸੋਢੀ ਦਾ ਕਹਾਣੀ ਸੰਗ੍ਰਹਿ 'ਹੱਥਾਂ 'ਚੋਂ ਕਿਰਦੀ ਰੇਤ' ਪੰਜਾਬੀ ਸੱਭਿਆਚਾਰ ਦੀ ਮਹਿਕ




ਰਵਿੰਦਰ ਸਿੰਘ ਸੋਢੀ ਬਹੁਪੱਖੀ ਸਾਹਿਤਕਾਰ ਹੈ। ਉਸ ਦੀਆਂ ਡੇਢ ਦਰਜਨ ਨਾਟਕ, ਖੋਜ, ਕਵਿਤਾ, ਆਲੋਚਨਾ, ਵਾਰਤਕ, ਜੀਵਨੀ, ਅਨੁਵਾਦ ਅਤੇ ਕਹਾਣੀਆਂ ਦੀਆਂ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਕਿੱਤੇ ਵਜੋਂ ਉਹ ਪੰਜਾਬੀ ਦਾ ਅਧਿਆਪਕ ਰਿਹਾ ਹੈ। ਉਸ ਦੀਆਂ ਕਹਾਣੀਆਂ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਭਾਵੇਂ ਉਹ ਐੱਮ. ਫਿਲ ਹੈ, ਪ੍ਰੰਤੂ ਸਾਹਿਤ ਦੇ ਰੂਪਾਂ ਨੂੰ ਉਹ ਆਮ ਬੁੱਧੀਜੀਵੀ ਵਿਦਵਾਨਾਂ ਵਾਂਗ ਬਣਾਏ ਗਏ ਮਾਪਦੰਡਾਂ ਅਨੁਸਾਰ ਲਿਖਣ ਤੇ ਪੜਚੋਲਣ ਦੇ ਹੱਕ ਵਿਚ ਨਹੀਂ। ਪੰਜਾਬੀ ਭਾਸ਼ਾ ਦਾ ਉਹ ਗੂੜ੍ਹ ਗਿਆਨੀ ਹੈ। 1974 ਵਿਚ ਉਸ ਨੇ ਆਪਣਾ ਸਾਹਿਤਕ ਸਫਰ ਸ਼ੁਰੂ ਕੀਤਾ ਸੀ, ਜਿਹੜਾ ਲਗਾਤਾਰ ਹੁਣ ਤੱਕ ਜਾਰੀ ਹੈ। ਨੌਕਰੀ ਵਿਚੋਂ ਸੇਵਾਮੁਕਤੀ ਤੋਂ ਬਾਅਦ ਉਹ ਪਰਵਾਸ ਵਿਚ ਕੈਨੇਡਾ ਵਿਖੇ ਪਰਿਵਾਰ ਸਮੇਤ ਚਲਾ ਗਿਆ। ਪ੍ਰੰਤੂ ਉਹ ਪੰਜਾਬੀ ਵਿਰਾਸਤ, ਸੱਭਿਆਚਾਰ ਅਤੇ ਸਾਹਿਤ ਨਾਲ ਬਾਵਾਸਤਾ ਹੈ। ਪ੍ਰਵਾਸ ਵਿਚ ਬੈਠਕੇ ਵੀ ਉਸ ਦਾ ਪੰਜਾਬੀ ਮੋਹ ਬਰਕਰਾਰ ਹੈ। ਇਸ ਲਈ ਉਹ ਲਗਾਤਾਰ ਪੰਜਾਬੀ ਬੋਲੀ ਦੀ ਝੋਲੀ ਵਿਚ ਹਰ ਸਾਲ ਆਪਣੀਆਂ ਦੁਰਲੱਭ ਪੁਸਤਕਾਂ ਪਾ ਰਿਹਾ ਹੈ। ਪੰਜਾਬੀ ਦਾ ਕੋਈ ਅਖ਼ਬਾਰ ਅਤੇ ਮੈਗਜ਼ੀਨ ਨਹੀਂ, ਜਿਸ ਵਿਚ ਉਸਦੇ ਸਾਹਿਤਕ ਮਸ ਦੀ ਝਲਕ ਨਾ ਪੈਂਦੀ ਹੋਵੇ। ਉਸ ਦਾ ਤਾਜ਼ਾ-ਤਰੀਨ ਚਰਚਾ ਅਧੀਨ ਪ੍ਰਕਾਸ਼ਤ ਹੋਇਆ ਕਹਾਣੀ ਸੰਗ੍ਰਹਿ 'ਹੱਥਾਂ 'ਚੋਂ ਕਿਰਦੀ ਰੇਤ' ਹੈ। ਇਸ ਕਹਾਣੀ ਸੰਗ੍ਰਹਿ ਵਿਚ ਉਸ ਦੀਆਂ 14 ਕਹਾਣੀਆਂ, ਜਿਨ੍ਹਾਂ ਵਿਚ 7 ਪੰਜਾਬ ਅਤੇ 7 ਪ੍ਰਵਾਸ ਦੀ ਜੀਵਨ ਸ਼ੈਲੀ ਨਾਲ ਸੰਬੰਧਤ ਵਿਸ਼ਿਆਂ 'ਤੇ ਲਿਖੀਆਂ ਹੋਈਆਂ ਹਨ। ਪੰਜਾਬੀਆਂ ਦਾ ਜੋ ਸਮਾਜਿਕ ਅਤੇ ਸੱਭਿਆਚਾਰਕ ਵਿਰਸਾ ਹੈ, ਉਸ ਦੀ ਝਲਕ ਲਗਪਗ ਸਾਰੀਆਂ ਕਹਾਣੀਆਂ ਵਿਚੋਂ ਮਿਲਦੀ ਹੈ। ਕਹਾਣੀਆਂ ਦੀ ਬੋਲੀ ਸਰਲ ਅਤੇ ਗੱਲਬਾਤੀ ਸ਼ੈਲੀ ਵਿਚ ਹੈ। ਉਸ ਦੀ ਠੇਠ ਪੰਜਾਬੀ ਦੇ ਸਬੂਤ ਵਜੋਂ ਇਹ ਵਾਕ 'ਤੁਸੀਂ ਪਾਂਧਾ ਨਾ ਪੁੱਛੋ', ਨਾਲੇ ਚੋਰ ਨਾਲੇ ਚਤੁਰਾਈ, ਕਲੇਸ਼ਣ ਕਿਸੇ ਥਾਂ ਦੀ, ਪਤਾ ਨਹੀਂ ਕੀ ਸਪ ਸੁੰਘ ਜਾਂਦਾ ਹੈ, ਮੇਰੀ ਖਾਨਿਉਂ ਗਈ, ਮਾਰੋ ਗੋਲੀ ਅਜਿਹੇ ਕੈਨੇਡਾ ਨੂੰ, ਨਾ ਤੂੰ ਡੋਕੇ ਲੈਣੇ ਨੇ, ਠੂੰਗੇ ਮਾਰਨ ਜੋਗਾ, ਤੇਰੀ ਲੁਤਰੋ ਜ਼ਿਆਦਾ ਹੀ ਚੱਲਣ ਲੱਗ ਪਈ, ਸਾਡੀ ਬਿੱਲੀ ਸਾਨੂੰ ਮਿਆਊਂ, ਚੱਲ ਤੁਹਾਡੇ ਚੰਡਾਲਾਂ ਤੋਂ ਤਾਂ ਰੱਬ ਵੀ ਨਹੀਂ ਬਚਾ ਸਕਦਾ, ਐਂ ਲੱਗਦਾ ਜਿਵੇਂ ਕੁੜੀ ਦੱਬ ਕੇ ਆਇਆ ਹੋਵੇਂ ਆਦਿ ਹਨ। ਭਾਵੇਂ ਪੰਜਾਬੀ ਪ੍ਰਵਾਸ ਵਿਚ ਜਾ ਕੇ ਵਸ ਗਏ ਹਨ ਅਤੇ ਉਥੋਂ ਦੇ ਸੱਭਿਆਚਾਰ ਵਿਚ ਅਡਜਸਟ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਪ੍ਰੰਤੂ ਆਪਣੀਆਂ ਵਿਰਾਸਤੀ ਪੰਜਾਬੀ ਪ੍ਰੰਪਰਾਵਾਂ ਨਾਲ ਅਜੇ ਵੀ ਬਾਵਾਸਤਾ ਹਨ। ਇਸ ਲਈ ਉਹ ਪ੍ਰਵਾਸ ਵਿਚ ਅਪਣੀਆਂ ਚੰਗੀਆਂ ਤੇ ਮਾੜੀਆਂ ਆਦਤਾਂ ਤੋਂ ਬਾਜ ਨਹੀਂ ਆਉਂਦੇ। ਪਰਿਵਾਰਿਕ ਜ਼ਿੰਦਗੀ ਵਿਚੋਂ ਉਨ੍ਹਾਂ ਦੇ ਵਿਵਹਾਰ ਦਾ ਪਤਾ ਲੱਗਦਾ ਹੈ। ਉਸ ਦੀ ਪਹਿਲੀ ਕਹਾਣੀ 'ਮੈਨੂੰ ਫ਼ੋਨ ਕਰ ਲਈਂ' ਪ੍ਰਵਾਸ ਵਿਚ ਵਸੇ ਭਾਵੇਂ ਇੱਕ ਪੰਜਾਬੀ ਪਰਿਵਾਰ ਨਾਲ ਸੰਬੰਧਤ ਹੈ ਪ੍ਰੰਤੂ ਪੰਜਾਬੀਆਂ ਦੇ ਘਰ-ਘਰ ਦੀ ਤਸਵੀਰ ਪੇਸ਼ ਕਰਦੀ ਹੈ, ਜਿਸ ਵਿਚ ਅਰਜੁਨ ਅਤੇ ਸ਼ਿਫ਼ਾਲੀ ਦੀ ਵਿਵਾਹਕ ਜ਼ਿੰਦਗੀ ਵਿਚ ਅਰਜੁਨ ਦੇ ਮਾਪਿਆਂ ਦੇ ਆਸਟਰੇਲੀਆ ਵਿਚ ਪਹੁੰਚਣ ਤੋਂ ਬਾਅਦ ਨਿੱਕੀ ਜਿਹੀ ਗੱਲ 'ਤੇ ਖਟਾਸ ਪੈਦਾ ਹੋ ਜਾਂਦੀ ਹੈ। ਅਖ਼ੀਰ ਤਲਾਕ ਤੱਕ ਨੌਬਤ ਆ ਜਾਂਦੀ ਹੈ। ਇਥੇ ਸ਼ੈਲੀ ਮੈਰਿਜ ਕੌਂਸਲਰ ਦਾ ਆਉਣਾ ਦੋਹਾਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਹੁੰਦਾ ਹੈ। ਇੰਜ ਪੰਜਾਬ ਵਿਚ ਵੀ ਵਾਪਰਦਾ ਹੈ। 'ਇੱਕ ਲੰਬਾ ਹਉਕਾ' ਅਮਰੀਕਾ ਵਸਦੇ ਪੰਜਾਬੀ ਪਰਿਵਾਰ ਦੀ ਗ੍ਰਹਿਣੀ ਨੂੰ ਕੈਂਸਰ ਦੀ ਨਾਮੁਰਾਦ ਬਿਮਾਰੀ ਸਮੇਂ ਲੜਕੀ ਰਾਵੀਆ ਦਾ ਆਪਣੀ ਮਰਜ਼ੀ ਨਾਲ ਘਰੋਂ ਦੂਰ ਪੜ੍ਹਾਈ ਕਰਨ ਜਾਣਾ ਉਥੋਂ ਦੇ ਬੱਚਿਆਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੈ। ਸੀਮਾ ਦੀ ਮੌਤ ਤੋਂ ਬਾਅਦ ਰਾਵੀਆ ਦਾ ਆਪਣੇ ਪਿਤਾ ਅਜੀਤ ਨੂੰ ਹਿਲੇਰੀ ਨਾਲ ਸ਼ਾਦੀ ਕਰਨ ਲਈ ਪ੍ਰੇਰਨਾ ਪ੍ਰਵਾਸ ਦੀ ਜ਼ਿੰਦਗੀ ਦੀ ਤਸਵੀਰ ਪੇਸ਼ ਕਰਦੀ ਹੈ। 'ਆਪਣਾ ਆਪਣਾ ਦਰਦ' ਕਹਾਣੀ ਭਾਰਤ ਵਿਚ ਵਸ ਰਹੇ ਧਰਮਪਾਲ ਅਤੇ ਸੁਧਾ ਦੇ ਪਰਿਵਾਰ ਦੀ ਕਹਾਣੀ ਹੈ। ਪਤੀ ਪਤਨੀ ਨੂੰ ਆਪਣੀ ਦਿਲ ਦੀ ਬਿਮਾਰੀ ਦਾ ਦਰਦ ਹੈ। ਪਤਨੀ ਸੁਧਾ ਨੂੰ ਲੜਕੀ ਤੇ ਲੜਕੇ ਦੇ ਵਿਆਹ ਦਾ ਦਰਦ ਹੈ। ਲੜਕੀ ਮਿਨੂ ਅੰਤਰਜਾਤੀ ਵਿਆਹ ਕਰਵਾਉਣਾ ਚਾਹੁੰਦੀ ਹੈ ਪ੍ਰੰਤੂ ਭਾਰਤ ਵਿਚ ਅਜੇ ਵੀ ਲੋਕ ਇਸ ਨੂੰ ਚੰਗਾ ਨਹੀਂ ਸਮਝਦੇ। ਲੜਕੀ ਨੂੰ ਆਪਣੇ ਅੰਤਰਜ਼ਾਤੀ ਵਿਆਹ ਦਾ ਦਰਦ ਹੈ। ਇਹ ਕਹਾਣੀ ਵੀ ਲੋਕਾਈ ਦਾ ਦਰਦ ਪ੍ਰਗਟਾਉਂਦੀ ਹੈ। 'ਉਹ! ਤੱਕਣੀ' ਬਹੁਤ ਹੀ ਭਾਵਨਾਤਿਕ ਕਹਾਣੀ ਹੈ, ਜਿਸ ਵਿਚ ਜ਼ਿਮੀਦਾਰਾਂ ਦੀ ਹਉਮੈ, ਦਾਜ ਦਾ ਲਾਲਚ, ਫੋਕੀ ਸ਼ੋਹਰਤ, ਵਿਖਾਵਾ ਅਤੇ ਫੋਕਾ ਰੋਹਬ ਵਿਖਾਉਣ ਬਾਰੇ ਦ੍ਰਿਸ਼ਟਾਂਤਿਕ ਰੂਪ ਰਾਹੀਂ ਬਿਆਨਦੀ ਹੈ। ਇਸਤਰੀਆਂ ਦੀਆਂ ਅੱਖਾਂ ਬਿਨਾ ਬੋਲਣ ਸਭ ਕੁਝ ਕਹਿ ਜਾਂਦੀਆਂ ਹਨ। 'ਹੱਥਾਂ 'ਚੋਂ ਕਿਰਦੀ ਰੇਤ' ਪਰਵਾਸ ਦੀ ਜ਼ਿੰਦਗੀ ਦੀ ਮੂੰਹ ਬੋਲਦੀ ਤਸਵੀਰ ਹੈ, ਬੱਚੇ ਪ੍ਰਵਾਸ ਦੇ ਖੁੱਲ੍ਹੇ-ਡੁਲ੍ਹੇ ਵਾਤਾਵਰਨ ਵਿਚ ਵਿਗੜ ਕੇ ਨਸ਼ੇ ਅਤੇ ਮਨਮਰਜ਼ੀ ਕਰਨ ਲੱਗ ਜਾਂਦੇ ਹਨ। ਪੰਜਾਬੀ ਪ੍ਰਵਾਸ ਵਿਚ ਮੁੰਡੇ-ਕੁੜੀ ਵਿਚ ਵੀ ਫ਼ਰਕ ਰੱਖਦੇ ਹਨ, ਬੱਚੇ ਰੇਤ ਦੀ ਤਰ੍ਹਾਂ ਮਾਪਿਆਂ ਦੇ ਹੱਥਾਂ ਵਿਚੋਂ ਨਿਕਲ ਜਾਂਦੇ ਹਨ। ਫਿਰ ਨਿਹਾਲ ਸਿੰਘ ਅਤੇ ਗੁਰਨਾਮ ਕੌਰ ਵਰਗੇ ਮਾਪੇ ਭਾਰਤ ਵਾਪਸ ਆਉਣਾ ਚਾਹੁੰਦੇ ਹੋਏ ਵੀ ਆ ਨਹੀਂ ਸਕਦੇ ਕਿਉਂਕਿ ਭੈਣ-ਭਰਾਵਾਂ ਤੋਂ ਜ਼ਮੀਨਾ ਵੰਡਵਾ ਚੁੱਕੇ ਹੁੰਦੇ ਹਨ। 'ਤੂੰ ਆਪਣੇ ਵਲ ਦੇਖ' ਕਹਾਣੀ ਭਾਰਤ ਵਿਚ ਮਰਦਾਂ ਵੱਲੋਂ ਬਿਗਾਨੀਆਂ ਔਰਤਾਂ ਨਾਲ ਇਸ਼ਕ, ਇਮੀਗ੍ਰੇਸ਼ਨ ਏਜੰਟਾਂ ਦਾ ਕਾਲਾ ਧੰਧਾ ਅਤੇ ਪ੍ਰਵਾਸ ਵਿਚ ਪਿਆਰ ਵਿਆਹ ਵਰਗੇ ਮਸਲਿਆਂ ਦਾ ਪੁਲੰਦਾ ਹੈ। ਪ੍ਰਵਾਸ ਵਿਚ ਛੇਤੀ ਕੀਤਿਆਂ ਮਰਦ ਔਰਤ ਇਕ ਦੂਜੇ ਨੂੰ ਤੱਥਾਂ ਤੋਂ ਬਗੈਰ ਬਲੈਕਮੇਲ ਨਹੀਂ ਕਰ ਸਕਦੇ। 'ਹਾਏ ਵਿਚਾਰੇ ਬਾਬਾ ਜੀ' ਪੰਜਾਬ ਵਿਚ ਪਾਖੰਡੀ ਬਾਬਿਆਂ ਦੇ ਵਿਓਪਾਰ ਅਤੇ ਢੌਂਗ ਦਾ ਪਰਦਾਫਾਸ਼ ਕਰਦੀ ਹੈ, ਕਿਸ ਤਰ੍ਹਾਂ ਸਿਆਸੀ ਲੋਕ ਵੋਟਾਂ ਦੇ ਲਾਲਚ ਨਾਲ ਉਨ੍ਹਾਂ ਦੇ ਗ਼ੈਰਕਾਨੂੰਨੀ ਕੰਮ ਕਰਦੇ ਹਨ। 'ਉਹ ਕਿਉਂ ਆਈ ਸੀ?' ਕਹਾਣੀ ਪੰਜਾਬ ਦੇ ਮਰਦਾਂ ਅਤੇ ਔਰਤਾਂ ਦੀ ਬਿਗਾਨੀਆਂ ਖੁਰਲੀਆਂ ਵਿਚ ਮੂੰਹ ਮਾਰਨ ਦਾ ਤਸਦੀਕ ਕਰਦੀ ਹੈ। ਮਰਨ ਉਪਰੰਤ ਮਗਰਮੱਛ ਦੇ ਹੰਝੂ ਵਹਾਕੇ ਜਾਇਦਾਦ 'ਤੇ ਕਬਜ਼ਾ ਕਰਦੇ ਹਨ। 'ਮੁਸ਼ਤਾਕ ਅੰਕਲ' ਦੇਸ਼ ਦੀ ਵੰਡ ਦੀ ਤ੍ਰਾਸਦੀ ਦਾ ਪ੍ਰਗਟਾਵਾ ਕਰਦੀ ਹੈ। ਸਿਆਸਤਦਾਨਾਂ ਨੇ ਆਪਣੇ ਹਿਤਾਂ ਦੀ ਪੂਰਤੀ ਲਈ ਨਾਗਰਿਕਾਂ ਵਿਚ ਖਟਾਸ ਪੈਦਾ ਕੀਤੀ ਹੈ। ਅਵਨੀਤ, ਮੁਸ਼ਤਾਕ, ਬਸ਼ੀਰ ਅਤੇ ਮੁਸ਼ਤਾਕ ਦੀਆਂ ਬੇਟੀਆਂ ਦੀਆਂ ਭਾਵਨਾਵਾਂ ਮੋਹ ਦੀਆਂ ਤੰਦਾਂ ਬਣਦੀਆਂ ਹਨ। 'ਉਹ ਖਾਸ ਦਿਨ' ਕਹਾਣੀ ਪ੍ਰਵਾਸ ਵਿਚ ਬੱਚਿਆਂ ਵੱਲੋਂ ਮਾਪਿਆਂ ਦੀ ਅਣਵੇਖੀ ਮਾਪੇ, ਡੇਵਡ ਤੇ ਡੋਰਥੀ ਦੇ ਵਿਚਾਰਾਂ ਦੀ ਇਕਸੁਰਤਾ ਨਾ ਹੋਣ ਦੇ ਬਾਵਜੂਦ ਆਪਣੇ ਪੁੱਤਰ ਫਿਲਿਪਸ ਲਈ ਦੁਬਾਰਾ ਇਕੱਠੇ ਹੋ ਗਏ ਪ੍ਰੰਤੂ ਫਿਲਿਪਸ ਅਣਡਿੱਠ ਹੀ ਕਰਦਾ ਰਿਹਾ। 'ਆਪਣੇ ਘਰ ਦੀ ਖ਼ੁਸ਼ਬੂ' ਕਹਾਣੀ ਪੰਜਾਬ ਦੇ ਪਿੰਡਾਂ ਵਿਚ ਗ਼ਰੀਬ ਪਰਿਵਾਰਾਂ ਵੱਲੋਂ ਦੁਹਾਜੂ ਤੇ ਵੱਡੀ ਉਮਰ ਦੇ ਵਿਅਕਤੀਆਂ ਨਾਲ ਆਪਣੀ ਲੜਕੀ ਦੇ ਵਿਆਹ ਕਰਨ ਤੋਂ ਬਾਅਦ ਪੈਣ ਵਾਲੇ ਕਲੇਸ਼ ਦਾ ਵਿਵਰਣ ਹੈ ਪ੍ਰੰਤੂ ਇਸ ਕਹਾਣੀ ਨੂੰ ਆਦਰਸ਼ਕ ਰੂਪ ਦੇ ਕੇ ਘਰ ਦੀ ਖ਼ੁਸ਼ਬੂ ਕਿਹਾ ਗਿਆ ਹੈ। ਇਸ ਦੇ ਪਾਤਰ ਜਗੀਰੋ, ਕਰਮਾ ਅਤੇ ਭੂਆ ਪਿੰਡਾਂ ਦੇ ਲੋਕਾਂ ਦੇ ਸੁਭਾਅ ਦੀ ਤਰਜਮਾਨੀ ਕਰਦੇ ਹਨ। 'ਡਾਕਟਰ ਕੋਲ ਨਹੀਂ ਜਾਣਾ' ਕਹਾਣੀ ਭਾਵਨਵਾਂ ਵਿਚ ਲਪੇਟੀ ਹੋਈ ਹੈ। ਰਵਿੰਦਰ ਸਿੰਘ ਸੋਢੀ ਨੇ ਭਾਵੇਂ ਸਾਰੀਆਂ ਕਹਾਣੀਆਂ ਹੀ ਬੜੀ ਵਧੀਆ ਵਿਉਂਤਬੰਦੀ ਨਾਲ ਲਿਖੀਆਂ ਹਨ ਪ੍ਰੰਤੂ ਇਹ ਕਹਾਣੀ ਦਲੀਲਾਂ ਨਾਲ ਪੈਦਾ ਹੋਣ ਵਾਲੀ ਬੱਚੀ ਦਾ ਦਾਦਾ, ਦਾਦੀ, ਪਿਤਾ, ਮਾਤਾ ਅਤੇ ਭਰਾ ਨਾਲ ਸੰਬਾਦ ਕਰਵਾਕੇ ਦਿਲਚਸਪ ਹੀ ਨਹੀਂ ਬਣਾਇਆ, ਸਗੋਂ ਦਲੀਲਾਂ ਨੂੰ ਜਿੱਤ ਦਵਾਈ ਹੈ। ਭਰੂਣ ਹੱਤਿਆ ਨੂੰ ਠੱਲ੍ਹ ਪਾਉਣ ਲਈ ਇਹ ਕਹਾਣੀ ਬਹੁਤ ਹੀ ਸਾਰਥਿਕ ਸਾਬਤ ਹੋਵੇਗੀ। 'ਹਟਕੋਰੇ ਲੈਂਦੀ ਜ਼ਿੰਦਗੀ' ਕੈਨੇਡਾ ਪੜ੍ਹਾਈ ਕਰਨ ਲਈ ਕਰਜ਼ਾ ਲੈ ਕੇ ਜਾਣ ਵਾਲੀ ਵਿਦਿਆਰਥਣ ਤਮੰਨਾ ਦੀ ਜੱਦੋ-ਜਹਿਦ ਦੀ ਕਹਾਣੀ ਦਰਸਾਉਂਦੀ ਹੈ, ਰਿਸ਼ਤੇਦਾਰ ਤੋਂ ਲਿਆ ਕਰਜ਼ਾ ਵਾਪਸ ਕਰਨ ਲਈ ਦੋ-ਦੋ ਥਾਂ ਤੇ ਦਿਨ-ਰਾਤ ਸ਼ਿਫਟਾਂ ਵਿਚ ਨੌਕਰੀ ਕਰਨੀ ਪੈਂਦੀ ਹੈ। ਅਜਿਹੀ ਸਥਿਤੀ ਵਿਚ ਬੱਚਿਆਂ ਦੀ ਸਿਹਤ ਖ਼ਰਾਬ ਹੁੰਦੀ ਹੈ ਤੇ ਨਾਲ ਹੀ ਮਾਨਸਿਕ ਤੌਰ 'ਤੇ ਬਿਮਾਰ ਹੋ ਜਾਂਦੇ ਹਨ। ਪ੍ਰਵਾਸ ਵਿਚ ਜਾਣ ਵਾਲੇ ਵਿਦਿਆਰਥੀਆਂ ਲਈ ਚਿੰਤਾ ਦਰਸਾਉਂਦੀ ਹੈ। ਕਹਾਣੀ ਸੰਗ੍ਰਹਿ ਦੀ ਆਖ਼ਰੀ 'ਮੁਰਦਾ ਖਰਾਬ ਨਾ ਕਰੋ' ਪੰਜਾਬ ਪੁਲਿਸ ਵੱਲੋਂ ਆਪਣੀ ਗ਼ਲਤੀ ਨਾਲ ਕੀਤੀ ਜ਼ਿਆਦਤੀ 'ਤੇ ਪਰਦਾ ਪਾਉਣ ਦੇ ਢਕਵੰਜ ਨੂੰ ਦਰਸਾਉਂਦੀ ਹੈ। ਕਿਸ ਪ੍ਰਕਾਰ ਪੁਲਿਸ ਨਸ਼ਿਆਂ ਦੇ ਵਿਓਪਾਰ ਵਿਚ ਵਿਓਪਾਰੀਆਂ ਨਾਲ ਮਿਲੀਭੁਗਤ ਕਰਕੇ ਗ਼ਲਤ ਕੰਮ ਕਰਦੇ ਹਨ।


172 ਪੰਨਿਆਂ, 230 ਰੁਪਏ ਕੀਮਤ ਤੇ ਰੰਗਦਾਰ ਦਿਲਕਸ਼ ਮੁੱਖ ਕਵਰ ਵਾਲਾ ਕਹਾਣੀ ਸੰਗ੍ਰਹਿ ਸਪਤਰਿਸ਼ੀ ਪਬਲੀਕੇਸ਼ਨ ਨੇ ਪ੍ਰਕਾਸ਼ਤ ਕੀਤਾ ਹੈ।



-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



**Dr. Bindra Clinic**

*Dental Care & Hair Transplant*
*COSMETIC - IMPLANT - RESTORATIVE*



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M



**Editorial Board**

**Chief Editor**
Gurjatinder Singh Randhawa

**Sub Editors**
Sandeep Kumar
Amit Saini

**Distributor**
Jai Singh

**Website**
Nikhil



**Punjab Mail USA**
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਲਵਿਦਾ ! ਦਲੇਰੀ ਦੇ ਪ੍ਰਤੀਕ ਅਧਿਕਾਰੀ ਵਰਿਆਮ ਸਿੰਘ ਢੋਟੀਆਂ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)





ਪੰਜਾਬੀ ਦੇ ਮੁੱਦਈ ਮਾਂ ਬੋਲੀ ਨੂੰ ਸਮਰਪਿਤ ਆਪਣੇ ਸਮੇਂ ਦੇ ਸਮਰੱਥ ਕਹਾਣੀਕਾਰ ਵਰਿਆਮ ਸਿੰਘ ਢੋਟੀਆਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। 1 ਫਰਵਰੀ, 2024 ਨੂੰ ਉਨ੍ਹਾਂ ਆਪਣਾ 93ਵਾਂ ਜਨਮ ਦਿਨ ਪਰਿਵਾਰ ਨਾਲ ਮਨਾਇਆ ਸੀ। ਉਨ੍ਹਾਂ ਦੀਆਂ ਕਹਾਣੀਆਂ ਦੀਆਂ ਦੋ ਪੁਸਤਕਾਂ 'ਜਦੋਂ ਹੱਦ ਹੋ ਗਈ' ਅਤੇ 'ਸੁਪਨੇ ਅਤੇ ਪਰਛਾਵੇਂ' ਪ੍ਰਕਾਸ਼ਤ ਹੋਈਆਂ, ਜੋ ਉਸ ਸਮੇਂ ਬੜੀਆਂ ਚਰਚਿਤ ਰਹੀਆਂ ਸਨ। ਉਹ ਬੜੇ ਦਲੇਰ ਅਤੇ ਦਬੰਗ ਅਧਿਕਾਰੀ ਅਤੇ ਕਹਾਣੀਕਾਰ ਸਨ। ਨਿਯਮਾਂ ਅਨੁਸਾਰ ਕੰਮ ਕਰਦਿਆਂ ਉਨ੍ਹਾਂ ਕਦੀਂ ਕਿਸੇ ਸੀਨੀਅਰ ਅਧਿਕਾਰੀ ਦੀ ਈਨ ਨਹੀਂ ਮੰਨੀ। ਉਨ੍ਹਾਂ ਸਾਰੀ ਨੌਕਰੀ ਆਪਣੀਆਂ ਸ਼ਰਤਾਂ 'ਤੇ ਕੀਤੀ। ਉਨ੍ਹਾਂ ਦੀ ਦਲੇਰੀ ਦਾ ਇਸ ਗੱਲ ਤੋਂ ਪਤਾ ਚੱਲਦਾ ਹੈ ਕਿ ਪੰਜਾਬ ਦੇ ਮੁੱਖ ਸਕੱਤਰ ਦੇ ਵਿਰੁੱਧ ਵੀ ਪੰਜਾਬੀ ਵਿਰੋਧੀ ਹੋਣ ਬਾਰੇ ਪੰਜਾਬੀ ਦੇ ਇੱਕ ਅਖ਼ਬਾਰ ਵਿਚ ਆਪਣਾ ਲੇਖ ਪ੍ਰਕਾਸ਼ਤ ਕਰਵਾ ਦਿੱਤਾ ਸੀ। ਪੰਜਾਬੀ ਸਰੋਕਾਰਾਂ ਨਾਲ ਸੰਬੰਧ ਲੇਖ ਅਖ਼ਬਾਰਾਂ ਵਿਚ ਪ੍ਰਕਾਸ਼ਤ ਕਰਵਾਉਂਦੇ ਰਹਿੰਦੇ ਹਨ। ਉਸ ਦੇ ਲੇਖ ਛਪਣ ਤੋਂ ਬਾਅਦ ਉਨ੍ਹਾਂ ਨੂੰ ਪੰਜਾਬ ਸਰਕਾਰ ਨੇ ਯੂ.ਟੀ. ਚੰਡੀਗੜ੍ਹ ਵਿਚ ਡੈਪੂਟੇਸ਼ਨ 'ਤੇ ਭੇਜ ਦਿੱਤਾ ਸੀ। ਵਰਿਆਮ ਸਿੰਘ ਢੋਟੀਆਂ ਚੰਡੀਗੜ੍ਹ ਪ੍ਰਸ਼ਾਸਨ ਨੇ ਚੰਡੀਗੜ੍ਹ ਕੇਂਦਰੀ ਸ਼ਾਸ਼ਤ ਪ੍ਰਦੇਸ਼ ਵਿਚ ਡਾਇਰੈਕਟਰ ਹਾਸਪੀਟੈਲਿਟੀ ਟੂਰਿਜ਼ਮ ਅਤੇ ਡਾਇਰੈਕਟਰ ਲੋਕ ਸੰਪਰਕ ਵਜੋਂ ਨਿਯੁਕਤ ਕਰ ਦਿੱਤਾ। ਉਥੇ ਉਨ੍ਹਾਂ ਮਾਅਰਕੇ ਦੇ ਕੰਮ ਕੀਤੇ। ਯੂ.ਟੀ. ਗੈਸਟ ਹਾਊਸ ਵਿਚ ਆਧੁਨਿਕ ਸਹੂਲਤਾਂ ਅਤੇ ਉਸ ਨੂੰ ਨਵਾਂ ਰੂਪ ਦੇਣ ਦਾ ਸਿਹਰਾ ਵਰਿਆਮ ਸਿੰਘ ਢੋਟੀਆਂ ਨੂੰ ਜਾਂਦਾ ਹੈ। ਗੈਸਟ ਹਾਊਸ ਦੇ ਪਹਿਲੇ 9 ਕਮਰਿਆਂ ਵਿਚ ਵਾਧਾ ਕਰਕੇ 9 ਕਮਰੇ ਹੋਰ ਬਣਵਾ ਦਿੱਤੇ। ਇਸ ਤੋਂ ਪਹਿਲਾਂ ਸਿਰਫ ਦੋ ਕਮਰਿਆਂ ਵਿਚ ਵਿੰਡੋ ਏ.ਸੀ. ਸਨ। ਇਕ ਕਾਨਫਰੰਸ ਹਾਲ ਬਣਵਾਇਆ ਅਤੇ ਸਾਰਾ ਗੈਸਟ ਹਾਊਸ ਸੈਂਟਰਲੀ ਏਅਰ ਕੰਡੀਸ਼ਨਡ ਕਰਵਾਇਆ। ਸਾਰੇ ਗੈਸਟ ਹਾਊਸ ਦੀ ਮੁਰੰਮਤ ਕਰਵਾ ਕੇ ਨਵੀਂ ਦਿੱਖ ਬਣਵਾਈ। ਸੁਖਨਾ ਝੀਲ 'ਤੇ ਕੈਫੇਟੇਰੀਆ ਅਤੇ ਟੂਰਿਸਟ ਕੈਂਪਸ ਸਾਈਟ ਬਣਵਾਈ। ਰਾਕ ਗਾਰਡਨ ਵਿਚ ਇਕ ਸੈਨਿਕ ਬਾਰ ਖੁੱਲ੍ਹਵਾਈ। ਸੈਰ ਸਪਾਟਾ ਕਰਨ ਵਾਲਿਆਂ ਲਈ ਇਕ ਟੂਰਿਸਟ ਕੋਚ ਬਣਵਾਈ ਅਤੇ ਇਕ ਟਿਓਟਾ ਕਾਰ ਵਿਦੇਸ਼ ਤੋਂ ਮੰਗਵਾਈ। ਹੋਟਲ ਸ਼ਿਵਾਲਿਕ ਪਾਸ ਕਰਵਾਇਆ ਅਤੇ ਹੋਟਲ ਅੰਬੈਸਡਰ ਓਬਰਾਏ ਗਰੁੱਪ ਤੋਂ ਖਾਲ੍ਹੀ ਕਰਵਾਇਆ। ਪੰਚਾਇਤ ਭਵਨ ਵਿਚ ਆਧੁਨਿਕ ਸਹੂਲਤਾਂ ਦਾ ਪ੍ਰਬੰਧ ਕੀਤਾ। ਇਨ੍ਹਾਂ ਸਾਰੇ ਕਾਰਜ਼ਾਂ ਨੂੰ ਇਮਾਨਦਾਰੀ ਨਾਲ ਸਿਰੇ ਚੜ੍ਹਾਉਣ ਨਾਲ ਵਰਿਆਮ ਸਿੰਘ ਢੋਟੀਆਂ ਦੀ ਧਾਂਕ ਜੰਮ ਗਈ। ਉਨ੍ਹਾਂ ਨੂੰ ਇਮਾਨਦਾਰੀ ਅਤੇ ਕਾਰਜ਼ਕੁਸ਼ਲਤਾ ਦਾ ਪ੍ਰਤੀਕ ਕਿਹਾ ਗਿਆ। ਸਰਕਾਰੀ ਕੰਮ ਉਹ ਨਿਯਮਾਂ ਅਨੁਸਾਰ ਹੀ ਕਰਦੇ ਸਨ, ਕਿਸੇ ਵੀ ਸਿਆਸਤਦਾਨ ਤੇ ਅਧਿਕਾਰੀ ਦੇ ਗ਼ਲਤ ਹੁਕਮਾ ਨੂੰ ਮੰਨਦੇ ਨਹੀਂ ਸਨ। ਇਥੋਂ ਤੱਕ ਕਿ ਛੇਤੀ ਕੀਤਿਆਂ ਕੋਈ ਅਧਿਕਾਰੀ ਜਾਂ ਸਿਆਸਤਦਾਨ ਸਿਫ਼ਾਰਸ਼ ਹੀ ਨਹੀਂ ਕਰਦਾ ਸੀ। ਉਸ ਦੇ ਸਖ਼ਤ ਸੁਭਾਅ ਅਤੇ ਆਪਣੀ ਮਰਜ਼ੀ ਨਾਲ ਸਰਕਾਰੀ ਕੰਮ ਕਰਨ ਕਰਕੇ ਉਸ ਦੀਆਂ ਦੂਰ-ਦੁਰਾਡੇ ਥਾਵਾਂ 'ਤੇ ਬਦਲੀਆਂ ਹੁੰਦੀਆਂ ਰਹੀਆਂ ਪ੍ਰੰਤੂ ਉਹ ਆਪਣੇ ਅਸੂਲਾਂ 'ਤੇ ਅੜੇ ਰਹੇ। 1971 ਵਿਚ ਭਾਰਤ-ਪਾਕਿ ਜੰਗ ਸਮੇਂ ਉਹ ਫਿਰੋਜ਼ਪੁਰ ਵਿਖੇ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਸਨ। ਇਸ ਦੌਰਾਨ ਚੰਡੀਗੜ੍ਹ ਤੋਂ ਲੋਕ ਸੰਪਰਕ ਵਿਭਾਗ ਦਾ ਸਕੱਤਰ ਇਕ ਆਈ.ਏ.ਐੱਸ. ਅਧਿਕਾਰੀ ਪ੍ਰੈੱਸ ਪਾਰਟੀ ਲੈ ਕੇ ਬਾਰਡਰ ਸਕਿਉਰਿਟੀ ਫੋਰਸ ਦੇ ਹੈੱਡ ਕੁਆਰਟਰ ਮਮਦੋਟ ਵਿਖੇ ਆ ਗਏ ਪ੍ਰੰਤੂ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਨੂੰ ਸੂਚਿਤ ਨਾ ਕੀਤਾ ਗਿਆ। ਅਗਲੇ ਦਿਨ ਉਸ ਅਧਿਕਾਰੀ ਦੀ ਗੱਡੀ ਦੀ ਮੁਰੰਮਤ ਕਰਵਾਉਣ ਲਈ ਡਰਾਇਵਰ ਉਨ੍ਹਾਂ ਦੇ ਦਫਤਰ ਆ ਗਿਆ। ਸਰਕਾਰੀ ਨਿਯਮਾਂ ਅਨੁਸਾਰ ਉਸ ਗੱਡੀ ਦੀ ਮੁਰੰਮਤ ਉਹ ਨਹੀਂ ਕਰਵਾ ਸਕਦੇ ਸਨ। ਵਰਿਆਮ ਸਿੰਘ ਢੋਟੀਆਂ ਨੇ ਗੱਡੀ ਦੀ ਮੁਰੰਮਤ ਕਰਵਾਉਣ ਤੋਂ ਕੋਰਾ ਜਵਾਬ ਦੇ ਦਿੱਤਾ। ਫਿਰ ਉਨ੍ਹਾਂ ਦੀ ਬਦਲੀ ਕਰ ਦਿੱਤੀ ਗਈ। 1976 ਵਿਚ ਉਹ ਡਿਪਟੀ ਡਾਇਰੈਕਟਰ ਬਣ ਗਏ। ਆਪਣੇ ਵਿਭਾਗ ਵਿਚ ਉਸ ਨੂੰ ਕੰਮ ਨਹੀਂ ਕਰਨ ਦਿੱਤਾ ਗਿਆ ਤੇ ਵਾਰ-ਵਾਰ ਡੈਪੂਟੇਸ਼ਨ 'ਤੇ ਦੂਜੇ ਵਿਭਾਗਾਂ ਵਿਚ ਭੇਜਦੇ ਰਹੇ। 1978 ਵਿਚ ਉਨ੍ਹਾਂ ਨੂੰ ਸਨਅਤ ਵਿਭਾਗ ਵਿਚ ਐਕਸਪੋਰਟ ਪ੍ਰਮੋਸ਼ਨ ਅਧਿਕਾਰੀ ਡੈਪੂਟੇਸ਼ਨ 'ਤੇ ਭੇਜ ਦਿੱਤਾ ਗਿਆ। ਉਨ੍ਹਾਂ 34 ਸਾਲ ਵਿਭਾਗ ਵਿਚ ਨੌਕਰੀ ਧੜੱਲੇਦਾਰੀ ਨਾਲ ਕੀਤੀ। ਇਮਾਨਦਾਰੀ ਦਾ ਪੱਲਾ ਨਹੀਂ ਛੱਡਿਆ, ਭਾਵੇਂ ਅਨੇਕਾਂ ਦਬਾਅ ਪੈਂਦੇ ਰਹੇ। ਰਾਜਪਾਲ ਪੰਜਾਬ ਦੇ ਉਦੋਂ ਦੇ ਸਲਾਹਕਾਰ ਜੇ.ਐੱਫ. ਰਿਬੇਰੋ ਵਰਿਆਮ ਸਿੰਘ ਢੋਟੀਆਂ ਦੀ ਕਾਰਜਕੁਸ਼ਲਤਾ ਅਤੇ ਇਮਾਨਦਾਰੀ ਦੇ ਮੁੱਦਈ ਸਨ। 28 ਅਪ੍ਰੈਲ, 1983 ਨੂੰ ਵਾਪਸ ਲੋਕ ਸੰਪਰਕ ਵਿਭਾਗ ਪੰਜਾਬ ਵਿਚ ਆ ਕੇ ਸੰਯੁਕਤ ਡਾਇਰੈਕਟਰ ਦਾ ਚਾਰਜ ਸੰਭਾਲਿਆ।

ਵਰਿਆਮ ਸਿੰਘ ਢੋਟੀਆਂ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਢੋਟੀਆਂ ਵਿਖੇ ਪਿਤਾ ਕਿਸ਼ਨ ਸਿੰਘ ਅਤੇ ਮਾਤਾ ਭਾਨੀ ਦੇ ਘਰ 1 ਫਰਵਰੀ, 1932 ਨੂੰ ਹੋਇਆ। ਕਿਸ਼ਨ ਸਿੰਘ ਭਾਵੇਂ ਆਪ ਬਹੁਤਾ ਪੜ੍ਹਿਆ-ਲਿਖਿਆ ਨਹੀਂ ਸੀ ਪ੍ਰੰਤੂ ਉਸ ਨੇ ਵਰਿਆਮ ਸਿੰਘ ਢੋਟੀਆਂ ਨੂੰ ਪੜ੍ਹਾਈ ਦਾ ਹਰ ਮੌਕਾ ਪ੍ਰਦਾਨ ਕੀਤਾ। ਵਰਿਆਮ ਸਿੰਘ ਢੋਟੀਆਂ ਨੇ ਪ੍ਰਾਇਮਰੀ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਅਤੇ ਦਸਵੀਂ ਤੱਕ ਦੀ ਡੇਰਾ ਬਾਬਾ ਨਾਨਕ ਹਾਈ ਸਕੂਲ ਵਿਚੋਂ ਕੀਤੀ। 6ਵੀਂ ਅਤੇ ਸਤਵੀਂ ਵਿਚ ਪਿੰਡ ਤੋਂ ਪੈਦਲ ਸਕੂਲ ਪੜ੍ਹਨ ਜਾਂਦੇ ਸਨ। ਦਸਵੀਂ ਵਿਚ ਜਾ ਕੇ ਸਾਈਕਲ ਜੁੜਿਆ ਸੀ, ਦਿੱਲੀ ਰਾਮਜਸ ਕਾਲਜ ਤੋਂ ਬੀ.ਏ. ਦੀ ਡਿਗਰੀ ਪਾਸ ਕੀਤੀ। 1955 ਵਿਚ ਲੋਕ ਸੰਪਰਕ ਵਿਭਾਗ ਵਿਚ ਅਨੁਵਾਦਕ ਅਤੇ 1961 ਵਿਚ ਭਾਸ਼ਾ ਵਿਭਾਗ ਪੰਜਾਬ ਵਿਚ ਸੀਨੀਅਰ ਅਨੁਵਾਦਕ ਚੁਣੇ ਗਏ। ਨੌਕਰੀ ਦੌਰਾਨ ਹੀ ਉਨ੍ਹਾਂ ਗਿਆਨੀ ਅਤੇ ਐੱਮ.ਏ. ਪੰਜਾਬੀ ਪ੍ਰਾਈਵੇਟਲੀ ਪਾਸ ਕਰ ਲਈਆਂ। ਫਿਰ ਉਹ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਜ਼ਿਲ੍ਹਾ ਭਾਸ਼ਾ ਅਧਿਕਾਰੀ ਚੁਣੇ ਗਏ। ਉਹ ਅਤੇ 1 ਅਪ੍ਰੈਲ, 1964 ਨੂੰ ਲੋਕ ਸੰਪਰਕ ਅਧਿਕਾਰੀ ਚੁਣੇ ਗਏ। 7 ਅਕਤੂਬਰ, 1964 ਨੂੰ ਉਨ੍ਹਾਂ ਨੂੰ ਗੁਰਦਾਸਪੁਰ ਵਿਖੇ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ ਲਗਾ ਦਿੱਤਾ ਗਿਆ। ਵਰਿਆਮ ਸਿੰਘ ਢੋਟੀਆਂ ਸੰਯੁਕਤ ਡਾਇਰੈਕਟਰ ਦੇ ਅਹੁਦੇ ਤੋਂ 1 ਜਨਵਰੀ, 1990 ਨੂੰ ਸੇਵਾਮੁਕਤ ਹੋਏ ਸਨ। ਉਹ 13 ਮਾਰਚ, 2024 ਨੂੰ ਸਵਰਗ ਸਿਧਾਰ ਗਏ। ਲੋਕ ਸੰਪਰਕ ਵਿਭਾਗ ਦੇ ਅਧਿਕਾਰੀਆਂ ਲਈ ਉਹ ਪ੍ਰੇਰਨਾ ਸਰੋਤ ਦੇ ਤੌਰ 'ਤੇ ਕੰਮ ਕਰਦੇ ਰਹਿਣਗੇ।

ਉਨ੍ਹਾਂ ਦਾ ਵਿਆਹ ਮਹਿੰਦਰ ਕੌਰ ਨਾਲ ਹੋਇਆ ਸੀ। ਉਹ ਆਪਣੇ ਪਿੱਛੇ ਦੋ ਸਪੁੱਤਰੀਆਂ ਪਰਮਜੀਤ ਕੌਰ ਐੱਮ.ਏ. ਹਿਸਟਰੀ ਅਧਿਆਪਕਾ, ਹਰਪ੍ਰੀਤ ਕੌਰ (ਡਾ.) ਪ੍ਰੋਫ਼ੈਸਰ ਜ਼ੂਆਲੋਜੀ ਵਿਭਾਗ ਤੇ ਚੇਅਰਪਰਸਨ ਯੂਨੀਵਰਸਿਟੀ ਅਤੇ ਇਕ ਸਪੁੱਤਰ ਹਰਮਨਜੀਤ ਸਿੰਘ ਮੋਹਾਲੀ ਵਿਖੇ ਸਨਅਤਕਾਰ ਹੈ, ਨੂੰ ਛੱਡ ਗਏ ਹਨ। ਉਨ੍ਹਾਂ ਦਾ ਸਸਕਾਰ ਚੰਡੀਗੜ੍ਹ ਵਿਖੇ ਧਾਰਮਿਕ ਰਹੁ-ਰੀਤਾਂ ਅਨੁਸਾਰ ਕਰ ਦਿੱਤਾ ਗਿਆ, ਜਿਸ ਵਿਚ ਵੱਡੀ ਗਿਣਤੀ ਵਿਚ ਸਮਾਜ ਦੇ ਵੱਖ-ਵੱਖ ਵਰਗਾਂ ਅਤੇ ਲੋਕ ਸੰਪਰਕ ਦੇ ਸੇਵਾਮੁਕਤ ਅਧਿਕਾਰੀ ਸ਼ਾਮਲ ਹੋਏ।

# ਆਓ ਸਿਆਣੇ ਬਣੀਏ . . .

-ਸ਼ਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841
(Punjab Mail USA)





ਅੱਜ ਗੱਲ ਕਰਨ ਜਾ ਰਹੇ ਹਾਂ ਆਪਾਂ ਇੱਕ ਖਾਸ ਵਿਸ਼ੇ ਦਰੱਖਤਾਂ ਦੀ ਲੱਕੜ ਸਬੰਧੀ। ਸਾਡੇ ਦੇਸ਼ ਵਿਚ ਜਾਂ ਇੱਥੇ ਬਾਹਰਲੇ ਪ੍ਰਦੇਸ਼ਾਂ ਵਿਚ ਲੱਕੜ ਦੀ ਵਰਤੋਂ ਅਸੀਂ ਕਿਸ ਤਰ੍ਹਾਂ ਕਿਵੇਂ ਕਰ ਰਹੇ ਹਾਂ। ਕਿਉਂਕਿ ਸਾਨੂੰ ਸੋਚਣ ਦੀ ਲੋੜ ਹੈ। ਇੱਕ ਪਾਸੇ ਪਾਣੀਆਂ ਦਾ ਮੁੱਦਾ ਬਹੁਤ ਚੱਲ ਰਿਹਾ ਹੈ। ਹਰ ਰੋਜ਼ ਕੋਈ ਨਾ ਕੋਈ ਬਿਆਨ ਸਾਹਮਣੇ ਆ ਰਿਹਾ ਹੈ ਕਿ ਪਾਣੀ ਖਤਮ ਹੋ ਜਾਣੇ ਹਨ, ਪਾਣੀ ਖਤਮ ਹੋ ਜਾਣੇ ਹਨ। ਖਾਸ ਕਰਕੇ ਸਾਡੇ ਦੇਸ਼ ਵਿਚ ਆਲ ਆਫ ਵਰਲਡ ਵਿਚ ਵੀ ਰੌਲਾ ਚੱਲ ਰਿਹਾ ਹੈ। ਚਲੋ ਆਉਣ ਵਾਲਾ ਸਮਾਂ ਸਭ ਲਈ ਚੰਗਾ ਹੋਵੇ, ਇਸ ਵਿਸ਼ੇ 'ਤੇ ਨਾਲ ਹੀ ਲੱਕੜ ਬਾਰੇ ਗੱਲ ਕਰਾਂਗੇ। ਲੰਘੇ ਦਿਨੀਂ ਗੁਰੂ ਘਰ ਦੇ ਵਿਚ ਗਏ ਤਾਂ ਕਥਾਵਾਚਕ ਭਾਈ ਸਾਹਿਬ ਨੇ ਲੱਕੜ ਦਾ ਬੜਾ ਵਧੀਆ ਟੌਪਿਕ ਰੱਖਿਆ ਕਿ ਜਿਸ ਤਰ੍ਹਾਂ ਕਿ ਅਸੀਂ ਹੁਣ ਇਥੇ ਬਾਹਰਲੇ ਦੇਸ਼ਾਂ ਵਿਚ ਰਹਿ ਰਹੇ ਹਾਂ, ਬੰਦੇ ਦੀ ਦੇਹ ਦਾ ਸਸਕਾਰ ਕਰਨ ਵਾਸਤੇ ਇੱਥੇ ਕੋਈ ਲੱਕੜਾਂ ਦਾ ਪ੍ਰਬੰਧ ਕਰਕੇ ਕਿਸੇ ਵੀ ਮ੍ਰਿਤਕ ਦੇਹ ਨੂੰ ਕਰਕੇ ਉਹਦੇ ਉੱਤੇ ਨਹੀਂ ਸਾੜਦੇ। ਕਿਉਂਕਿ ਇੱਥੇ ਪਰਦੇਸਾਂ ਵਿਚ ਇਲੈਕਟਰੋਨਿਕ ਮਸ਼ੀਨਾਂ ਹਨ ਜਾਂ ਭੱਠੀਆਂ ਕਹਿ ਲਓ, ਉਹ ਹਨ।

ਜਿਸ ਤਰ੍ਹਾਂ ਉਸ ਬਾਡੀ ਨੂੰ ਬਕਸੇ ਦੇ ਵਿਚ ਰੱਖਿਆ ਜਾਂਦਾ ਹੈ ਤੇ ਉਸ ਨੂੰ ਉਸ ਭੱਠੀ ਦੇ ਵਿਚ ਪਾ ਕੇ ਬਾਅਦ ਵਿਚ ਉਹਦਾ ਸਸਕਾਰ ਹੋ ਜਾਂਦਾ ਹੈ। ਇਹ ਬਕਸਾ ਇੱਕ ਛੋਟਾ ਜਿਹਾ ਹੁੰਦਾ, ਜਿਸਨੂੰ ਬੰਦ ਕਰ ਦਿੰਦੇ ਹਨ, ਤਾਂ ਉਸ ਦੀ ਲਾਸ਼ ਸੜ ਕੇ ਸਵਾਹ ਹੋ ਜਾਂਦੀ ਹੈ। ਬਹੁਤ ਵਧੀਆ ਉਪਰਾਲਾ ਹੈ, ਬਹੁਤ ਵਧੀਆ ਗੱਲ ਹੈ। ਲੱਕੜ ਦਾ ਬਚਾਅ ਹੁੰਦਾ ਹੈ ਪਰ ਦੂਸਰੇ ਪਾਸੇ ਸੋਚਣ ਦਾ ਵਿਸ਼ਾ ਖਾਸ ਇਹ ਹੈ ਕਿ ਜੋ ਉਹ ਬਾਡੀ ਲੱਕੜ ਦੇ ਡੱਬੇ ਵਿਚ ਪਾਈ ਜਾਂਦੀ ਹੈ, ਉਸ ਲੱਕੜ ਦੇ ਬਕਸੇ ਦਾ ਰੇਟ 2 ਚਾਰ ਹਜ਼ਾਰ ਤੋਂ 10, 12 ਹਜ਼ਾਰ ਤੱਕ ਹੈ। ਉਸ ਤੋਂ ਉੱਪਰ ਵੀ ਹੋਏਗਾ। ਵਧੀਆ ਤੋਂ ਵਧੇ ਬਕਸੇ ਹਨ, ਮਾੜੇ ਤੋਂ ਮਾੜੇ ਹਨ ਪਰ ਗੱਲ ਇਹ ਹੈ ਕਿ ਉਹ ਜਿਹੜੀ ਲੱਕੜ ਅਸੀਂ ਮਹਿੰਗੀ ਲੈ ਕੇ 10, 12, 14 ਹਜ਼ਾਰ ਡਾਲਰ ਦਾ ਬਕਸਾ ਬੌਡੀ ਦੇ ਨਾਲ ਹੀ ਸੜ ਜਾਂਦਾ ਹੈ, ਉਹ ਗਲਤ ਗੱਲ ਹੈ। ਇਸ ਤਰ੍ਹਾਂ ਨਹੀਂ ਹੋਣੀ ਚਾਹੀਦੀ। ਸਿਆਣੇ ਬਣੀਏ। ਠੀਕ ਹੈ ਲੋਕਾਂ ਕੋਲ ਪੈਸਾ ਹੈ, ਕਈ ਵੱਡੇ ਘਰਾਂ ਵਾਲੇ ਹਨ। ਬਿਜ਼ਨਸਮੈਨ ਹਨ, ਉਹ ਆਪਣੇ ਆਪ ਨੂੰ ਮਾੜਾ ਨਹੀਂ ਕਹਾਉਣਾ ਚਾਹੁੰਦੇ, ਵਈ ਕੋਈ ਇਹ ਨਾ ਕਹਿ ਦਵੇ ਕਿ ਉਸ ਦਾ ਬਾਡੀ ਵਾਲਾ ਬਕਸਾ ਬਹੁਤ ਹੀ ਮਾੜਾ ਸੀ ਜਾਂ ਹਲਕਾ ਸੀ। ਸੜ ਸਭ ਨੇ ਜਾਣਾ ਹੈ ਬੌਡੀ ਨੇ ਵੀ, ਬਕਸੇ ਨੇ ਵੀ, ਭਾਵੇਂ ਕੋਈ ਮਾੜਾ ਬਕਸਾ ਹੈ।

ਭਾਵੇਂ ਕੋਈ ਚੰਗਾ ਹੈ ਤੇ ਹੁਣ ਅਸੀਂ ਸਿਆਣੇ ਬਣੀਏ, ਹਰ ਇੱਕ ਨੂੰ ਸਮਝਾਈਏ ਕਿ ਉਹ ਬਕਸਾ ਜ਼ਿਆਦਾ ਮਹਿੰਗਾ ਲੈਣ ਦੀ ਲੋੜ ਨਹੀਂ ਹੈ। ਪਰਿਵਾਰ ਵੱਲੋਂ ਸੀਮਤ ਰੇਟ 'ਤੇ ਲੈ ਕੇ ਪਾਇਆ ਜਾਵੇ ਕਿਉਂਕਿ ਉਹੀ ਜੋ ਪੈਸਾ ਹੈ, ਉਹਦੀ ਥਾਂ ਗਰੀਬਾਂ ਨੂੰ ਦਾਨ ਕੀਤਾ ਜਾਵੇ। ਸਾਡੇ ਦੇਸ਼ ਵਿਚ ਥਾਂ-ਥਾਂ 'ਤੇ ਗਰੀਬ ਰੁਲ ਰਹੇ ਹਨ। ਕੱਪੜਿਆਂ, ਦਵਾਈਆਂ ਖੋਣੋਂ, ਰੋਟੀ ਪੱਖੋਂ ਵੀ ਹਾਏ-ਹਾਏ ਹੋ ਰਹੀ ਹੈ। ਰੋਜ਼ ਵੀਡੀਓ ਨੈੱਟ 'ਤੇ ਦੇਖੀਦੀਆਂ ਹਨ। ਉਹੀ ਪੈਸਾ ਕਿਉਂ ਨਾ ਅਸੀਂ ਇਹੋ ਜਿਹੀਆਂ ਗਰੀਬਾਂ ਦੀ ਮਦਦ ਲਈ ਲਾ ਦਈਏ। ਕਿਸੇ ਦਾ ਭਲਾ ਹੋ ਜੇ। ਕਿਸੇ ਨੇ ਰੋਟੀ ਚਾਰ ਦਿਨ ਢੰਗ ਦੀ ਮਿਲ ਜਾਵੇ, ਕਿਸੇ ਦਾ ਜੀਅ ਦਵਾਈ ਲਵੇ। ਕੋਈ ਆਪਣੇ ਸਰੀਰ ਦਾ ਇਲਾਜ ਕਰਾ ਸਕੇ। ਕੋਈ ਆਪਣੇ ਨਿਆਣੇ ਨੂੰ ਪੜ੍ਹਾ ਸਕੇ। ਇਹ ਕੰਮਾਂ ਵੱਲ ਸਾਨੂੰ ਸੋਚਣ ਦੀ ਬਹੁਤ ਲੋੜ ਹੈ। ਇਸ ਵਿਚ ਸਾਨੂੰ ਸਭ ਨੂੰ ਜ਼ੋਰ ਦੇਣ ਦੀ ਲੋੜ ਹੈ। ਉਸ ਬਕਸੇ ਨੂੰ ਅਸੀਂ ਥੋੜ੍ਹੇ ਪੈਸਿਆਂ ਦਾ ਲੈ ਕੇ ਵਾਧੂ ਪੈਸੇ ਅਸੀਂ ਇਸ ਲਈ ਗਰੀਬਾਂ ਨੂੰ ਦਾਨ ਪੁੰਨ ਕੀਤਾ ਜਾਵੇ। ਭਲਾ ਹੋਵੇ ਕਿਉਂਕਿ ਇਹ ਦਾਨ ਦਿੱਤਾ ਹੀ ਅਗਲੇ ਸਮੇਂ ਵਿਚ ਅਗਲੇ ਦੇ ਮਰਨ ਤੋਂ ਬਾਅਦ ਵਿਚ ਹੀ ਇਹ ਚੀਜ਼ਾਂ ਹਰ ਇੱਕ ਬੰਦੇ ਦੇ ਕੰਮ ਆਉਂਦੀਆਂ ਹਨ। ਬਾਣੀ, ਭਗਤੀ ਕੀਤੀ, ਸੇਵਾ ਕੀਤੀ, ਸਿਮਰਨ ਕੀਤਾ ਇਹੀ ਹੀ ਕੰਮ ਹੁੰਦਾ ਹੈ ਔਰ ਸਾਡਾ ਇਸ ਵਿਚ ਖਿਆਲ ਕਿਸੇ ਦਾ ਨਹੀਂ ਹੈ। ਸੋ ਕੋਸ਼ਿਸ਼ ਕਰੀਏ, ਅਜਿਹੀਆਂ ਚੀਜ਼ਾਂ ਨੂੰ ਅਸੀਂ ਅੱਗੇ ਕਰੀਏ।

ਸਾਡੇ ਭਾਰਤ ਦੇ ਵਿਚ ਲੱਕੜਾਂ ਵੱਢ ਕੇ ਲੋਕਾਂ ਨੇ ਦਰੱਖ਼ਤਾਂ ਕੰਨੀਓਂ ਪਿੰਡਾਂ ਦੇ ਪਿੰਡ ਖਾਲੀ ਕਰ ਦਿੱਤੇ ਹਨ। ਆਕਸੀਜਨ ਦੀ ਮੁਸ਼ਕਲ ਆ ਰਹੀ ਹੈ। ਹਵਾ ਦੀ ਤੇ ਪਾਣੀ ਵੀ ਦਰੱਖਤਾਂ ਕਰਕੇ ਖਤਮ ਹੁੰਦਾ ਜਾ ਰਿਹਾ ਹੈ। ਦਰੱਖਤ ਲੱਗਣਗੇ ਤਾਂ ਪਾਣੀ ਆਏਗਾ, ਨਹੀਂ ਤਾਂ ਨਹੀਂ। ਉੱਥੇ ਵੀ ਸਾਨੂੰ ਸੋਚਣ ਦੀ ਲੋੜ ਹੈ ਸਾਡੇ ਦੇਸ਼ ਦੇ ਵਿਚ ਕਿ ਲੱਕੜਾਂ ਦੀ ਥਾਂ 'ਤੇ ਕੀ ਅਸੀਂ ਲੱਕੜਾਂ ਲਾਨੇ ਹਾਂ, ਉੱਥੇ ਵੀ ਸਾਨੂੰ ਪਿੰਡਾਂ ਵਾਲਿਆਂ ਨੂੰ ਸੋਚ ਕੇ ਇੱਕ ਭੱਠੀ ਦੀ ਤਰ੍ਹਾਂ ਬਾਹਰਲੇ ਪ੍ਰਦੇਸ਼ਾਂ ਦੀ ਤਰ੍ਹਾਂ ਸ਼ਮਸ਼ਾਨ ਘਰ ਦੇ ਵਿਚ ਭੱਠੀ ਬਣਾਈ ਜਾਵੇ, ਜਿਸ ਵਿਚ ਬੰਦੇ ਦਾ ਬੌਡੀ ਦਾ ਸਸਕਾਰ ਉਸ ਭੱਠੀ ਵਿਚ ਕੀਤਾ ਜਾਵੇ ਤੇ ਲੱਕੜ ਨੂੰ ਵੱਧ ਤੋਂ ਵੱਧ ਬਚਾਉਣਾ ਹੈ। ਭਾਵੇਂ ਕਿ ਭਈ ਪਿੰਡਾਂ ਵਿਚ ਹੁਣ ਭੱਠੀਆਂ ਆ ਵੀ ਚੁੱਕੀਆਂ ਹਨ। ਕਿਉਂਕਿ ਲੱਕੜ ਬਹੁਤ ਜ਼ਿਆਦਾ ਲੱਗਦੀ ਹੈ, ਬਾਡੀ ਨੂੰ ਸਾੜਨ ਵਾਸਤੇ ਤੇ 5 ਕੁਇੰਟਲ ਲੱਕੜ ਅਸੀਂ ਖਰਾਬ ਕਰਦੇ ਹਾਂ। ਕਈ ਵੀਰ ਤਾਂ ਮਹਿੰਗੀ ਲੱਕੜ ਲੈ ਕੇ ਆਉਂਦੇ ਹਨ। ਕਈ ਮਾੜੇ ਮੋਟੇ ਕਰੀਬ ਸਸਤੀ ਲੈ ਕੇ ਆਉਂਦੇ ਹਨ ਪਰ ਇਸ ਨਾਲੋਂ ਸਭ ਦਾ ਇਹੀ ਭਲਾ ਹੋਵੇਗਾ। ਚੰਗੀ ਸੋਚ ਹੋਵੇਗੀ, ਸਿਆਣਪ ਹੋਵੇਗੀ ਕਿ ਅਸੀਂ ਉੱਥੇ ਵੀ ਸਾਡੇ ਦੇਸ਼ ਵਿਚ ਭੱਠੀਆਂ ਦਾ ਪ੍ਰਬੰਧ ਕਰੀਏ ਤੇ ਨਾਲੇ ਮੀਂਹ ਕਣੀ ਦੇ ਵਿਚ ਵੀ ਪ੍ਰੋਬਲਮ ਆਉਂਦੀ ਹੈ। ਭੱਠੀ ਪੱਕੀ ਹੋਵੇਗੀ, ਤਾਂ ਸਾਨੂੰ ਕੋਈ ਲੱਕੜਾਂ ਦੀ ਲੋੜ ਨਹੀਂ ਪੈਣ ਲੱਗੀ। ਸੋ ਇਹ ਖਾਸ ਗੱਲਾਂ ਵੱਲ ਧਿਆਨ ਦਈਏ ਤੇ ਵੱਧ ਤੋਂ ਵੱਧ ਅਸੀਂ ਸਿਆਣੇ ਬਣੀਏ। ਅਸੀਂ ਲਾਈਲੱਗ ਨਾ ਬਣੀਏ। ਇਹ ਸਾਡੇ ਵਾਸਤੇ ਬਹੁਤ ਵੱਡਾ ਸੋਚਣ ਦਾ ਵਿਸ਼ਾ ਹੈ। ਆਓ ਸਾਰੇ ਰਲ-ਮਿਲ ਕੇ ਇਸ ਗੱਲ 'ਤੇ ਵਿਚਾਰ ਕਰੀਏ ਤੇ ਉਪਰਾਲਾ ਕਰੀਏ।

# ਕਿੱਸਾ ਵਾਰਿਸ ਸ਼ਾਹ 'ਹੀਰ' ਦੀ ਖ਼ੂਬਸੂਰਤ ਪੇਸ਼ਕਾਰੀ ਫ਼ਿਲਮ ਹੀਰ ਰਾਂਝਾ

**ਲੇਖਕ ਅੰਗਰੇਜ ਸਿੰਘ**
ਮੋਬਾਇਲ : 94646-28857
(Punjab Mail USA)

ਕਲਾਸਿਕ ਫ਼ਿਲਮ ਦਾ ਦਰਜਾ ਹਾਸਿਲ ਕਰ ਚੁੱਕੀ ਪੰਜਾਬੀ ਫ਼ਿਲਮ ਹੀਰ-ਰਾਂਝਾ ਕਲਾਤਮਕ ਪ੍ਰੰਪਰਾ ਵਿਚ ਉੱਚਾ ਮੁਕਾਮ ਹਾਸਿਲ ਕਰਦਾ ਕਿੱਸਾਕਾਰ ਵਾਰਿਸ ਸ਼ਾਹ ਦੀ ਸ਼ਾਹਕਾਰ ਰਚਨਾ ਹੀਰ 'ਤੇ ਆਧਾਰਿਤ ਹੈ। ਮਿਤੀ 19 ਜੂਨ ਸੰਨ 1970 ਈ. ਨੂੰ ਰਿਲੀਜ਼ ਹੋਈ ਲਹਿੰਦੇ ਪੰਜਾਬ ਦੀ ਲਾਹੌਰ ਫ਼ਿਲਮ ਇੰਡਸਟਰੀ (ਪਾਕਿਸਤਾਨ) ਦੁਆਰਾ ਬਣਾਈ ਗਈ ਪੰਜਾਬੀ ਫ਼ਿਲਮ ਹੀਰ ਰਾਂਝਾ ਦੀ ਗਿਣਤੀ ਉਨ੍ਹਾਂ ਸਦਾਬਹਾਰ ਪੰਜਾਬੀ ਫ਼ਿਲਮਾਂ ਵਿਚ ਕੀਤੀ ਜਾਂਦੀ ਹੈ, ਜਿਨ੍ਹਾਂ ਨੇ ਕਾਮਯਾਬੀ ਦੇ ਨਾਲ-ਨਾਲ ਸ਼ੁਹਰਤ ਦੀਆਂ ਬੁਲੰਦੀਆਂ ਨੂੰ ਵੀ ਸਰ ਕੀਤਾ। ਬੇਸ਼ੱਕ ਪਾਕਿ-ਓ-ਹਿੰਦ ਦੇ ਬਹੁਤ ਸਾਰੇ ਪੰਜਾਬੀ, ਹਿੰਦੀ ਅਤੇ ਉਰਦੂ ਫ਼ਿਲਮਸਾਜ਼ਾਂ ਨੇ ਇਸ ਫ਼ਿਲਮ ਤੋਂ ਪਹਿਲਾਂ ਅਤੇ ਬਾਅਦ ਵਿਚ ਪੰਜਾਬ ਦਾ ਸਭ ਤੋਂ ਵੱਧ ਪੜ੍ਹਿਆ, ਸੁਣਿਆ ਅਤੇ ਗਾਇਆ ਜਾਣ ਵਾਲਾ ਕਿੱਸਾ ਹੀਰ ਰਾਂਝਾ 'ਤੇ ਬੇਸ਼ੁਮਾਰ ਫ਼ਿਲਮਾਂ ਬਣਾਈਆਂ ਪਰ ਪੰਜਾਬੀ ਜ਼ੁਬਾਨ ਵਿਚ ਬਣੀ ਇਸ ਫ਼ਿਲਮ ਨੇ ਉਨ੍ਹਾਂ ਸਾਰੀਆਂ ਫ਼ਿਲਮਾਂ ਨਾਲੋਂ ਵੱਧ ਕਾਮਯਾਬੀ ਅਤੇ ਮਕਬੂਲੀਅਤ ਹਾਸਿਲ ਕੀਤੀ। ਮਲਿਕਾ-ਏ-ਤਰੰਨੁਮ ਮੈਡਮ ਨੂਰਜਹਾਂ ਦੀ ਪੁਰਕਸ਼ਿਸ਼ ਆਵਾਜ਼ ਦਾ ਜਾਦੂ, ਸੰਗੀਤਕਾਰ ਖਵਾਜ਼ਾ ਖੁਰਸ਼ੀਦ ਅਨਵਰ ਦੀਆਂ ਬਣਾਈਆਂ ਬਾਕਮਾਲ ਧੁਨਾਂ, ਪੰਜਾਬੀ ਦੇ ਮਸ਼ਹੂਰ ਗੀਤਕਾਰ ਅਹਿਮਦ ਰਾਹੀ ਦੇ ਲਿਖੇ ਦਿਲਕਸ਼ ਗੀਤ, ਅਹਿਮਦ ਰਾਹੀ ਵੱਲੋਂ ਹੀ ਫ਼ਿਲਮ ਦੇ ਠੇਠ ਪੰਜਾਬੀ ਵਿਚ ਲਿਖੇ ਸੰਵਾਦ, ਫ਼ਿਲਮ ਵਿਚ ਕੰਮ ਕਰਨ ਵਾਲੇ ਬੇਹਤਰੀਨ ਪੰਜਾਬੀ ਅਦਾਕਾਰਾਂ ਦੀ ਜ਼ਬਰਦਸਤ ਅਦਾਕਾਰੀ ਨਾਲ ਸਜੀ, ਪੰਜਾਬ ਦੀਆਂ ਖ਼ੂਬਸੂਰਤ ਲੋਕੇਸ਼ਨਾਂ ਅਤੇ ਲਾਹੌਰ ਫ਼ਿਲਮ ਸਟੂਡੀਓਜ਼ ਵਿਚ ਲਗਾਏ ਮਹਿੰਗੇ ਫ਼ਿਲਮੀ ਸੈੱਟਾਂ 'ਤੇ ਫ਼ਿਲਮਾਈ ਗਈ, ਪੰਜਾਬ ਦੀ ਅਮੀਰ ਵਿਰਸੇ ਨੂੰ ਦਿਖਾਉਂਦੀ, ਬੇਹਤਰੀਨ ਪਟਕਥਾ, ਸਿਨਮੈਟੋਗ੍ਰਾਫੀ ਅਤੇ ਨਿਰਦੇਸ਼ਨ ਵਾਲੀ ਇਸ ਫ਼ਿਲਮ ਨੇ ਹੀਰ ਰਾਂਝੇ ਦੇ ਖ਼ੂਬਸੂਰਤ ਅਤੇ ਜਗਤ ਪ੍ਰਸਿੱਧ ਕਿੱਸੇ ਨੂੰ ਲੋਕਾਂ ਦੇ ਖਿਆਲਾਂ 'ਚੋਂ ਕੱਢ ਕੇ ਅਸਲ ਹਕੀਕੀ ਰੂਪ ਵਿਚ ਲੋਕਾਂ ਸਾਹਮਣੇ ਲੈ ਆਂਦਾ। ਸੱਚੀ-ਸੁੱਚੀ ਇਸ਼ਕ ਦੀ ਲੋਕ ਦਾਸਤਾਨ ਹੀਰ ਰਾਂਝਾ 'ਤੇ ਬਣੀ ਇਸ ਫ਼ਿਲਮ ਦੀ ਕਾਮਯਾਬੀ ਵਿਚ ਇਸ ਦੀ ਉੱਚ ਦਰਜੇ ਦੀ ਪੇਸ਼ਕਾਰੀ ਅਤੇ ਸੰਗੀਤ ਦਾ ਬਹੁਤ ਵੱਡਾ ਹੱਥ ਸੀ। ਅੱਜ ਵੀ ਇਸ ਫ਼ਿਲਮ ਦਾ ਮਧੁਰ ਸੰਗੀਤ ਕੰਨਾਂ ਵਿਚ ਰਸ ਘੋਲਦਾ ਹੈ ਅਤੇ ਅੱਜ ਵੀ ਦੋਨਾਂ ਪੰਜਾਬਾਂ ਦੇ ਲੋਕ ਇਸ ਫ਼ਿਲਮ ਦੇ ਸਾਰੇ ਗੀਤਾਂ ਨੂੰ ਬੇਹੱਦ ਪਸੰਦ ਕਰਦੇ ਹਨ।

ਫ਼ਿਲਮ ਵਿਚ ਹੀਰ ਦਾ ਕਿਰਦਾਰ ਅਦਾ ਕਰਨ ਵਾਲੀ 70 ਦੇ ਦਸ਼ਕ ਦੀ ਬੇਹਦ ਕਾਮਯਾਬ ਤਰੀਨ ਅਤੇ ਹੁਸੀਨ ਪੰਜਾਬੀ ਫ਼ਿਲਮ ਅਦਾਕਾਰਾ ਫ਼ਿਰਦੌਸ ਬੇਗ਼ਮ ਦੀ ਬੇਪਨਾਹ ਖ਼ੂਬਸੂਰਤੀ ਨੇ ਹੀਰ ਨੂੰ ਫ਼ਿਲਮੀ ਪਰਦੇ 'ਤੇ ਜ਼ਿੰਦਾ ਕਰ ਦਿੱਤਾ ਸੀ ਤੇ ਇਸ ਫ਼ਿਲਮ ਦੀ ਮਕਬੂਲੀਅਤ ਤੋਂ ਬਾਅਦ ਫ਼ਿਰਦੌਸ ਬੇਗ਼ਮ ਨੂੰ ਫ਼ਿਲਮੀ ਪਰਦੇ ਦੀ ਹੀਰ ਦੇ ਨਾਂ ਵਜੋਂ ਵੀ ਜਾਣਿਆ ਜਾਣ ਲੱਗਾ ਸੀ। ਜਿਵੇਂ ਹੀਰ ਦੇ ਹੁਸਨ ਨੂੰ ਕਿੱਸਾਕਾਰ ਵਾਰਿਸ਼ ਸ਼ਾਹ ਨੇ ਆਪਣੇ ਕਿੱਸੇ ਵਿਚ ਬਹੁਤ ਖ਼ੂਬਸੂਰਤੀ ਨਾਲ ਬਿਆਨ ਕੀਤਾ, ਤਿਵੇਂ ਹੀ ਇਸ ਫ਼ਿਲਮ ਵਿਚ ਹੀਰ ਦੇ ਕਿਰਦਾਰ ਨੂੰ, ਉਸ ਦੇ ਹੁਸਨ ਨੂੰ, ਉਸ ਦੀ ਇੱਕ-ਇੱਕ ਅਦਾ ਨੂੰ, ਪੰਜਾਬਣ ਮੁਟਿਆਰ ਦੇ ਤਗੜੇ ਜੁੱਸੇ ਨੂੰ ਅਦਾਕਾਰਾ ਫ਼ਿਰਦੌਸ ਬੇਗ਼ਮ ਨੇ ਆਪਣੀ ਖ਼ੂਬਸੂਰਤੀ ਅਤੇ ਅਦਾਕਾਰੀ ਦੇ ਜ਼ਰੀਏ ਫ਼ਿਲਮੀ ਪਰਦੇ ਤੇ ਹੂ-ਬ-ਹੂ ਸਾਕਾਰ ਕਰ ਦਿੱਤਾ ਸੀ।

ਵਾਰਿਸ ਸ਼ਾਹ ਆਪਣੇ ਕਿੱਸੇ ਵਿਚ ਹੀਰ ਦੀ ਤਾਰੀਫ਼ ਕੁਝ ਇੰਝ ਲਿਖਦਾ ਹੈ:

ਕੇਹੀ ਹੀਰ ਦੀ ਕਰੇ ਤਾਰੀਫ਼ ਸ਼ਾਇਰ, ਮੱਥੇ ਚਮਕਦਾ ਹੁਸਨ ਮਤਾਬ ਦਾ ਜੀ।

ਖ਼ੂਨੀ ਚੂੰਡੀਆਂ ਤਾਰੇ ਜਿਉਂ ਚੰਨ ਦੁਆਲੇ, ਸੁਰਖ ਰੰਗ ਜਿਉਂ ਰੰਗ ਸ਼ਹਾਬ ਦਾ ਜੀ

ਕੁਝ ਇੰਝ ਹੀ ਇਸ ਫ਼ਿਲਮ ਵਿਚ ਨਿਰਦੇਸ਼ਕ ਮਸੂਦ ਪ੍ਰਵੇਜ਼ ਵਾਰਿਸ ਸ਼ਾਹ ਵੱਲੋਂ ਬਿਆਨ ਕੀਤੇ ਹੀਰ ਦੇ ਹੁਸਨ ਨੂੰ ਅਦਾਕਾਰਾ ਫ਼ਿਰਦੌਸ਼ ਬੇਗ਼ਮ ਦੀ ਖ਼ੂਬਸੂਰਤੀ ਜ਼ਰੀਏ ਦਿਖਾਉਣ ਵਿਚ ਕਾਮਯਾਬੀ ਹਾਸਿਲ ਕਰਦਾ ਹੈ।

ਉਧਰ ਰਾਂਝਾ ਵੀ ਖ਼ੂਬਸੂਰਤੀ ਵਿਚ ਕਿਸੇ ਤੋਂ ਘੱਟ ਨਹੀ ਸੀ। ਉਸ ਦਾ ਉੱਚਾ ਲੰਮਾ ਸਰੂ ਜਿਹਾ ਕੱਦ, ਗੱਭਰੂ ਛੈਲ ਛਬੀਲਾ, ਤਗੜਾ ਜੁੱਸਾ, ਗਠੀਲਾ ਸਰੀਰ, ਚਿਹਰੇ 'ਤੇ ਨੂਰ, ਮੁੱਖ 'ਤੇ ਲਾਲੀਆਂ, ਗੋਰਾ-ਚਿੱਟਾ ਰੰਗ ਉਸ ਨੂੰ ਤਖ਼ਤ ਹਜ਼ਾਰੇ ਦੇ ਨਾਲ-ਨਾਲ ਪੰਜਾਬ ਦੇ ਦੂਰ-ਦੂਰ ਤੱਕ ਦੇ ਇਲਾਕਿਆਂ ਦੇ ਗੱਭਰੂਆਂ ਵਿਚ ਵੀ ਸਭ ਤੋਂ ਸੋਹਣਾ ਗੱਭਰੂ ਹੋਣ ਦਾ ਮਾਣ ਦਿਵਾਉਂਦਾ ਸੀ। ਤਖ਼ਤ ਹਜ਼ਾਰੇ ਦੇ ਛੈਲ ਗੱਭਰੂਆਂ ਬਾਰੇ ਵਾਰਿਸ ਸ਼ਾਹ ਆਪਣੇ ਕਿੱਸੇ ਵਿਚ ਬਿਆਨ ਕਰਦਾ ਹੈ

ਇਕ ਤਖ਼ਤ ਹਜ਼ਾਰਿਓਂ ਗੱਲ ਕੀਚੇ, ਜਿੱਥੇ ਰਾਂਝਿਆਂ ਰੰਗ ਮਚਾਇਆ ਈ।

ਛੈਲ ਗੱਭਰੂ ਮਸਤ ਅਲਬੇਲੜੇ ਨੀ, ਸੁੰਦਰ ਇੱਕ ਥੀਂ ਇੱਕ ਸਵਾਇਆ ਈ।

ਰਾਂਝੇ ਦਾ ਤਖ਼ਤ ਹਜ਼ਾਰੇ ਵਿਚ ਸ਼ਹਿਜ਼ਾਦਿਆ ਵਾਲੀ ਜ਼ਿੰਦਗੀ ਬਸਰ ਕਰਨਾ, ਬੇਪ੍ਰਵਾਹੀ ਅਤੇ ਵੰਝਲੀ ਲੈ ਕੇ ਸਾਰਾ ਦਿਨ ਯਾਰਾਂ ਬੇਲੀਆਂ ਨਾਲ ਖੇਡਣ ਮੱਲਣ ਵਾਲੇ ਰੂਪ ਅਤੇ ਮਗਰੋਂ ਹੀਰ ਦੇ ਇਸ਼ਕ ਵਿਚ ਝੰਗ ਸਿਆਲ ਦੇ ਬੇਲਿਆਂ ਵਿਚ ਇੱਕ ਮਾਮੂਲੀ ਕੰਮੀ ਬਣ ਕੇ ਰਹਿਣ ਅਤੇ ਹੀਰ ਦੀ ਜੁਦਾਈ ਵਿਚ ਦਰ-ਦਰ ਭਟਕਣ ਮਗਰੋਂ ਦੁਨੀਆਂ ਨੂੰ ਛੱਡ ਜੰਗਲਾਂ ਵਿਚ ਬੈਠੇ ਨਾਥਾਂ ਦੇ ਡੇਰੇ ਜਾ ਕੰਨ ਪੜਵਾ ਯੋਗ ਧਾਰਨ ਕਰਨ, ਇਸ਼ਕ ਮਜਾਜ਼ੀ ਦੀਆਂ ਰਾਹਵਾਂ ਤੋਂ ਲੰਘ ਕੇ ਇਸ਼ਕ ਹਕੀਕੀ ਦੀ ਮੰਜ਼ਲ ਤੱਕ ਪਹੁੰਚਣ ਦੇ ਔਖੇ ਪੈਂਡਿਆਂ ਦੇ ਸਫ਼ਰ ਨੂੰ ਮੰਝੇ ਹੋਏ, ਖ਼ੂਬਸੂਰਤ ਅਤੇ ਪੰਜਾਬੀ ਸਿਨੇਮੇ ਦੇ ਬੇਹੱਦ ਕਾਮਯਾਬ ਤਰੀਨ ਪੰਜਾਬੀ ਫ਼ਿਲਮ ਅਦਾਕਾਰ ਏਜਾਜ਼ ਦੁਰਾਨੀ ਨੇ ਆਪਣੀ ਕਮਾਲ ਦੀ ਪੇਸ਼ਕਾਰੀ ਰਾਹੀਂ ਫ਼ਿਲਮੀ ਪਰਦੇ 'ਤੇ ਅਮਰ ਕਰ ਦਿੱਤਾ।

ਪੰਜਾਬ ਪਿਕਚਰ ਦੇ ਬੈਨਰ ਹੇਠ ਬਨਣ ਵਾਲੀ ਇਸ ਫ਼ਿਲਮ ਦੇ ਨਿਰਮਾਤਾ ਸਨ ਏਜਾਜ਼ ਦੁਰਾਨੀ ਅਤੇ ਮਸੂਦ ਪ੍ਰਵੇਜ਼। ਫ਼ਿਲਮ ਦੀ ਮੂਲ ਕਹਾਣੀ ਲਈ ਗਈ ਸੀ ਕਿੱਸਾਕਾਰ ਵਾਰਿਸ਼ ਸ਼ਾਹ ਦੇ ਕਿੱਸੇ ਹੀਰ ਤੋਂ, ਪਟਕਥਾ ਅਤੇ ਸੰਵਾਦ ਲਿਖੇ ਸਨ ਜਨਾਬ ਅਹਿਮਦ ਰਾਹੀ ਨੇ ਜਿਨ੍ਹਾਂ ਨੇ ਇਸ ਫ਼ਿਲਮ ਦੇ ਗੀਤ ਵੀ ਲਿਖੇ ਸਨ, ਫ਼ਿਲਮ ਦਾ ਸੰਗੀਤ ਤਿਆਰ ਕੀਤਾ ਸੀ ਖਵਾਜ਼ਾ ਖੁਰਸ਼ੀਦ ਅਨਵਰ ਨੇ ਅਤੇ ਫ਼ਿਲਮ ਦੇ ਗੀਤਾਂ ਨੂੰ ਆਪਣੀਆਂ ਆਵਾਜ਼ਾਂ ਦਿੱਤੀਆਂ ਸਨ ਮੈਡਮ ਨੂਰਜਹਾਂ, ਨਸੀਮ ਬੇਗ਼ਮ, ਈਰੀਨ ਪ੍ਰਵੀਨ, ਮੁਨੀਰ ਹੁਸੈਨ, ਮਸੂਦ ਰਾਣਾ, ਗੁਲਾਮ ਅਲੀ ਅਤੇ ਮੁਜੀਬ ਆਲਮ ਨੇ।

ਫ਼ਿਲਮ ਹੀਰ ਰਾਂਝਾ ਦੀ ਕਹਾਣੀ ਜਿਸ ਹਮਦ ਤੋਂ ਸ਼ੁਰੂ ਹੁੰਦੀ ਹੈ, ਉਹ ਹੈ :-

ਅਵੱਲ ਹਮਦ ਖ਼ੁਦਾ ਦਾ ਵਿਰਦ ਕਰੀਏ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।

ਸੀਨਾ ਮਾਰਫ਼ਤ ਦਾ ਏ ਮਜਾਜ਼ ਬੇਸ਼ੱਕ, ਇਸ਼ਕ ਬਾਝ ਨਾ ਕੁਝ ਅਸੂਲ ਮੀਆਂ।

ਬਿਨਾ ਇਸ਼ਕ ਦਰਗਾਹ ਥੀ ਮਿਲਣ ਧੱਕੇ, ਬਿਨਾ ਇਸ਼ਕ ਨਾ ਕੋਈ ਮਕਬੂਲ ਮੀਆਂ।

ਮੈਡਮ ਨੂਰਜਹਾਂ ਦੀ ਅਵਾਜ਼ ਵਿਚ ਗਾਈ ਇਸ ਹਮਦ ਨਾਲ ਖ਼ੂਬਸੂਰਤ ਸੰਗੀਤ ਵੱਜਦਾ ਹੈ, ਜਿਸ ਨਾਲ ਫ਼ਿਲਮ ਦੇ ਸਿਤਾਰਿਆਂ ਅਤੇ ਫ਼ਿਲਮ ਨਾਲ ਜੁੜੇ ਹਰ ਸ਼ਕਸ਼ ਦੇ ਨਾਵਾਂ ਦੀ ਜਾਣ-ਪਛਾਣ ਫ਼ਿਲਮੀ ਪਰਦੇ 'ਤੇ ਚੱਲਦੀ ਹੈ। ਪਹਿਲੇ ਦ੍ਰਿਸ਼ ਉਹ ਦੁਨੀਆਂ ਜਿਥੇ ਮਨੁੱਖਾ ਜਨਮ ਲੈਣ ਤੋਂ ਪਹਿਲਾਂ ਰੂਹਾਂ ਦਾ ਵਾਸਾ ਹੁੰਦਾ ਹੈ, ਦਾ ਦ੍ਰਿਸ਼ ਪੇਸ਼ ਕੀਤਾ ਜਾਂਦਾ ਹੈ, ਜਿਥੇ ਬਹੁਤ ਸਾਰੀਆਂ ਰੂਹਾਂ ਸਫ਼ੈਦ ਲਿਬਾਸ ਪਹਿਨੀ ਜਿਨ੍ਹਾਂ ਵਿਚ ਹੀਰ ਤੇ ਰਾਂਝੇ ਦੀਆਂ ਰੂਹਾਂ ਵੀ ਮੌਜੂਦ ਹਨ, ਦਿਖਾਈ ਦਿੰਦੀਆਂ ਹਨ। ਹੀਰ ਤੇ ਰਾਂਝਾ ਇੱਕ ਦੂਜੇ ਨੂੰ ਮਿਲਦੇ ਹਨ ਤੇ ਨਾਲ ਹੀ ਪਰਦੇ 'ਤੇ ਗਾਇਕ ਗੁਲਾਮ ਅਲੀ ਦੀ ਆਵਾਜ਼ ਵਿਚ ਇਕ ਸ਼ੇਅਰ ਗਾਇਆ ਜਾਂਦਾ ਹੈ, ਜਿਸ ਦੇ ਬੋਲ ਹਨ:-

ਮੇਲ ਰੂਹਾਂ ਦੇ ਅਜ਼ਲ ਦੇ ਰੋਜ਼ ਹੋਏ, ਸੱਚੇ ਇਸ਼ਕ ਦੀ ਨੇਹੁ ਤਾਮੀਰ ਹੋਈ।

ਫੁੱਲ ਖਿੜ ਗਏ ਨੇ ਪਾਕ ਮੁਹੱਬਤਾਂ ਦੇ, ਕੋਈ ਰਾਝਾਂ ਹੋਇਆ ਕੋਈ ਹੀਰ ਹੋਈ।

ਹੀਰ ਤੇ ਰਾਂਝੇ ਦੀਆਂ ਰੂਹਾਂ ਜੁਦਾ ਹੋ ਕੇ ਹੀਰ ਤੇ ਰਾਂਝੇ ਦੇ ਬੁੱਤਾਂ ਵਿਚ ਲੀਨ ਹੋ ਜਾਂਦੀਆਂ ਹਨ ਤੇ ਦੋਵੇਂ ਧਰਤੀ ਤੇ ਮਨੁੱਖੀ ਜਾਮੇ ਵਿਚ ਆ ਜਾਂਦੇ ਹਨ।

ਫ਼ਿਲਮ ਦੇ ਅਗਲੇ ਦ੍ਰਿਸ਼ ਵਿਚ ਤਖ਼ਤ ਹਜ਼ਾਰੇ ਦੇ ਮੌਜੂ ਚੌਧਰੀ ਦਾ ਸਭ ਤੋਂ ਛੋਟਾ ਤੇ ਲਾਡਲਾ ਪੁੱਤਰ ਧੀਦੋ ਰਾਂਝਾ ਵੰਝਲੀ ਦੀ ਤਾਨ ਛੇੜਦਾ ਹੈ। ਗਿੜਦੇ ਖੂਹ ਤੋਂ ਪਾਣੀ ਭਰ ਕੇ ਆਉਂਦੀਆ ਮੁਟਿਆਰਾ ਵਿਚੋਂ ਇੱਕ ਮੁਟਿਆਰ ਧੀਦੋ ਰਾਂਝੇ ਦੀ ਵੰਝਲੀ ਦੀ ਤਾਨ ਵਿਚ ਮਸਤ ਹੋਈ ਆਪਣਾ ਸਿਰ 'ਤੇ ਚੁੱਕਿਆ ਪਾਣੀ ਦਾ ਘੜਾ ਡੇਗ ਬਹਿੰਦੀ ਹੈ, ਜਿਸ ਦਾ ਦੋਸ਼ ਉਹ ਰਾਂਝੇ ਸਿਰ ਮੜ੍ਹ ਦਿੰਦੀ ਹੈ। ਰਾਂਝਾ ਦੂਸਰੀ ਮੁਟਿਆਰ ਦਾ ਸਿਰ 'ਤੇ ਚੁੱਕਿਆ ਪਾਣੀ ਨਾਲ ਭਰਿਆ ਘੜਾ




ਵੀ ਤੋੜ ਦਿੰਦਾ ਹੈ। ਗੁੱਸੇ 'ਚ ਆਈਆਂ ਮੁਟਿਆਰਾਂ ਉਸ ਨੂੰ ਆਖਦੀਆਂ ਹਨ ਕਿ ਉਹ ਇਸ ਬਾਰੇ ਉਸ ਦੀਆਂ ਭਰਜਾਈਆਂ ਨੂੰ ਸ਼ਿਕਾਇਤ ਲਾਉਣਗੀਆਂ। ਰਾਂਝਾ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਵਰਜਦਾ ਹੈ ਤੇ ਉਨ੍ਹਾਂ ਨੂੰ ਕਹਿੰਦਾ ਹੈ ਕਿ ਉਹ ਚੁੱਪ-ਚਪੀਤੇ ਉਸ ਦੀਆਂ ਭਰਜਾਈਆਂ ਨੂੰ ਦੱਸੇ ਬਿਨਾ ਘਰੇ ਨਵੇਂ ਲਿਆਂਦੇ ਘੜੇ ਚੁੱਕ ਲਿਆਉਣ। ਪਰ ਘੜੇ ਚੁੱਕਦੀਆਂ ਮੁਟਿਆਰਾਂ ਰਾਂਝੇ ਦੀਆਂ ਭਰਜਾਈਆਂ ਦੇ ਹੱਥੀ ਫੜ ਹੁੰਦੀਆਂ। ਸੱਚਾਈ ਪਤਾ ਲੱਗਣ 'ਤੇ ਰਾਂਝੇ ਦੀਆਂ ਭਰਜਾਈਆਂ ਰਾਂਝੇ ਨੂੰ ਮੰਦੇ ਬੋਲ ਬੋਲਦੀਆਂ ਨੇ ਤੇ ਨਾਲੇ ਉਸ ਦੀ ਇਸ ਹਰਕਤ ਦੀ ਸ਼ਿਕਾਇਤ ਆਪਣੇ ਘਰਵਾਲਿਆਂ ਮਤਲਬ ਰਾਂਝੇ ਦੇ ਭਰਾਵਾਂ ਨੂੰ ਲਾਉਂਦੀਆਂ ਨੇ। ਰਾਂਝੇ ਦੀ ਆਪਣੀਆਂ ਭਰਜਾਈਆਂ ਨਾਲ ਘੱਟ ਈ ਬਣਦੀ ਕਿਉਂਕਿ ਰਾਂਝੇ ਦੀਆਂ ਭਰਜਾਈਆਂ ਉਸ ਨੂੰ ਵਿਹਲੜ ਤੇ ਨਿਕੰਮਾ ਸਮਝਦੀਆਂ ਨੇ ਤੇ ਹਰ ਵੇਲੇ ਤਾਹਨੇ ਮਾਰਦੀਆਂ ਰਹਿੰਦੀਆ ਨੇ। ਇੱਕ ਦਿਨ ਰਾਂਝੇ ਦਾ ਆਪਣੀ ਵੱਡੀ ਭਰਜਾਈ ਨਾਲ ਰੋਟੀ ਕਰਕੇ ਝਗੜਾ ਹੋ ਜਾਂਦਾ ਤੇ ਗੱਲਾਂ-ਗੱਲਾਂ ਵਿਚ ਰਾਂਝਾ ਆਪਣੀ ਭਰਜਾਈ ਨੂੰ ਕਹਿੰਦਾ ਕਿ ਜੇਕਰ ਉਸ ਦਾ ਮੂੰਹ ਚੰਗਾ ਨਹੀਂ ਤੇ ਗੱਲ ਤਾਂ ਚੰਗੀ ਕਰੇ। ਰਾਂਝੇ ਦੀ ਭਰਜਾਈ ਵੀ ਗੁੱਸੇ 'ਚ ਆ ਕੇ ਉਸ ਨੂੰ ਮਿਹਣਾ ਮਾਰਦੀ ਕਿ ਜੇਕਰ ਉਹ ਸੋਹਣੀ ਨਹੀਂ, ਤਾਂ ਫਿਰ ਉਹ ਵੀ ਵੇਖੇਗੀ ਕਿ ਤੂੰ ਕਿਹੜੀ ਸਿਆਲਾਂ ਦੀ ਹੀਰ ਵਿਆਹ ਕੇ ਲਿਆਂਵੇਗਾ। ਧੀਦੋ ਦੇ ਦਿਲ 'ਤੇ ਇਹ ਗੱਲ ਤੀਰ ਵਾਂਗ ਲੱਗਦੀ ਤੇ ਉਹ ਗੁੱਸੇ ਵਿਚ ਇਹ ਕਹਿ ਕੇ ਘਰ-ਬਾਰ ਛੱਡਣ ਦਾ ਫੈਸਲਾ ਕਰਦਾ ਕਿ ਹੁਣ ਉਹ ਹੀਰ ਨਾਲ ਵਿਆਹ ਕਰਾ ਕੇ ਹੀ ਘਰ ਪੈਰ ਪਾਏਗਾ। ਰਾਂਝੇ ਦੇ ਭਰਾ ਉਸ ਨੂੰ ਘਰ ਛੱਡਣ ਤੋਂ ਰੋਕਦੇ ਪਰ ਉਹ ਨਹੀਂ ਰੁੱਕਦਾ।

ਰਾਂਝਾ ਦਰਿਆ ਪਾਰ ਕਰਕੇ ਝੰਗ ਦੇ ਇਲਾਕੇ ਵਿਚ ਪਹੁੰਚ ਜਾਂਦਾ, ਜਿੱਥੇ ਉਹ ਸਿਆਲਾਂ ਦੇ ਚੌਧਰੀ ਚੂਚਕ ਦੇ ਬਾਗ ਵਿਚ ਜਾ ਅੱਪੜਦਾ, ਬਾਗ ਵਿਚ ਡੱਠੇ ਸੋਹਣੇ ਪਲੰਘ ਨੂੰ ਵੇਖ ਕੇ ਤੇ ਆਪਣੇ ਸਫ਼ਰ ਦੀ ਥਕਾਵਟ ਲਾਉਣ ਲਈ ਉਹ ਉਸ 'ਤੇ ਲੰਮਾਂ ਪੈ ਜਾਂਦਾ। ਛੇਤੀ ਹੀ ਉਸ ਦੀ ਅੱਖ ਲੱਗ ਜਾਂਦੀ। ਸਵੇਰ ਹੁੰਦਿਆ ਹੀਰ ਆਪਣੀਆਂ ਸਹੇਲੀਆਂ ਨਾਲ ਬਾਗ ਦੀ ਸੈਰ ਕਰਨ ਆਉਂਦੀ। ਬਾਗ ਵਿਚ ਪਹੁੰਚ ਕੇ ਹੀਰ ਤੇ ਉਸ ਦੀਆਂ ਸਹੇਲੀਆਂ ਇਹ ਗੀਤ ਗਾਉਂਦੀਆਂ:-

ਮੈਂ ਛੱਮ ਛੱਮ ਨੱਚਾ ਮੈਂ ਛਮ ਛਮ ਛਮ ਗਾਂਵਾਂ (ਆਵਾਜ਼ਾਂ ਮੈਡਮ ਨੂਰਜਹਾਂ, ਨਸੀਮ ਬੇਗ਼ਮ ਅਤੇ ਸਾਥੀ)

ਗਾਣੇ ਦੇ ਖਤਮ ਹੁੰਦਿਆਂ ਹੀ ਹੀਰ ਨੂੰ ਪਤਾ ਲੱਗਦਾ ਕਿ ਉਸ ਦੇ ਪਲੰਘ 'ਤੇ ਕੋਈ ਡਸਕਰਾ ਸੁੱਤਾ ਪਿਆ, ਤਾਂ ਉਹ ਛੂਛਕ ਲੈ ਸਹੇਲੀਆਂ ਸੰਗ ਜਾ ਰਾਂਝੇ ਦੇ ਦੁਆਲੇ ਹੁੰਦੀ। ਸੋਹਣੀ ਸੁਨੱਖੀ ਰੂਪ ਦੀ ਸ਼ਹਿਜਾਦੀ ਹੀਰ ਨੂੰ ਵੇਖ ਰਾਂਝਾ ਉਸ ਨੂੰ ਪਹਿਚਾਣ ਲੈਂਦਾ ਕਿ ਉਹ ਹੀਰ ਹੀ ਹੈ। ਰਾਂਝਾ ਕਹਿੰਦਾ ਐਨੀ ਸੋਹਣੀ ਸੁਨੱਖੀ ਮੁਟਿਆਰ ਝੰਗ ਵਿਚ ਹੀਰ ਤੋਂ ਸਿਵਾ ਹੋਰ ਕੋਈ ਨਹੀਂ ਹੋ ਸਕਦੀ। ਹੀਰ ਤੇ ਰਾਂਝੇ ਦੀ ਪਹਿਲੀ ਮੁਲਾਕਾਤ ਨੂੰ ਫ਼ਿਲਮ ਵਿਚ ਬੜੀ ਖ਼ੂਬਸੂਰਤੀ ਨਾਲ ਵਿਖਾਇਆ ਗਿਆ। ਫਿਰ ਰਾਂਝਾ ਹੀਰ ਦੇ ਇਸ਼ਕ ਵਿਚ ਉਸ ਦੇ ਘਰ ਉਸ ਦੇ ਪਿਓ ਦੀਆਂ ਮੱਝੀਆਂ ਸਾਂਭਣ ਵਾਲਾ ਕਾਮਾ ਬਣ ਜਾਂਦਾ, ਤਾਂ ਜੋ ਉਹ ਰੋਜ਼ ਹੀਰ ਦੇ ਦੀਦਾਰ ਕਰ ਸਕੇ।

ਫ਼ਿਲਮ ਵਿਚ ਹੀਰ ਦੇ ਚਾਚੇ ਕੈਦੋਂ (ਅਦਾਕਾਰ ਅਜ਼ਮਲ) ਦੀ ਆਮਦ ਹੁੰਦੀ, ਜਿਹੜਾ ਰਾਂਝੇ ਦੇ ਉਨ੍ਹਾਂ ਦੇ ਘਰ ਕਾਮਾ ਬਣ ਕੇ ਰਹਿਣ ਨੂੰ ਪਸੰਦ ਨਹੀਂ ਕਰਦਾ ਤੇ ਇਸ ਲਈ ਉਹ ਆਪਣੇ ਭਰਾ ਚੂਚਕ (ਅਦਾਕਾਰ ਨਜੱਮੁਲ ਹਸਨ) ਤੇ ਭਾਬੀ ਮਲਕੀ (ਅਦਾਕਾਰਾ ਸਲਮਾ ਮੁਮਤਾਜ਼) ਨੂੰ ਆਖਦਾ ਕਿ ਉਸ ਨੇ ਜਵਾਨ ਧੀ ਦੇ ਹੁੰਦਿਆਂ ਗੱਭਰੂ ਕਾਮਾ ਰੱਖ ਲਿਆ, ਵੇਖਿਓ ਕਿਤੇ ਹੀਰ ਕਿਤੇ ਕੋਈ ਚੰਦ ਨਾ ਚਾੜ ਦੇਵੇ, ਜਿਸ ਨਾਲ ਮਾਪਿਆਂ ਦੀ ਪੱਗ ਰੁਲੇ। ਕੈਦੋ ਹੀਰ ਅਤੇ ਰਾਂਝੇ 'ਤੇ ਅੱਖ ਰੱਖਣ ਲਈ ਆਪਣੇ ਇੱਕ ਬੰਦੇ (ਅਦਾਕਾਰ ਰੰਗੀਲਾ) ਦੀ ਜ਼ਿੰਮੇਵਾਰੀ ਲਾਉਂਦਾ। ਹੀਰ ਤੇ ਰਾਂਝੇ ਦਾ ਇਸ਼ਕ ਪ੍ਰਵਾਨ ਚੜ੍ਹਨ ਲੱਗਦਾ। ਪਰਦੇ 'ਤੇ ਇਸ ਮੌਕੇ ਹੀਰ ਅਤੇ ਰਾਂਝੇ 'ਤੇ ਫ਼ਿਲਮਾਇਆ ਇੱਕ ਬਹੁਤ ਹੀ ਖ਼ੂਬਸੂਰਤ ਗੀਤ ਚਲਦਾ:-

ਸੁਣ ਵੰਝਲੀ ਦੀ ਮਿਠੜੀ ਤਾਨ ਵੇ, ਮੈਂ ਤਾਂ ਹੋ ਹੋ ਗਈ ਕੁਰਬਾਨ ਵੇ। (ਮੈਡਮ ਨੂਰਜਹਾਂ ਦੀ ਆਵਾਜ਼)

ਹੀਰ ਘਿਓ ਦੀਆਂ ਚੂਰੀਆਂ ਕੁੱਟ ਬੇਲੇ ਵਿਚ ਮੱਝੀਆਂ ਚਰਾਉਂਦੇ ਰਾਂਝੇ ਨੂੰ ਖਵਾਉਂਦੀ। ਇਸ ਮੌਕੇ ਹੀਰ ਤੇ ਰਾਂਝੇ 'ਤੇ ਫ਼ਿਲਮਾਇਆ ਮੈਡਮ ਨੂਰਜਹਾਂ ਅਤੇ ਮੁਨੀਰ ਹੁਸੈਨ ਦੀ ਆਵਾਜ਼ ਵਿਚ ਪਰਦੇ 'ਤੇ ਇੱਕ ਬਹੁਤ ਹੀ ਖ਼ੂਬਸੂਰਤ ਗੀਤ ਚਲਦਾ:-

ਓ ਵੰਝਲੀ ਵਾਲੜਿਆ, ਤੂੰ ਤੇ ਮੋਹ ਲਈ ਓ ਮੁਟਿਆਰ

ਛੇਤੀ ਹੀ ਕੈਦੋ ਨੂੰ ਹੀਰ ਤੇ ਰਾਂਝੇ ਦੇ ਇਸ਼ਕ ਦੀ ਭਿਣਕ ਲੱਗ ਜਾਂਦੀ ਤੇ ਉਹ ਹੀਰ ਦੇ ਮਾਂ-ਪਿਓ ਨੂੰ ਰਾਂਝੇ ਦੇ ਖਿਲਾਫ਼ ਕਰ ਦਿੰਦਾ। ਹੀਰ ਦਾ ਪਿਓ ਉਸ ਦੇ ਘਰ ਤੋਂ ਬਾਹਰ ਜਾਣ 'ਤੇ ਪਾਬੰਦੀ ਲਗਾ ਦੇਂਦਾ। ਹੀਰ ਉਦਾਸ ਹੋਈ ਰਾਤ ਦੀ ਚਾਨਣੀ ਵਿਚ ਇਹ ਗੀਤ ਗਾਉਂਦੀ ਏ:-

ਚੰਨ ਮਾਹੀ ਤੇਰੀ ਰਾਹ ਪਈ ਤੱਕਣੀ ਈ ਆਂ (ਆਵਾਜ਼ ਮੈਡਮ ਨੂਰਜਹਾਂ)

ਮੁਹੱਬਤ ਕਰਨ ਵਾਲੇ ਦੋ ਪ੍ਰੇਮੀ ਵਿਛੋੜੇ ਦੀ ਅੱਗ ਵਿਚ ਸੜਣ ਲੱਗਦੇ। ਕੈਦੋ ਆਪਣੇ ਭਰਾ ਭਰਜਾਈ ਨੂੰ ਹੀਰ ਦਾ ਵਿਆਹ ਰੰਗਪੁਰ ਦੇ ਖੇੜਿਆਂ ਦੇ ਮੁੰਡੇ ਸੈਦੇ (ਅਦਾਕਾਰ ਮੁਨੱਵਰ ਜ਼ਰੀਫ਼) ਨਾਲ ਕਰਨ ਲਈ ਰਾਜ਼ੀ ਕਰ ਲੈਂਦਾ। ਹੀਰ ਦਾ ਵਿਆਹ ਧਰ ਦਿੱਤਾ ਜਾਂਦਾ ਤੇ ਹੀਰ ਦੇ ਨਿਕਾਹ ਕਬੂਲ ਕਰਨ ਤੋਂ ਨਾਂਹ ਕਰਨ ਦੇ ਬਾਵਜੂਦ ਕੈਦੋਂ ਵੱਢੀ ਦੇ ਕੇ ਕਾਜ਼ੀ ਰਾਹੀ ਹੀਰ ਨੂੰ ਬੇਸੁੱਧ ਹੋਈ ਨੂੰ ਜ਼ਬਰਦਸਤੀ ਖੇੜਿਆਂ ਦੀ ਡੋਲੀ ਪਾ ਦਿੰਦਾ। ਹੀਰ ਦੀ ਡੋਲੀ ਟੁਰਦਿਆਂ ਰਾਂਝਾ ਦੁੱਖਾਂ ਦੇ ਗਹਿਰੇ ਸਮੁੰਦਰ ਵਿਚ ਗੋਤੇ ਖਾਣ ਲੱਗਦਾ। ਫ਼ਿਰ ਰਾਂਝਾ ਇਹ ਗੀਤ ਗਾ ਹੀਰ ਨੂੰ ਉਸ ਨਾਲ ਕੀਤੇ ਕੌਲ ਤੇ ਕਰਾਰ ਚੇਤੇ ਕਰਾਉਂਦਾ ਹੈ :-

ਡੋਲੀ ਚੜ ਜਾਣ ਵਾਲੀਏ ਨੀ ਤੇਰੀ ਖ਼ੈਰ ਹੋਵੇ (ਆਵਾਜ਼ ਮੁਨੀਰ ਹੁਸੈਨ)

ਹੀਰ ਦੇ ਵਿਜੋਗ ਵਿਚ ਰਾਂਝਾ ਦਰ-ਦਰ ਭਟਕਣ ਲੱਗਦਾ, ਦੀਵਾਨਾ ਹੋਇਆ ਰਾਂਝਾ ਜਿਸ ਦੀ ਵੰਝਲੀ ਵੀ ਉਦਾਸ ਹੈ, ਰੱਬ ਨੂੰ ਸੰਬੋਧਨ ਕਰਕੇ ਇਹ ਗੀਤ ਗਾਉਂਦਾ:-

ਰੱਬਾ ਵੇਖ ਲਿਆ ਤੇਰਾ ਮੈਂ ਜਹਾਨ ਵੇਖ ਲਿਆ (ਆਵਾਜ਼ ਮਸੂਦ ਰਾਣਾ)

ਰਾਂਝਾ ਜੰਗਲਾਂ ਵਿਚ ਡੇਰੇ ਲਾਈ ਬੈਠੇ ਨਾਥਾਂ ਦੇ ਡੇਰੇ ਜਾ ਪਹੁੰਚਦਾ। ਫ਼ਿਲਮ ਵਿਚ ਨਾਥ ਯੋਗੀ ਤੇ ਰਾਂਝੇ ਵਿਚ ਦਿਲਚਸਪ ਵਾਰਤਾਲਾਪ ਹੁੰਦੀ ਵਿਖਾਈ ਗਈ ਹੈ। ਨਾਥ ਯੋਗੀ ਰਾਂਝੇ ਨੂੰ ਕਹਿੰਦਾ ਹੈ ਕਿ ਤੂੰ ਕੌਣ ਮੂਰਖ ਏ, ਜੋ ਰੱਬ ਦੀ ਸ਼ਰਨ ਵਿਚ ਕੁਫ਼ਰ ਤੋਲ ਰਿਆ ਏ। ਅੱਗੋਂ ਰਾਂਝਾ ਜਵਾਬ ਦੇਂਦਾਂ ਹੈ ਕਿ ਮੈਨੂੰ ਮੂਰਖ ਕਹਿਣ ਵਾਲਿਆ, ਤੂੰ ਦੁਨੀਆਂ ਨੂੰ ਛੱਡ ਕੇ ਇਨ੍ਹਾਂ ਉਜਾੜਾ ਵਿਚ ਡੇਰੇ ਲਾਏ ਨੇ, ਤੈਨੂੰ ਕੀ ਪਤਾ ਹੋਵੇ ਦੁਨੀਆਂ ਵਾਲੇ ਦਿਲਾਂ ਵਾਲਿਆਂ 'ਤੇ ਕੀ ਕਹਿਰ ਤੋੜਦੇ ਨੇ, ਤੈਨੂੰ ਕੀ ਪਤਾ ਹੋਵੇ ਦਿਲਾਂ ਦੇ ਰੋਗ ਕਿਵੇ ਦੇ ਹੁੰਦੇ ਨੇ। ਅੱਗੋਂ ਨਾਥ ਯੋਗੀ ਰਾਂਝੇ ਨੂੰ ਧਰਵਾਸ ਦਿੰਦਾ ਹੈ ਤੇ ਯੋਗ ਨੂੰ ਦੁੱਖਾਂ ਦਾ ਦਾਰੂ ਦੱਸਦਾ ਹੈ। ਉਹ ਰਾਂਝੇ ਨੂੰ ਆਪਣੇ ਦੁੱਖਾਂ ਤੋਂ ਮੁਕਤੀ ਪਾਉਣ ਲਈ ਯੋਗ ਧਾਰਨ ਕਰਨ ਲਈ ਆਖਦਾ ਹੈ। ਰਾਂਝਾ ਨਾਥ ਦੀ ਗੱਲ ਮੰਨ ਯੋਗੀ ਦਾ ਭੇਸ ਬਣਾ ਆ ਨਾਥ ਦੇ ਸਾਹਮਣੇ ਖਲੋਂਦਾ। ਨਾਥ ਯੋਗੀ ਉਸ ਨੂੰ ਯੋਗ ਦੀ ਮਾਲਾ ਪਹਿਨਾ ਕਿ ਉਸ ਤੋਂ ਵਚਨ ਲੈਂਦਾ ਹੈ ਕਿ ਉਹ ਨਾਰੀ ਤੋਂ ਦੂਰ ਰਹੇ, ਪਰ ਰਾਂਝਾ ਨਾਥ ਯੋਗੀ ਨੂੰ ਆਖਦਾ ਕਿ ਉਹਨੇ ਤਾਂ ਯੋਗ ਹੀ ਨਾਰੀ ਲਈ ਧਾਰਨ ਕੀਤਾ ਹੈ। ਉਹ ਹੀਰ ਨੂੰ ਕਿਸ ਤਰ੍ਹਾਂ ਭੁੱਲ ਜਾਵੇ। ਫਿਰ ਰਾਂਝਾ ਹੀਰ ਨਾਲ ਆਪਣੇ ਪਿਆਰ ਬਾਰੇ ਆਖਦਾ ਕਿ ਮੇਰਾ ਮਨ ਵਗਦੇ ਪਾਣੀ ਵਾਂਗੂ ਸਾਫ਼ ਹੈ, ਮੇਰਾ ਪਿਆਰ ਸੱਜਰੀ ਤ੍ਰੇਲ ਵਾਂਗੂ ਪਾਕ ਏ, ਹੀਰ ਮੇਰੀ ਰੂਹ ਏ। ਮੈਂ ਉਸ ਦੀਵੇ ਦੀ ਲਾਟ 'ਤੇ ਭੰਬਤ ਬਣ ਕੇ ਸੁਆਹ ਹੋ ਜਾਣਾ, ਭੰਵਰਾ ਬਣ ਕਲੀ ਦਾ ਰਸ ਨਹੀ ਚੂਸਣਾ। ਹੀਰ ਮੇਰਾ ਵਜੂਦ ਹੈ, ਉਹ ਮੇਰੇ ਦਿਲ ਵਿਚ ਧੜਕਦੀ ਹੈ, ਜੋ ਕਦੀ ਮੇਰੇ ਤੋਂ ਜੁਦਾ ਨਹੀਂ ਹੋ ਸਕਦੀ।

ਅਗਲੇ ਸੀਨ ਵਿਚ ਰਾਂਝਾ ਯੋਗੀ ਬਣ ਹੀਰ ਨੂੰ ਰੰਗਪੁਰ ਖੇੜਿਆਂ ਦੇ ਘਰੋਂ ਲੱਭ ਲੈਂਦਾ ਤੇ ਫ਼ਿਰ ਹੀਰ ਦੀ ਨਨਾਣ ਸਹਿਤੀ (ਅਦਾਕਾਰਾ ਜ਼ਮੋਰਾਦ) ਜੋ ਆਪ ਮੁਰਾਦ ਬਲੋਚ (ਅਦਾਕਾਰ ਅਕੀਲ) ਨੂੰ ਪਿਆਰ ਕਰਦੀ ਹੁੰਦੀ, ਦੀ ਮਦਦ ਨਾਲ ਹੀਰ ਨੂੰ ਨਸਾ ਕੇ ਲੈ ਜਾਂਦਾ। ਖੇੜੇ ਉਨ੍ਹਾਂ ਦਾ ਪਿੱਛਾ ਕਰਦੇ ਤੇ ਉਹ ਹੀਰ ਰਾਂਝੇ ਨੂੰ ਫੜ ਲੈਂਦੇ ਪਰ ਉਦੋਂ ਹੀ ਉਥੇ ਰਾਜੇ ਦੇ ਸਿਪਾਹੀ ਆ ਜਾਂਦੇ। ਹੀਰ ਰਾਂਝੇ ਨੂੰ ਰਾਜੇ (ਅਦਾਕਾਰ ਇਲਿਆਸ ਕਸ਼ਮੀਰੀ) ਦੇ ਦਰਬਾਰ ਵਿਚ ਪੇਸ਼ ਕੀਤਾ ਜਾਂਦਾ। ਰਾਜਾ ਪਹਿਲਾਂ ਤਾਂ ਹੀਰ ਨੂੰ ਸੈਦੇ ਦੇ ਨਾਲ ਤੋਰ ਦਿੰਦਾ ਤੇ ਰਾਂਝੇ ਨੂੰ ਕੋੜੇ ਮਾਰਨ ਦੀ ਸਜ਼ਾ ਸੁਣਾ ਦਿੰਦਾ। ਪਰ ਜਦੋ ਰਾਂਝੇ ਨੂੰ ਕੋੜੇ ਮਾਰੇ ਜਾਂਦੇ, ਤਾਂ ਉਸ ਦੇ ਦੁੱਖੀ ਹਿਰਦੇ ਵਿਚੋਂ ਹਾਅ ਨਿਕਲਦੀ। ਇੱਥੇ ਰਾਂਝਾ ਜੇਲ੍ਹ ਦੀਆਂ ਸਲਾਖ਼ਾਂ ਅੰਦਰ ਇਹ ਗੀਤ ਗਾਉਂਦਾ:-

ਵਿਛੜੇ ਮੀਤ ਮਿਲਾ ਦੇ ਰੱਬਾ (ਆਵਾਜ਼ ਮੁਜ਼ੀਬ ਆਲਮ)

ਰਾਜੇ ਦੇ ਸ਼ਹਿਰ ਨੂੰ ਅੱਗ ਲੱਗ ਜਾਂਦੀ, ਰਾਜਾ ਇਹ ਵੇਖ ਕੇ ਹੈਰਾਨ ਰਹਿ ਜਾਂਦਾ। ਉਹ ਹੀਰ ਰਾਂਝੇ ਦੇ ਸੱਚੇ ਤੇ ਪਾਕ ਇੱਸ਼ਕ ਅੱਗੇ ਝੁੱਕਦਾ ਹੋਇਆ ਅਣਜਾਣੇ 'ਚ ਹੀਰ ਰਾਂਝੇ ਨਾਲ ਬੇਇਨਸਾਫ਼ੀ ਦੇ ਰੂਪ ਵਿਚ ਕੀਤਾ ਆਪਣਾ ਗੁਨਾਹ ਕਬੂਲ ਕਰ ਲੈਂਦਾ ਤੇ ਖੇੜਿਆਂ ਨੂੰ ਹੁਕਮ ਕਰਦਾ ਕਿ ਹੀਰ ਨੂੰ ਰਾਂਝੇ ਨਾਲ ਜਾਣ ਦਿੱਤਾ ਜਾਵੇ। ਅਖੀਰ ਜਦੋਂ ਰਾਂਝੇ ਤੇ ਹੀਰ ਦਾ ਵਿਆਹ ਹੋਣ ਲੱਗਦਾ, ਤਾਂ ਕੈਦੋ ਹੀਰ ਨੂੰ ਪਾਣੀ ਵਿਚ ਘੋਲ ਕੇ ਜ਼ਹਿਰ ਪਿਆ ਦਿੰਦਾ। ਹੀਰ ਦੇ ਮਰਨ ਦਾ ਜਦੋਂ ਤਖਤ ਹਜ਼ਾਰੇ ਰਾਂਝੇ ਨੂੰ ਪਤਾ ਲੱਗਦਾ, ਤਾਂ ਉਹ ਵੀ ਆਪਣੀ ਜਾਨ ਦੇ ਦਿੰਦਾ। ਅਖੀਰ ਹੀਰ ਤੇ ਰਾਂਝੇ ਦੀਆਂ ਰੂਹਾਂ ਬੁੱਤਾਂ 'ਚੋ ਨਿਕਲ ਕੇ ਇੱਕ ਹੋ ਜਾਂਦੀਆਂ ।

ਫ਼ਿਲਮ ਹੀਰ ਰਾਂਝਾ ਦੇ ਸ਼ੁਰੂਆਤੀ ਦ੍ਰਿਸ਼ ਤੋਂ ਲੈ ਕੇ ਅਖੀਰੀ ਦ੍ਰਿਸ਼ ਤੱਕ ਦੀ ਕਹਾਣੀ ਦਰਸ਼ਕਾਂ ਨੂੰ ਬੰਨ੍ਹੀ ਰੱਖਦੀ ਹੈ। ਫ਼ਿਲਮ ਦੇ ਸਾਰੇ ਹੀ ਮੁੱਖ ਅਦਾਕਾਰਾਂ ਦੀ ਕਮਾਲ ਦੀ ਅਦਾਕਾਰੀ, ਉਨ੍ਹਾਂ ਦੀ ਅਦਾਇਗੀ, ਠੇਠ ਪੰਜਾਬੀ ਉਚਾਰਨ ਦਰਸ਼ਕਾਂ ਦਾ ਮਨ ਜਿੱਤ ਲੈਂਦਾ ਹੈ। ਕੈਦੋ ਦੇ ਕਿਰਦਾਰ ਵਿਚ ਅਦਾਕਾਰ ਅਜ਼ਮਲ ਸਾਰੀ ਫ਼ਿਲਮ ਵਿਚ ਆਪਣੀ ਦਮਦਾਰ ਅਦਾਕਾਰੀ ਨਾਲ ਸਭ 'ਤੇ ਭਾਰੀ ਪੈਂਦਾ ਨਜ਼ਰੀ ਆਉਂਦਾ ਹੈ। ਬੇਸ਼ੱਕ ਫ਼ਿਲਮ ਇਸ਼ਕੀਆ ਦਾਸਤਾਨ 'ਤੇ ਬਣੀ ਇੱਕ ਰੁਮਾਂਟਿਕ ਫ਼ਿਲਮ ਹੈ ਪਰ ਫ਼ਿਲਮ ਵਿਚ ਆਪਣੇ ਜ਼ਮਾਨੇ ਦੇ ਸਭ ਤੋਂ ਵੱਧ ਮਕਬੂਲ ਹਾਸਿਆ ਕਲਾਕਾਰ ਮੁਨੱਵਰ ਜ਼ਰੀਫ਼ ਦੀ ਹੀਰ ਦੇ ਪਤੀ ਸੈਦੇ ਦੇ ਕਿਰਦਾਰ ਵਿਚ ਕੀਤੀ ਕਾਮੇਡੀ ਬੇਹਤਰੀਨ ਹੈ, ਜੋ ਫ਼ਿਲਮ ਵਿਚ ਦਰਸ਼ਕਾਂ ਨੂੰ ਹੱਸਣ ਲਾ ਦਿੰਦੀ ਹੈ। ਗੀਤਕਾਰ ਅਤੇ ਲੇਖਕ ਅਹਿਮਦ ਰਾਹੀ ਨੇ ਫ਼ਿਲਮ ਦੇ ਸੰਵਾਦ ਅਤੇ ਗੀਤਾਂ ਨੂੰ ਸੁੱਚੇ ਮੋਤੀਆਂ ਦੀ ਮਾਲਾ ਵਾਂਗ ਪੰਜਾਬੀ ਜ਼ੁਬਾਨ ਦੇ ਖ਼ੂਬਸੂਰਤ ਸ਼ਬਦਾਂ ਵਿਚ ਜਿਵੇਂ ਪ੍ਰੋਰਿਆ ਹੈ, ਉਹ ਫ਼ਿਲਮ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ। ਫ਼ਿਲਮ ਦਾ ਬੈਕਗਰਾਊਂਡ ਮਿਊਜ਼ਿਕ ਫ਼ਿਲਮ ਦੇ ਇੱਕ-ਇੱਕ ਸੀਨ ਨੂੰ ਹੋਰ ਵੀ ਬੇਹਤਰੀਨ ਅਤੇ ਉਭਾਰ ਕੇ ਪੇਸ਼ ਕਰਦਾ ਹੈ। ਫ਼ਿਲਮ ਤਖ਼ਤ ਹਜ਼ਾਰੇ ਤੋਂ ਲੈ ਕੇ ਹੀਰ ਰਾਂਝੇ ਦੇ ਅਖੀਰੀ ਵਕਤ ਤੱਕ ਦੀ ਕਹਾਣੀ ਨੂੰ ਇਸ਼ਕ ਮਜਾਜ਼ੀ ਤੋਂ ਇਸ਼ਕ ਹਕੀਕੀ ਤੱਕ ਦੇ ਔਖੇ ਰਾਹਵਾਂ ਵਿਚੋਂ ਲੰਘਣ ਦੇ ਸਫ਼ਰ ਨੂੰ ਦਿਖਾਉਂਦੀ ਅਖੀਰ ਆਪਣੇ ਅੰਜ਼ਾਮ ਤੱਕ ਜਾ ਪਹੁੰਚਦੀ ਹੈ। ਫ਼ਿਲਮ ਹੀਰ ਰਾਂਝਾ ਵਾਰਿਸ ਦੇ ਕਿੱਸੇ "ਹੀਰ" ਵਾਂਗ ਇੱਕ ਦੁਖਾਂਤਕ ਫ਼ਿਲਮ ਹੈ।

ਪੰਜਾਬੀ ਬੋਲੀ ਵਿਚੋਂ ਅਲੋਪ ਹੁੰਦੇ ਜਾ ਰਹੇ ਪੰਜਾਬੀ ਸ਼ਬਦਾਂ, ਮੁਹਾਵਰਿਆਂ, ਅਖਾਉਤਾਂ ਨੂੰ ਸੰਭਾਲੀ ਬੈਠੀ, ਪੰਜਾਬੀ ਸਾਹਿਤ ਦੇ ਅਟੁੱਟ ਅੰਗ ਕਿੱਸਾਕਾਰੀ ਨੂੰ ਬਿਆਨ ਕਰਦੀ ਇਹ ਫ਼ਿਲਮ ਪੰਜਾਬੀ ਸੱਭਿਆਚਾਰ ਦਾ ਅਹਿਮ ਦਸਤਾਵੇਜ਼ ਹੈ।


# ਪੰਥਕ ਲੋੜ ਹੈ ਸੋਸ਼ਲ ਮੀਡੀਆ ਦੀ ਜਾਗਰੂਕ ਵਰਤੋਂ

-ਡਾ ਸਤਿੰਦਰ ਪਾਲ ਸਿੰਘ
ਈ : 1716 , ਰਾਜਾਜੀਪੁਰਮ
ਲਖਨਊ : 226017
(Punjab Mail USA)



21 ਫਰਵਰੀ ਨੂੰ ਜੈਤੋ ਮੋਰਚਾ ਸਾਕੇ ਦੇ 100 ਸਾਲ ਪੂਰੇ ਹੋਣ ਤੇ ਵੱਡੇ ਪੱਧਰ 'ਤੇ ਸ਼ਰਧਾਂਜਲੀ ਸਮਾਗਮ ਹੋਏ। ਇਸ ਤੋਂ ਠੀਕ ਇੱਕ ਦਿਨ ਪਹਿਲਾਂ ਦਿੱਲੀ ਵਿਚ ਕਾਂਗਰਸ ਦੇ ਕੌਮੀ ਬੁਲਾਰੇ ਸ਼੍ਰੀ ਪਵਨ ਖੇੜਾ ਨੇ ਪਾਰਟੀ ਹੈੱਡ ਕੁਆਟਰ ਵਿਚ ਹੋਈ ਪ੍ਰੈੱਸ ਕਾਨਫਰੰਸ ਵਿਚ ਜੈਤੋ ਮੋਰਚੇ ਦਾ ਜਿਕਰ ਕੀਤਾ। ਸ਼੍ਰੀ ਖੇੜਾ ਨੇ ਜੈਤੋ ਮੋਰਚੇ ਨੂੰ ਕਿਸਾਨਾਂ ਦਾ ਮੋਰਚਾ ਦੱਸਿਆ ਤੇ ਸ਼ਹੀਦਾਂ ਨੂੰ ਕਿਸਾਨ ਦੇ ਰੂਪ 'ਚ ਪੇਸ਼ ਕੀਤਾ। ਸਪੱਸ਼ਟ ਹੈ ਕਿ ਉਨ੍ਹਾਂ ਦੀ ਕੋਈ ਭਾਵਨਾ ਜੈਤੋ ਮੋਰਚੇ ਲਈ ਨਹੀਂ ਸੀ। ਉਹ ਜੈਤੋ ਮੋਰਚਾ ਦਿਵਸ ਦੀ ਸਿਆਸੀ ਵਰਤੋਂ ਵਰਤਮਾਨ ਕਿਸਾਨ ਅੰਦੋਲਨ ਦੇ ਸੰਦਰਭ ਵਿਚ ਕਰਨਾ ਚਾਹੁੰਦੇ ਸਨ। ਪਰ ਇਹ ਸਿਆਸੀ ਲਾਹੇ ਤੋਂ ਜ਼ਿਆਦਾ ਗੰਭੀਰ ਮਸਲਾ ਹੈ। ਕਾਂਗਰਸ ਬੁਲਾਰੇ ਨੇ ਜੈਤੋ ਮੋਰਚੇ ਦਾ ਜ਼ਿਕਰ ਕਰਨ ਤੋਂ ਪਹਿਲਾਂ ਮੋਰਚੇ ਬਾਰੇ ਜ਼ਰੂਰ ਪੜ੍ਹਿਆ ਹੋਵੇਗਾ। ਜੈਤੋ ਮੋਰਚਾ ਆਪਣੇ ਆਪ ਵਿਚ ਕੋਈ ਵੱਖਰਾ ਮੋਰਚਾ ਨਹੀਂ ਸੀ। ਇਹ ਅਕਾਲੀ ਮੋਰਚਿਆਂ ਦਾ ਇੱਕ ਅਨ ਨਿਖੇੜਵਾਂ ਅੰਗ ਸੀ ਤੇ ਗੁਰਦੁਆਰਾ ਸੁਧਾਰ ਲਹਿਰ ਦਾ ਹਿੱਸਾ ਸੀ। ਇਤਿਹਾਸ ਵਿਚ ਇਸ ਨੂੰ ਹਰ ਇਤਿਹਾਸਕਾਰ ਨੇ ਅਕਾਲੀ ਮੋਰਚੇ ਵਜੋਂ ਹੀ ਸਵੀਕਾਰ ਕੀਤਾ ਹੈ। ਜੈਤੋ ਮੋਰਚੇ ਦੀ ਕਮਾਨ ਪੂਰਨ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ ਕੋਲ ਸੀ। ਇਸ ਦਾ ਮਨੋਰਥ ਨਿਰੋਲ ਧਾਰਮਿਕ ਸੀ। ਜੈਤੋ ਮੋਰਚੇ ਨੂੰ ਕਿਸਾਨਾਂ ਨਾਲ ਜੋੜਨਾ ਇਤਿਹਾਸਕ ਬੇਇਮਾਨੀ ਹੈ, ਜੋ ਸਿਆਸੀ ਪੱਧਰ 'ਤੇ ਕੀਤੀ ਗਈ। ਕਾਂਗਰਸ ਨੇ 'ਐਕਸ' 'ਤੇ ਪਵਨ ਖੇੜਾ ਦੇ ਇਸ ਬਿਆਨ ਨੂੰ ਬਾਕਾਇਦਾ ਪੋਸਟ ਕੀਤਾ। ਅਫਸੋਸ ਇਹ ਕੀ ਇਸ ਬਿਆਨ ਦਾ ਖੰਡਨ ਕਿਤੇ ਵੇਖਣ ਨੂੰ ਨਹੀਂ ਮਿਲਿਆ। 'ਐਕਸ' 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਬਾਜਾਪਤਾ ਅਕਾਊਂਟ ਹਨ। ਜੈਤੋ ਮੋਰਚਾ ਨੂੰ ਕਿਸਾਨ ਮੋਰਚਾ ਦੇ ਰੂਪ 'ਚ ਪੇਸ਼ ਕਰਨਾ ਜੇ ਪੜ੍ਹਿਆ ਨਹੀਂ ਗਿਆ, ਤਾਂ ਵੀ ਮੰਦਭਾਗਾ ਹੈ, ਜੇ ਪੜ੍ਹ ਕੇ ਕੋਈ ਪ੍ਰਤੀਕਰਮ ਕਰਨ ਦੀ ਲੋੜ ਮਹਿਸੂਸ ਨਹੀਂ ਕੀਤੀ ਗਈ, ਤਾਂ ਵੀ ਮੰਦਭਾਗਾ ਹੈ।

ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ 'ਤੇ ਸਿੱਖ ਵੀ ਸਰਗਰਮ ਹਨ। ਇਹ ਸਮੇਂ ਦੇ ਨਾਲ ਚੱਲਣ ਦਾ ਭਲਾ ਉੱਦਮ ਹੈ। ਪਰ ਸੋਸ਼ਲ ਮੀਡੀਆ ਕਿਸ ਦਿਸ਼ਾ ਵੱਲ ਵੱਧ ਰਿਹਾ ਹੈ, ਇਸ ਤੋਂ ਅਣਜਾਣ ਰਹਿਣਾ ਹਰਗਿਜ਼ ਸਿਆਣਪ ਨਹੀਂ ਕਹੀ ਜਾ ਸਕਦੀ। ਸੋਸ਼ਲ ਮੀਡੀਆ ਦੀ ਮਹੱਤਤਾ ਅੱਜ ਦੇ ਸਮੇਂ ਵਿਚ ਜੀਵਨ ਦੇ ਲਗਭਗ ਹਰ ਖੇਤਰ ਵਿਚ ਸਵੀਕਾਰ ਕੀਤੀ ਜਾ ਰਹੀ ਹੈ। ਸਮਾਰਟ ਫੋਨ ਨੇ ਸਾਰੀ ਦੁਨੀਆਂ ਮਨੁੱਖ ਦੀ ਮੁੱਠੀ ਵਿਚ ਸੀਮਤ ਕਰ ਦਿੱਤੀ ਹੈ। ਫੇਸਬੁੱਕ, ਐਕਸ, ਇੰਸਟਾਗ੍ਰਾਮ, ਯੂ-ਟਿਊਬ ਤੇ



ਵਟਸਅਪ ਅਜਿਹੇ ਪਲੇਟਫਾਰਮ ਹਨ, ਜਿਨ੍ਹਾਂ ਰਾਹੀਂ ਕੋਈ ਵੀ ਜਾਣਕਾਰੀ ਨਿਮਖ ਮਾਤਰ 'ਚ ਸਾਂਝੀ ਕੀਤੀ ਜਾ ਰਹੀ ਹੈ। ਇਸ ਲਈ ਕਿਸੀ ਖ਼ਾਸ ਵਿਦਵਤਾ, ਤਕਨੀਕ ਦੀ ਲੋੜ ਨਹੀਂ। ਆਮ ਮਨੁੱਖ ਇਸ ਦੀ ਵਰਤੋਂ ਸੌਖੇ ਢੰਗ ਨਾਲ ਕਰ ਰਿਹਾ ਹੈ। ਸੋਸ਼ਲ ਮੀਡੀਆ ਦਾ ਮੂਲ ਮਨੋਰਥ ਆਪਸੀ ਭਾਈਚਾਰਾ ਵਧਾਉਣਾ ਤੇ ਵਿਚਾਰਾਂ ਦੀ ਸਾਂਝ ਪਾਉਣਾ ਸੀ। ਅੱਜ ਇਹ ਮਨੋਰਥ ਪਿੱਛੇ ਰਹਿ ਗਿਆ ਹੈ। ਸੋਸ਼ਲ ਮੀਡੀਆ ਦੇ ਸਾਰੇ ਮੁੱਖ ਪਲੇਟਫਾਰਮ ਸਿਆਸਤ ਦੇ ਹਥਿਆਰ ਬਣ ਗਏ ਹਨ। ਸਮਾਜ ਨੂੰ ਤੋੜ ਕੇ ਲੋਕਾਂ ਨੂੰ ਸਿਆਸੀ ਬਿਸਾਤ 'ਤੇ ਮੋਹਰੇ ਬਣਾਉਣ ਲਈ ਸੋਸ਼ਲ ਮੀਡੀਆ ਦੀ ਭਰਪੂਰ ਦੁਰਵਰਤੋਂ ਹੋ ਰਹੀ ਹੈ। ਅੱਜ ਪਦਾਰਥਵਾਦ ਵਿਚ ਰੁੱਝੇ ਲੋਕਾਂ ਕੋਲ ਕਿਤਾਬਾਂ ਪੜ੍ਹਨ ਦਾ ਸਮਾਂ ਨਹੀਂ ਹੈ, ਸੋਚ ਵਿਚਾਰ ਦਾ ਮਾਹੌਲ ਨਹੀਂ ਹੈ, ਗਹਿਰਾਈ ਵਿਚ ਜਾਣ ਦੀ ਰੁਚੀ ਨਹੀਂ ਹੈ। ਜੋ ਸਾਹਮਣੇ ਆ ਰਿਹਾ ਹੈ, ਉਸ 'ਤੇ ਵਿਸ਼ਵਾਸ ਕਰ ਲੈਣ ਤੋਂ ਇਲਾਵਾ ਕੋਈ ਵਿਕਲਪ ਨਹੀਂ ਹੈ। ਇਸ ਪ੍ਰਵਿਰਤੀ ਨੇ ਧਾਰਮਿਕ, ਇਤਿਹਾਸਕ ਭਰਮ-ਭੁਲੇਖੇ ਪਾਉਣ ਵਾਲਿਆਂ ਦਾ ਕੰਮ ਸੌਖਾ ਕਰ ਦਿੱਤਾ ਹੈ। ਇੰਨੀ ਚਲਾਕੀ ਨਾਲ ਗੱਲ ਕਹੀ ਜਾ ਰਹੀ ਹੈ ਕਿ ਪੜ੍ਹਨ, ਸੁਣਨ ਵਾਲੇ ਨੂੰ ਪੂਰਨ ਪ੍ਰਮਾਣਿਕ ਜਾਪਦੀ ਹੈ। ਇਤਿਹਾਸ ਦਾ ਸਵਰੂਪ ਵਿਗਾੜਿਆ ਜਾ ਰਿਹਾ ਹੈ, ਸਿਧਾਂਤਾਂ ਦਾ ਘਾਣ ਕਰਨ ਲਈ ਮਨਘੜੰਤ ਬ੍ਰਿਤਾਂਤ ਸਿਰਜੇ ਜਾ ਰਹੇ ਹਨ। ਸਭ ਤੋਂ ਜ਼ਿਆਦਾ ਸੰਕਟ ਸਿੱਖ ਕੌਮ 'ਤੇ ਹੈ ਕਿਉਂਕਿ ਅਸੀਂ ਅਜੇ ਤੱਕ ਆਪਣੇ ਇਤਿਹਾਸ ਨੂੰ ਕੋਈ ਪੁਖਤਾ ਤਰਤੀਬ ਹੀ ਨਹੀਂ ਦੇ ਸਕੇ ਹਾਂ। ਬਹੁਤ ਸਾਰੀਆਂ ਪੁਰਾਤਨ ਲਿਖਤਾਂ ਹਨ, ਜਿਨ੍ਹਾਂ ਨੂੰ ਤਵੱਜੋਂ ਦੇ ਕੇ ਵਿਚਾਰਿਆ ਹੀ ਨਹੀਂ ਗਿਆ ਹੈ।

ਇਤਿਹਾਸਕ ਸ੍ਰੋਤਾਂ ਦੀ ਖੋਜ ਦੀਆਂ ਨਵੀਆਂ ਸੰਭਾਵਨਾਵਾਂ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਦਰਅਸਲ ਸੰਘਰਸ਼ਾਂ ਦੇ ਦੌਰ ਲਗਾਤਾਰ ਚੱਲਦੇ ਰਹੇ, ਜਿਸ ਕਾਰਣ ਕੌਮ ਨੂੰ ਇਨ੍ਹਾਂ ਕਾਰਜਾਂ ਲਈ ਸਮਾਂ ਹੀ ਨਹੀਂ ਮਿਲਿਆ। ਇਨ੍ਹਾਂ ਦਾ ਖਾਮਿਆਜ਼ਾ ਭੁਗਤਨਾ ਪੈ ਰਿਹਾ ਹੈ। ਇਸ ਦੀ ਅਹਿਮ ਮਿਸਾਲ ਹੈ ਰਹਿਤਨਾਮੇ। "ਗੁਰੂ ਖਾਲਸਾ ਮਾਨੀਅਹਿ ਪਰਗਟ ਗੁਰੂ ਕੀ ਦੇਹ" ਦਾ ਸੰਕਲਪ ਕਿਵੇਂ ਤੇ ਕਦੋਂ "ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ" ਵਿਚ ਬਦਲ ਗਿਆ, ਕਿਸੇ ਨੂੰ ਸਮਝ ਹੀ ਨਹੀਂ ਆਇਆ। ਪਰ ਇਸ ਬਦਲ ਦੇ ਡੂੰਘੇ ਅਸਰ ਧਾਰਮਿਕ ਮਾਨਤਾਵਾਂ 'ਤੇ ਪੈ ਰਹੇ ਹਨ। ਅਜਿਹੇ ਸੰਕਟ ਕੌਮ 'ਤੇ ਨਿਰੰਤਰ ਮੰਡਰਾ ਰਹੇ ਹਨ। ਇਸ ਸੱਚ ਦੇ ਮੱਦੇਨਜ਼ਰ ਸੋਸ਼ਲ ਮੀਡੀਆ ਦੇ ਪ੍ਰਭਾਵ ਨੂੰ ਗੰਭੀਰਤਾ ਨਾਲ ਲੈ ਕੇ ਹੀ ਆਪਣੇ ਵਿਰਸੇ ਨੂੰ ਬਚਾਇਆ ਜਾ ਸਕਦਾ ਹੈ। ਇਸ ਲਈ ਸਿਆਸੀ ਦਲਾਂ ਦੁਆਰਾ ਸੋਸ਼ਲ ਮੀਡੀਆ ਦੀ ਕੀਤੀ ਜਾ ਵਰਤੋਂ ਦੇ ਢੰਗ ਤੋਂ ਸਿਖਣ ਦੀ ਲੋੜ ਹੈ ।

ਅਕਸਰ ਕਿਹਾ ਜਾਂਦਾ ਹੈ ਕਿ ਸਿੱਖ ਕੌਮ ਦਾ ਗੌਰਵਸ਼ਾਲੀ ਇਤਿਹਾਸ ਹੈ, ਜਿਸ ਤੋਂ ਅਸੀਂ ਦੁਨੀਆਂ ਨੂੰ ਜਾਣੂੰ ਨਹੀਂ ਕਰਾ ਸਕੇ ਹਾਂ। ਸੋਸ਼ਲ ਮੀਡੀਆ ਦੇ ਇਸ ਯੁੱਗ ਵਿਚ ਅਜਿਹੀ ਦਲੀਲ ਸਾਡੇ ਨਿਕੰਮੇਪਨ ਦਾ ਸਬੂਤ ਮੰਨੀ ਜਾਵੇਗੀ। ਸੋਸ਼ਲ ਮੀਡੀਆ ਬਾਰੇ ਕੋਈ ਕੌਮੀ ਨੀਤੀ ਹੀ ਨਹੀਂ ਹੈ। ਸਵੇਰੇ ਤੋਂ ਸ਼ਾਮ ਤੱਕ ਹੁਕਮਨਾਮੇ ਹੀ ਭੇਜੇ ਜਾਂ ਪ੍ਰਾਪਤ ਹੁੰਦੇ ਰਹਿੰਦੇ ਹਨ। ਵਿਆਖਿਆ ਸਮੇਤ ਜਾਰੀ ਹੋਣੇ ਵਾਲੇ ਹੁਕਮਨਾਮੇ ਸ਼ਾਇਦ ਹੀ ਪੜ੍ਹੇ ਜਾਂਦੇ ਹੋਣਗੇ। ਕਥਾਵਾਚਕ ਆਪਣੀ ਕਥਾ ਦੇ ਵੀਡਿਉ ਲੋਕਾਂ ਤੱਕ ਪੁਜਾ ਰਹੇ ਹਨ ਪਰ ਗਿਆਨੀ ਸੰਤ ਸਿੰਘ ਜੀ ਮਸਕੀਨ ਤੋਂ ਅਲਾਵਾ ਕਿਸੇ ਹੋਰ ਨੂੰ ਸੁਣਨ ਵਾਲੇ ਘੱਟ ਹੀ ਮਿਲਣਗੇ। ਇਹੋ ਹਾਲ ਸ਼ਬਦ ਕੀਰਤਨ ਦੇ ਵੀਡੀਉ ਦਾ ਹੈ। ਗੁਰ ਇਤਿਹਾਸ, ਗੁਰ ਸ਼ਬਦ ਦੇ ਪ੍ਰਚਾਰ ਦੀ ਭਾਵਨਾ ਤੇ ਆਤਮ ਪ੍ਰਚਾਰ ਦੀ ਭਾਵਨਾ ਭਾਰੀ ਪੈ ਰਹੀ ਹੈ। ਹੈਰਾਨੀ ਹੁੰਦੀ ਹੈ, ਜਦੋਂ ਵਿਦਵਾਨ ਕਥਾਵਾਚਕ, ਰਾਗੀ ਸਿੰਘ ਇੰਸਟਾਗ੍ਰਾਮ 'ਤੇ ਵੀ ਆਪਣੀਆਂ ਗੀਲਾਂ ਪੋਸਟ ਕਰਦੇ ਮਿਲਦੇ ਹਨ। ਜੇ ਨਿਸ਼ਾਨਾ ਆਤਮ ਪ੍ਰਚਾਰ ਹੈ, ਤਾਂ ਨਿਗਾਹ ਸਿੱਖੀ ਸਿਧਾਂਤਾਂ 'ਤੇ ਕਿਉਂ। ਸੋਸ਼ਲ ਮੀਡੀਆ ਰਾਹੀਂ ਸਿੱਖੀ ਸਿਧਾਂਤਾਂ 'ਤੇ ਜੋ ਹਮਲੇ ਹੋ ਰਹੇ ਹਨ, ਉਨ੍ਹਾਂ ਦਾ ਜਵਾਬ ਕੌਣ ਦੇਵੇਗਾ। ਸਿੱਖ ਇਤਿਹਾਸ ਦੇ ਨਿਰੋਲ ਸਵਰੂਪ ਨੂੰ ਸੋਸ਼ਲ ਮੀਡੀਆ 'ਤੇ ਲਿਆਉਣ ਦੀ ਜ਼ਿੰਮੇਵਾਰੀ ਕਿਸ ਦੀ ਹੈ। ਸੰਸਾਰ ਭਰ ਵਿਚ ਸਿੱਖ ਵਿਅਕਤੀਗਤ ਰੂਪ 'ਚ ਵੀ ਭੇਦਭਾਵ, ਨਫਰਤ, ਹਿੰਸਾ ਦਾ ਸ਼ਿਕਾਰ ਹੋ ਰਹੇ ਹਨ ਕਿਉਂਕਿ ਉਹ ਸਿੱਖ ਹਨ। ਸਿੱਖ ਹੋਣ ਦਾ ਅਰਥ ਕੀ ਹੈ ਇਹ ਅਸੀਂ ਨਹੀਂ ਦੱਸ ਸਕੇ ਹਾਂ।

ਸੋਸ਼ਲ ਮੀਡੀਆ ਅੱਜ ਵਾਰ ਰੂਮ ਵਿਚ ਬਦਲ ਗਿਆ ਹੈ। ਇਸ ਦੇ ਅਸਰ ਤੋਂ ਬਚਨਾ ਮੁਮਕਿਨ ਨਹੀਂ ਰਿਹਾ। ਜਿਵੇਂ ਕੋਈ ਜੰਗ ਜਿੱਤਣ ਲਈ ਹਮਲਾ ਮਾਰਨ ਤੇ ਹਮਲੇ ਤੋਂ ਸੁਰੱਖਿਆ ਦੀ ਦੋਹਰੀ ਨੀਤੀ ਤਿਆਰ ਕੀਤੀ ਜਾਂਦੀ ਹੈ, ਉਵੇਂ ਹੀ ਆਪਣਾ ਪੱਖ ਰੱਖਣ ਦੇ ਨਾਲ ਹੀ ਆਪਣੇ ਹਿੱਤ ਦੀ ਰੱਖਿਆ ਲਈ ਵੀ ਜਤਨਸ਼ੀਲ ਹੋਣ ਦੀ ਲੋੜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੋਸ਼ਲ ਮੀਡੀਆ ਬਾਰੇ ਇੱਕ ਪੰਥਕ ਨੀਤੀ ਬਣਾਉਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਜਿੰਨੀ ਲੋੜ ਪ੍ਰਚਾਰਕਾਂ ਦੀ ਹੈ, ਅੱਜ ਸੋਸ਼ਲ ਮੀਡੀਆ ਵਾਲੰਟੀਅਰ ਵੀ ਉੱਨੇ ਹੀ ਮਹੱਤਵਪੂਰਨ ਹੋ ਗਏ ਹਨ। ਪ੍ਰਧਾਨ ਮੰਤਰੀ ਸ਼੍ਰੀ ਮੋਦੀ ਨੇ 8 ਮਾਰਚ ਨੂੰ ਦਿੱਲੀ ਵਿਚ ਦੇਸ਼ ਭਰ ਤੋਂ ਸੱਦੇ 'ਤੇ ਬੁਲਾਏ ਗਏ ਸੋਸ਼ਲ ਮੀਡੀਆ ਵਾਲੰਟੀਅਰ ਨੂੰ ਆਪ ਸੰਬੋਧਨ ਕੀਤਾ ਤੇ ਉਨ੍ਹਾਂ ਦਾ ਸਮਰਥਨ ਮੰਗਿਆ। ਇਹ ਸੋਸ਼ਲ ਮੀਡੀਆ ਦੀ ਤਾਕਤ ਹੈ, ਜੋ ਸਰਕਾਰਾਂ ਬਣਾਉਣ 'ਚ ਵੀ ਆਪਣੀ ਭੂਮਿਕਾ ਰੱਖਣ ਲੱਗ ਪਈ ਹੈ। ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਸਮਾਂ ਹੈ ਕਿ ਸੋਸ਼ਲ ਮੀਡੀਆ ਦੀ ਭੂਮਿਕਾ ਦੀ ਪੱਕੀ ਪਛਾਣ ਕੀਤੀ ਜਾਵੇ। ਸਿੱਖ ਵਾਲੰਟੀਅਰਾਂ ਨੂੰ ਬਾਕਾਇਦਾ ਟ੍ਰੇਨਿੰਗ ਦਿੱਤੀ ਜਾਵੇ। ਉਨ੍ਹਾਂ ਨੂੰ ਰੀਸਰਚ ਕੀਤਾ ਕੰਟੇਂਟ ਵੀ ਮੁਹੱਈਆ ਕਰਾਇਆ ਜਾਵੇ। ਸੋਸ਼ਲ ਮੀਡੀਆ 'ਤੇ ਸਰਗਰਮ ਸਾਰੇ ਸਿੱਖ ਇੱਕ ਦੂਜੇ ਨਾਲ ਜੁੜਨ ਤੇ ਢੁੱਕਵੀਆਂ ਪੋਸਟਾਂ ਵੱਧ ਤੋਂ ਵੱਧ ਸ਼ੇਅਰ ਕਰਨ। ਪੋਸਟਾਂ ਪੜ੍ਹੀਆਂ ਵੀ ਜਾਣ। ਸਿੱਖ ਇਤਿਹਾਸ ਵਿਚ ਇੰਨੇ ਨਾਇਕ ਹੀ ਹਨ ਕਿ ਉਨ੍ਹਾਂ ਦੀ ਚਰਚਾ ਲਈ ਸਾਲ ਦੇ ਦਿਨ ਘੱਟ ਹਨ। ਨਿੱਤ ਨਵੀਂ ਜਾਣਕਾਰੀ ਸਾਂਝੀ ਕਰਨ ਦਾ ਕਾਰਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਰੰਭ ਕਰ ਸਕਦੀ ਹੈ। ਸ਼੍ਰੋਮਣੀ ਕਮੇਟੀ ਨੂੰ ਐਕਸ 'ਤੇ ਆਪਣੇ ਫਾਲੋਵਰ ਵਧਾਉਣ ਦੀ ਲੋੜ ਹੈ, ਜੋ ਅਜੇ ਹਜ਼ਾਰਾਂ ਵਿਚ ਹੀ ਹਨ।

ਇੱਕ ਸੋਸ਼ਲ ਮੀਡੀਆ ਨਿਗਰਾਨੀ ਰੂਮ ਵੀ ਹੋਣਾ ਚਾਹੀਦੇ, ਜੋ ਪੰਥ ਦਾ ਘਾਣ ਕਰਨ ਵਾਲੇ ਕੰਟੇਂਟ 'ਤੇ ਨਿਗਾਹ ਰੱਖੇ ਤੇ ਤੁਰੰਤ ਪ੍ਰਤੀਕਰਮ ਵੀ ਕਰੇ। ਕਈ ਸਿੱਖ ਹੀ ਸੋਸ਼ਲ ਮੀਡੀਆ 'ਤੇ ਕੌਮ ਬਾਰੇ ਨਾਂਹ ਪੱਖੀ ਪ੍ਰਚਾਰ ਕਰਦੇ ਨਜ਼ਰ ਆਉਂਦੇ ਹਨ। ਉਨ੍ਹਾਂ ਨਾਲ ਅਸਰਦਾਰ ਢੰਗ ਨਾਲ ਪੇਸ਼ ਆਉਣ ਦੀ ਲੋੜ ਹੈ।

ਜੈਤੋ ਮੋਰਚੇ ਨੂੰ ਕਿਸਾਨ ਮੋਰਚਾ ਦੱਸਣ ਦੀ ਬੇਈਮਾਨੀ ਤਾਂ ਹੁੰਦੀ ਹੈ, ਜਦੋਂ ਕਿਸੇ ਮਾਕੂਲ ਪ੍ਰਤੀਕਾਰ ਦਾ ਅੰਦੇਸ਼ਾ ਨਹੀਂ ਹੁੰਦਾ। ਇਹ ਪੰਥ ਲਈ ਸੁਚੇਤ ਹੋਣ ਦਾ ਸਬਕ ਤੇ ਅਵਸਰ ਹੈ।

# ਲੰਬੇ ਸਮੇਂ ਤੋਂ ਪੰਜਾਬੀ ਕਲਾਸੀਕਲ ਤੇ ਲੋਕ ਗਾਇਕੀ ਦੀ ਸੇਵਾ ਕਰ ਰਿਹਾ ਪ੍ਰਵਾਸੀ ਗਾਇਕ ਸੁਖਦੇਵ ਸਾਹਿਲ

ਪੇਸ਼ਕਸ਼ :ਅੰਮ੍ਰਿਤ ਪਵਾਰ
(Punjab Mail USA)

ਕਲਾਕਾਰਾਂ ਦੇ ਬੋਰਡਾਂ ਦਾ ਸਮਾਂ ਸੀ ਤੇ ਜਿਸ ਦਾ ਬੋਰਡ ਵੱਡਾ ਤੇ ਸੋਹਣਾ ਹੋਣਾ, ਆਖਣਾ ਇਹ ਕਲਾਕਾਰ ਚੋਟੀ ਦਾ ਗਾਇਕ ਹੋਊ ਤੇ ਤਦ ਇੱਕ ਸਾਧਾਰਨ ਜਿਹੇ ਮੁੰਡੇ ਸੁਖਦੇਵ ਨੇ ਗਾਇਕੀ ਵਿਚ ਪ੍ਰਵੇਸ਼ ਕੀਤਾ ਸੀ। ਜਿਗਰਾ ਦਿਖਾਇਆ ਤੇ ਕੈਸਿਟ "ਨੈਣਾਂ ਦੇ ਤੀਰ" ਨਾਲ ਲੋਕਾਂ ਨੂੰ ਦਰਸਾ ਦਿੱਤਾ ਕਿ ਸੁਖਦੇਵ ਸਿੰਘ ਵੀ ਗਾਇਕ ਬਣ ਗਿਆ ਹੈ। "ਦਿਲ ਬੋਲੇ" ਤੋਂ ਬਾਅਦ "ਦਿਲ ਵਿੱਚ ਕੀ" ਕੈਸਿਟ ਆਈ ਤਾਂ ਫਿਰ ਹੰਸ ਰਾਜ ਹੰਸ ਦਾ ਪੱਲਾ ਫੜ੍ਹ ਉਸਤਾਦੀ ਸ਼ਾਗਿਰਦੀ ਹੋਈ ਤੇ ਪੰਜਾਬੀ ਗਾਇਕੀ ਸੰਸਾਰ ਵਿਚ ਪਤਾ ਚੱਲ ਗਿਆ ਕਿ ਪੱਕੇ ਪੈਰੀਂ ਗਾਇਕ ਬਣ ਨਾਮ ਬਣਾਉਣ ਆਇਆ ਏ ਸੁਖਦੇਵ, ਜਿਸ ਨੂੰ ਸਾਹਿਲ ਨਾਮ ਮਿਲ ਗਿਆ ਸੀ। ਫਿਰ ਫਗਵਾੜੇ ਦੇ ਕਲਾਕਾਰਾਂ ਵਿਚ ਸੁਖਦੇਵ ਸਾਹਿਲ ਦਾ ਨਾਮ ਬਣ ਗਿਆ ਤੇ "ਤੇਰੇ ਦਿਲ ਵਿੱਚ ਕੀ", "ਪਿਆਰ ਦਾ ਸਰੂਰ", "ਤੇਰਾ ਹਾਲ", "ਬਾਣੀਂ", "ਇੱਕ ਜੋਤ" ਮਤਲਬ ਕਿ ਧਾਰਮਿਕ, ਸਮਾਜਿਕ ਤੇ ਰੋਮਾਂਟਿਕ ਗਾਣੇ ਆਉਂਦੇ ਰਹੇ ਤੇ ਸੁਖਦੇਵ ਸਾਹਿਲ ਦਾ ਨਾਮ ਬਣਦਾ ਗਿਆ। ਗੀਤ "ਮਾਂ" ਨੇ ਉਸ ਨੂੰ ਪਰਿਵਾਰਕ ਗਾਇਕ ਤੇ "ਕੁੜੀ ਲੱਗਦੀ ਰਬੜ ਦਾ ਬਾਵਾ" ਨੇ ਨੌਜਵਾਨੀ ਦਾ ਮਨਪਸੰਦ ਗਾਇਕ ਬਣਾ ਦਿੱਤਾ। ਸੁਖਦੇਵ ਸਾਹਿਲ ਦਾ ਨਾਮ ਬਣ ਗਿਆ, ਸ਼ੋਅ ਤੇ



ਸੁਖਦੇਵ ਸਾਹਿਲ ਆਪਣੀ ਧਰਮ ਪਤਨੀ ਨਾਲ।

ਮੇਲੇ ਮਿਲਣੇ ਸ਼ੁਰੂ ਹੋਏ ਤੇ ਫਿਰ ਮੰਢਾਲੀ ਦੇ ਮੇਲੇ ਉਸ ਦੀ ਹਾਜ਼ਰੀ ਨੇ ਉਸ ਨੂੰ ਸੰਸਾਰ ਪ੍ਰਸਿੱਧ ਗਾਇਕ ਬਣਾ ਦਿੱਤਾ। 'ਸੋਹਣਿਆ ਲਈ ਗਹਿਣੇ' ਇੱਕ ਪਾਸੇ ਰੋਮਾਂਟਿਕ ਸਾਹਿਲ ਦਾ ਰੂਪ ਦਿਖਾ ਰਿਹਾ ਗਾਣਾ ਤੇ ਦੂਜੇ ਪਾਸੇ 'ਟੱਪੇ' "ਜੀ ਕਰਦਾ ਮੇਰਾ ਨੱਚਣ ਨੂੰ" ਤੇ "ਬੋਲੀਆਂ" ਗੀਤਾਂ ਨਾਲ ਬੀਟ ਗਾਇਕੀ ਵਿਚ ਵੀ ਸਾਹਿਲ ਦੀ ਝੰਡੀ ਦਿਖਾਈ ਦਿੱਤੀ। ਸ਼ੇਖ ਫਰੀਦ ਦੇ ਸਲੋਕ, ਗੁਰੂ ਰਵਿਦਾਸ ਜੀ ਮਹਾਰਾਜ ਦੀ ਬਾਣੀ ਦੀ ਉਸਤਤਿ ਸੁਖਦੇਵ ਸਾਹਿਲ ਧਾਰਮਿਕ ਗਾਇਕੀ ਦਾ ਵੀ ਸਟਾਰ ਬਣ ਗਈ। "ਨੈਣਾਂ ਦੀ ਝੜੀ", "ਤੇਰੇ ਜਿਹੀ ਧੋਖੇਬਾਜ਼" ਵੀ ਸਾਹਿਲ ਦੇ ਗਾਏ ਗੀਤ ਹਨ। ਕਿਸਮਤ ਨੇ ਜਦ ਭਰਵਾਂ ਸਾਥ ਦੇਣਾ ਹੁੰਦਾ, ਤਦ ਸਬੱਬ ਅਚਾਨਕ ਬਣਦਾ ਤੇ ਸੁਖਦੇਵ ਸਾਹਿਲ ਯੂ.ਐੱਸ.ਏ. ਪਹੁੰਚ ਗਿਆ। ਗਾਇਕੀ ਵਿਚ ਥੋੜ੍ਹੀ ਬ੍ਰੇਕ 'ਤੇ ਪਈ ਪਰ ਘਰ, ਪਰਿਵਾਰ, ਰਿਸ਼ਤੇਦਾਰਾਂ ਨੂੰ ਸਥਾਪਿਤ ਕਰਨ, ਜਿਊਣ ਜੋਗੀ ਨਾਲ ਚਾਰ ਦਿਨ ਖੁਸ਼ਹਾਲੀ ਦੇ ਬਤੀਤ ਕਰਨ ਦਾ ਵਕਤ ਆ ਗਿਆ ਤੇ ਫਿਰ ਉਥੇ ਮਹਿਫ਼ਲਾਂ ਦੀ ਗਾਇਕੀ, ਮੇਲੇ, ਸ਼ੋਅ ਤੇ ਪੰਜਾਬ ਤੋਂ ਗਏ ਕਲਾਕਾਰਾਂ ਨਾਲ ਪ੍ਰੋਗਰਾਮ ਕਰਨ ਦੇ ਸਿਲਸਿਲੇ ਨੇ ਸੁਖਦੇਵ ਸਾਹਿਲ ਦੀ ਗਾਇਕੀ ਨੂੰ ਬੁਲੰਦ ਰੱਖਿਆ ਹੈ। ਮਹਾਨ ਸਟੇਜ ਸੰਚਾਲਿਕਾ ਆਸ਼ਾ ਸ਼ਰਮਾ ਆਖਦੀ ਹੈ ਕਿ ਸਾਹਿਲ ਹੀ ਹੈ ਸੁਰ ਦਰਿਆ ਦਾ ਕਿਨਾਰਾ ਤੇ ਇਸ ਕਿਨਾਰੇ 'ਤੇ ਆ ਕੇ ਸਕੂਨ ਮਿਲਦਾ ਹੈ। ਕਲਾਸਿਕ ਗੀਤਾਂ ਵਿਚ ਸਾਹਿਲ ਨੇ "ਰੋਜ਼ ਨਾ ਜੋਗੀ ਬਹੁੜਦੇ" ਜਿਹੇ ਗੀਤ ਗਾਏ ਹਨ, ਸੁਰ ਦਾ "ਚਰਖਾ" ਕੱਤਿਆ ਹੈ, ਪਾਕਸਤਾਨੀ ਫ਼ਨਕਾਰਾਂ ਨਾਲ ਸਟੇਜਾਂ ਕੀਤੀਆਂ ਹਨ। ਮਹਿਫ਼ਿਲਾਂ ਨੂੰ ਚਾਰ ਚੰਨ੍ਹ ਲਾਉਣ ਵਾਲੇ ਸੁਖਦੇਵ ਸਾਹਿਲ ਨੇ ਫ਼ਿਲਮਜ਼ ਲਈ ਵੀ ਗਾਇਆ ਹੈ। ਸਹੀ ਹੈ ਗਾਇਕੀ ਪੂਰ ਜ਼ੋਰ 'ਤੇ ਹੁੰਦੀ, ਜੇਕਰ ਉਹ ਭਾਰਤ ਰਹਿੰਦਾ ਪਰ ਅਮਰੀਕਾ ਜਾ ਕੇ ਸੱਤ ਨਸਲਾਂ ਦਾ ਭਵਿੱਖ ਉਸ ਸੁਰੱਖਿਅਤ ਕਰ ਲਿਆ ਹੈ। ਸਾਹਿਲ ਦਾ "ਛੱਲਾ", ਉਸ ਨੂੰ ਭਾਰਤ ਬੁਲਾਂਦਾ ਹੈ ਤੇ "ਚੂੜਾ ਪਾ ਵਿਹੜਾ ਹੁੰਝਦੀ" ਉਸ ਦੀ ਗਾਇਕੀ ਦੇ ਅਸ਼ਕੇ ਜਾਣ ਦੀ ਗੱਲ ਕਰਦਾ ਹੈ। ਕਵਾਲੀ, ਗ਼ਜ਼ਲ, ਕਲਾਸਿਕ ਰਾਗਾਂ ਤੇ ਗੀਤ, ਬੀਟ ਤੇ ਬਿਰਹਾ ਰੰਗ ਸਾਰੇ ਪਾਸੇ ਬੱਲੇ-ਬੱਲੇ ਸੁਖਦੇਵ ਸਾਹਿਲ ਦੀ ਰਹੀ ਹੈ। ਇੱਕ ਲੰਬੀ ਲਿਸਟ ਹੈ ਸੁਖਦੇਵ ਸਾਹਿਲ ਦੇ ਗਾਏ ਗੀਤਾਂ ਦੀ। ਇਹ ਕਿਹਾ ਜਾ ਸਕਦਾ ਕਿ ਸ਼ਿਵ ਨੂੰ ਉਹ ਰੂਹ ਨਾਲ ਗਾਉਂਦਾ ਏ ਤੇ ਬਾਬਾ ਬੁੱਲੇ ਸ਼ਾਹ, ਹਾਸ਼ਮ ਦੀਆਂ ਨਜ਼ਮਾਂ ਵਿਚ ਖੁੱਭਿਆ ਨਜ਼ਰ ਆਉਂਦਾ ਹੈ। ਫਗਵਾੜਾ ਲਾਗੇ ਪਿੰਡ ਮਾਧੋਪੁਰ ਦੇ ਜੰਮਪਲ ਸਾਹਿਲ ਨੇ 40 ਸਾਲ ਤੋਂ ਵਧ ਸਮਾਂ ਸੰਗੀਤ ਸੰਸਾਰ ਵਿਚ ਬਤੀਤ ਕੀਤਾ, ਨਾਮ, ਦੌਲਤ, ਸ਼ੋਹਰਤ ਕਮਾਈ ਹੈ ਪਰ ਇਹ ਅਜੇ ਵੀ ਆਖਦੇ ਨੇ ਕਿ ਕੋਸ਼ਿਸ਼ ਕਿ ਮੈਨੂੰ ਗਾਉਣਾ ਆ ਜਾਏ। ਪਿਤਾ ਇਨ੍ਹਾਂ ਦੇ ਤੂੰਬੀ ਨਾਲ ਗਾਉਂਦੇ ਸਨ ਤੇ ਗਾਇਕੀ ਵਿਰਾਸਤ ਵਿਚ ਪ੍ਰਾਪਤ ਹੋਈ। ਗੀਤ, ਗ਼ਜ਼ਲ, ਨਜ਼ਮ ਤੇ ਗਾਣਾ ਹਰ ਵੰਨਗੀ ਦਾ ਸੁਖਦੇਵ ਸਾਹਿਲ ਨੇ ਗਾਇਆ ਹੈ। ਕਿਸੇ ਮਹਿਬੂਬ ਦੇ ਸਾਹਾਂ ਜਿਹਾ ਪਿਆਰਾ ਗਾਇਕ ਸੁਖਦੇਵ ਸਾਹਿਲ ਗ਼ਜ਼ਲ ਦਾ ਮੁੱਖੜਾ ਏ, ਨਜ਼ਮ ਦੀ ਰੂਹ ਏ ਤੇ ਕਲਾਸੀਕਲ ਗਾਇਕੀ ਦਾ ਰਾਜਾ, ਲੋਕ ਗਾਇਕੀ ਦਾ ਸ਼ਹਿਨਸ਼ਾਹ ਸੁਖਦੇਵ ਸਾਹਿਲ ਇੰਜ ਹੀ ਗਾਇਕੀ ਦੀਆਂ ਤਰੰਗਾਂ ਨਾਲ ਪੰਜਾਬੀਅਤ ਨੂੰ ਨਿਹਾਰਦਾ ਰਹੇ। ਲੰਬੀਆਂ ਉਮਰਾਂ ਦਾ ਰਾਹੀ ਬਣ ਤੰਦਰੁਸਤੀ ਆਲਮ ਮਾਣੇ। ਆਮੀਨ।

# ਕਿਧਰੇ ਗਵਾਚ ਗਿਆ ਚਿੜੀਆਂ ਦਾ ਚੰਬਾ

## ਵਿਸ਼ਵ ਚਿੜੀਆਂ ਦਾ ਦਿਹਾੜਾ 'ਤੇ ਵਿਸ਼ੇਸ਼


ਸੁਨੀਲ ਕੁਮਾਰ ਗੁੰਦ
ਸੰਗਰੂਰ (ਪੰਜਾਬ), ਭਾਰਤ
+91-94184-70707
(Punjab Mail USA)

ਚਿੜੀਆਂ ਇਸ ਕੁਦਰਤ ਦੀਆਂ ਅਜਿਹੀਆਂ ਸੁੰਦਰ, ਮਨਮੋਹਕ ਅਤੇ ਨਾਯਾਬ ਜੀਵ ਹਨ, ਜਿਨ੍ਹਾਂ ਨੂੰ ਵੇਖ ਹਰ ਕੋਈ ਉਨ੍ਹਾਂ ਦੀ ਮਾਸੂਮੀਅਤ 'ਤੇ ਆਪ ਮੁਹਾਰਾ ਹੀ ਡੁੱਲ੍ਹ ਪੈਂਦਾ ਹੈ। ਆਧੁਨਿਕਤਾ ਵਿਚ ਦੌੜ ਲਗਾਉਂਦੇ ਅਜੋਕੇ ਸਮਾਜ ਤੋਂ ਪਿੱਛੇ ਵੱਲ ਨੂੰ ਝਾਤ ਮਾਰੀਏ, ਤਾਂ ਘਰਾਂ ਦੀਆਂ ਗਾਡਰ-ਬਾਲਿਆਂ ਵਾਲੀਆਂ ਛੱਤਾਂ ਦੇ ਘੋਰਨਿਆਂ ਵਿਚ ਘੋਂਸਲੇ ਬਨਾਉਣ ਵਾਲੀਆਂ ਚਿੜੀਆਂ ਅਤੇ ਉਨ੍ਹਾਂ ਦੇ ਨਿੱਕੇ-ਨਿੱਕੇ ਬੋਟਾਂ ਦੀ ਮਾਸੂਮ ਚੀਂ-ਚੀਂ ਲਗਭਗ ਹਰ ਘਰ ਦਾ ਸ਼ਿੰਗਾਰ ਬਣਿਆ ਕਰਦੀ ਸੀ। ਇਹ ਆਪਣੇ ਆਪ ਵਿਚ ਇਕ ਮਮਤਾ ਭਰਿਆ ਅਹਿਸਾਸ ਸੀ ਤੇ ਸ਼ਾਇਦ ਇਸੇ ਤੋਂ ਪ੍ਰੇਰਿਤ ਹੋ ਕੇ ਹੀ ਮਾਵਾਂ ਆਪਣੇ ਰੋਂਦੇ ਹੋਏ ਨਿੱਕੇ ਬਾਲਾਂ ਨੂੰ ਵਰਾਉਣ ਲਈ ਡੱਕੇ 'ਤੇ ਆਟੇ ਦੀਆਂ ਚਿੜੀਆਂ ਬਣਾ ਕੇ ਵਰਾਉਂਦੀਆਂ ਅਤੇ ਖਿਡਾਉਂਦੀਆਂ ਸਨ। ਮਮਤਾ ਭਰਪੂਰ ਇਸ ਅਹਿਸਾਸ ਨੂੰ ਸ਼ਿਵ ਕੁਮਾਰ ਬਟਾਲਵੀ ਵਰਗੇ ਸਦੀ ਦੇ ਮਹਾਨ ਸ਼ਾਇਰ ਨੇ ਵੀ ਆਪਣੀ ਕਵਿਤਾ ਵਿਚ ਪਿਰੋ ਕੇ, ਕੁੜੀਆਂ-ਚਿੜੀਆਂ ਦੀਆਂ ਭਾਵਨਾਵਾਂ ਦੇ ਕਾਵਿ ਰੂਪ ਨੂੰ ਨਾਮ ਦਿੱਤਾ 'ਆਟੇ ਦੀਆਂ ਚਿੜੀਆਂ'।

ਚਿੜੀਆਂ ਦੀ ਗਿਣਤੀ ਲਗਾਤਾਰ ਘੱਟਦੀ ਜਾ ਰਹੀ ਹੈ, ਜੋ ਕਿ ਕੁਦਰਤ ਦੇ ਸੰਤੁਲਨ ਵਿਚ ਵਿਗਾੜ ਦਾ ਇਕ ਸਿੱਧਾ ਇਸ਼ਾਰਾ ਹੈ। ਇਸੇ ਇਸ਼ਾਰੇ ਨੇ ਮਨੁੱਖਾਂ ਨੂੰ ਸੋਝੀ ਪਾਈ ਤੇ ਚਿੜੀਆਂ ਦੀਆਂ ਨਸਲਾਂ ਨੂੰ ਬਚਾਉਣ ਦੇ ਮੰਤਵ ਨਾਲ ਵਿਸ਼ਵ ਚਿੜੀਆਂ ਦਾ ਦਿਹਾੜਾ ਨਿਰਧਾਰਿਤ ਕੀਤਾ, ਜੋ ਕਿ ਹਰ ਵਰ੍ਹੇ 20 ਮਾਰਚ ਵਾਲੇ ਦਿਨ ਮਨਾਇਆ ਜਾਂਦਾ ਹੈ। ਇਸ ਦਿਹਾੜੇ ਦਾ ਪ੍ਰਮੁੱਖ ਮੰਤਵ ਹੈ ਲੋਕਾਂ ਨੂੰ ਚਿੜੀਆਂ ਦੀ ਲਗਾਤਾਰ ਘਟਦੀ ਜਾਂਦੀ ਗਿਣਤੀ ਬਾਰੇ ਜਾਣੂ ਕਰਵਾਉਣਾ, ਚਿੜੀਆਂ ਪ੍ਰਤੀ ਸੰਵੇਦਨਸ਼ੀਲਤਾ ਦੀ ਵਧੇਰੇ ਲੋੜ ਨੂੰ ਉਜਾਗਰ ਕਰਨਾ, ਚਿੜੀਆਂ ਲਈ ਘੋਂਸਲਿਆਂ, ਅਤੇ ਪਾਣੀ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਨੂੰ ਜੀਣ ਲਈ ਢੁੱਕਵਾਂ ਵਾਤਾਵਰਣ ਮੁਹੱਈਆ ਕਰਵਾਉਣਾ, ਤਾਂ ਜੋ ਉਨ੍ਹਾਂ ਦੀ ਹੋਂਦ ਨੂੰ ਬਰਕਰਾਰ ਰੱਖਿਆ ਜਾ ਸਕੇ।

**ਚਿੜੀਆਂ ਦੇ ਦਿਹਾੜੇ-2024 ਦਾ ਮੰਤਵ:** ਇਸ ਵਰ੍ਹੇ ਇਸ ਦਿਹਾੜੇ ਦਾ ਜੋ ਨਿਰਧਾਰਤ ਮੰਤਵ ਉਲੀਕਿਆ ਗਿਆ ਹੈ, ਉਹ ਹੈ, "ਚਿੜੀਆਂ: ਸਾਡੀਆਂ ਪਿਆਰੀਆਂ ਹਨ, ਆਓ! ਉਨ੍ਹਾਂ ਨੂੰ ਚਹਿਚਹਾਉਣ ਦਾ ਮੌਕਾ ਦਈਏ"

**ਪੱਕੇ ਘਰਾਂ ਵਿਚ ਆਲ੍ਹਣਿਆਂ ਦੀ ਮਨਾਹੀ:** ਸੋਸ਼ਲ ਮੀਡੀਆ 'ਤੇ ਇਕ ਬਹੁਤ ਵਧੀਆ ਕਹਾਵਤ ਪੜ੍ਹਨ ਨੂੰ ਮਿਲਦੀ ਹੈ ਕਿ ਜਦੋਂ ਘਰ ਕੱਚੇ ਸੀ, ਤਾਂ ਲੋਕ ਸੱਚੇ ਸੀ, ਹੁਣ ਘਰ ਪੱਕੇ ਨੇ ਤੇ ਦਿਲ ਕੱਚੇ ਨੇ। ਜਦੋਂ ਘਰਾਂ ਦੀਆਂ ਛੱਤਾਂ ਗਾਡਰ-ਬਾਲਿਆਂ ਵਾਲੀਆਂ ਹੁੰਦੀਆਂ ਸਨ, ਉਦੋਂ ਉਨ੍ਹਾਂ ਵਿਚ ਚਿੜੀਆਂ ਨੂੰ ਘਰ ਬਨਾਉਣ ਦੀ ਖੁੱਲ੍ਹ ਹੁੰਦੀ ਸੀ। ਅੱਜਕੱਲ੍ਹ ਘਰਾਂ ਦੀਆਂ ਛੱਤਾਂ ਪੱਕੀਆਂ ਨੇ, ਜਿਨ੍ਹਾਂ ਵਿਚ ਨਾ ਤਾਂ ਘੋਂਸਲੇ ਬਨਾਉਣ ਲਈ ਕੋਈ ਜਗ੍ਹਾ ਹੀ ਮਿਲਦੀ ਹੈ ਤੇ ਪੱਕੀਆਂ ਦੀਵਾਰਾਂ ਬਣਨ ਕਾਰਨ ਛੱਤਾਂ ਤੀਕ ਪੰਛੀਆਂ ਦੀ ਪਹੁੰਚ ਵੀ ਲਗਭਗ ਨਾ ਬਰਾਬਰ ਹੈ। ਰੋਸ਼ਨਦਾਨਾਂ ਅੱਗੇ ਲੋਹੇ ਦੀਆਂ ਜਾਲੀਆਂ ਲੱਗੀਆਂ ਹੋਣ ਕਾਰਨ, ਉਨ੍ਹਾਂ ਵਿਚਲੀ ਵਾਧੂ ਥਾਂ ਵੀ ਪੰਛੀਆਂ ਦੀ ਪਹੁੰਚ ਤੋਂ ਬਾਹਰ ਕਰ ਦਿੱਤੀ ਜਾਂਦੀ ਹੈ।

**ਮੋਬਾਇਲ ਟਾਵਰਾਂ ਦਾ ਪ੍ਰਕੋਪ:** ਬਦਲਦੇ ਸਮੇਂ ਨਾਲ ਟੈਲੀਵੀਜ਼ਨ ਦੇ ਟਾਵਰਾਂ ਦੀ ਥਾਂ 'ਤੇ ਹੁਣ ਉੱਚੇ-ਉੱਚੇ ਮੋਬਾਈਲ ਟਾਵਰਾਂ ਦਾ ਪ੍ਰਕੋਪੀ ਜਾਲ ਵਿਛ ਚੁੱਕਿਆ ਹੈ। ਇਨ੍ਹਾਂ ਟਾਵਰਾਂ 'ਚੋਂ ਨਿਕਲਣ ਵਾਲੀਆਂ ਇਲੈਕਟ੍ਰੋਮੈਗਨੇਟਿਕ ਤਰੰਗਾਂ, ਚਿੜੀਆਂ ਵਰਗੇ ਪੰਛੀਆਂ ਅਤੇ ਸ਼ਹਿਦ ਦੀਆਂ ਮੱਖੀਆਂ ਆਦਿ ਦੇ ਵੰਸ਼ ਵਾਧੇ ਦੀਆਂ ਸਮਰੱਥਾਵਾਂ ਉੱਤੇ ਬਹੁਤ ਮਾੜਾ ਅਸਰ ਪਾਉਂਦੀਆਂ ਹਨ। ਫੋਰ-ਜੀ, ਫਾਈਵ-ਜੀ ਦੇ ਰੂਪ ਵਿਚ ਦਿਨੋਂ-ਦਿਨ ਵਧਦੀਆਂ ਜਾ ਰਹੀਆਂ ਇਨ੍ਹਾਂ ਤਰੰਗਾਂ ਸਦਕਾ ਚਿੜੀਆਂ ਦੀ ਜਨਸੰਖਿਆ ਬੜੀ ਤੇਜ਼ੀ ਨਾਲ ਘੱਟਦੀ ਜਾ ਰਹੀ ਹੈ, ਜੋ ਕਿ ਪ੍ਰਕਿਰਤੀ ਦੇ ਕਿਰਿਆ ਚੱਕਰ 'ਚ ਮਾਰ ਕਰਨ ਵਾਲਾ ਇਕ ਅਦਿੱਖ ਪ੍ਰਕੋਪ ਹੈ।



**ਚਾਈਨਾ ਡੋਰ ਦਾ ਮਾਰੂ ਜੱਫਾ:** ਪਤੰਗ ਉਡਾਉਣਾ ਇਕ ਕਲਾ ਵੀ ਹੈ ਤੇ ਸ਼ੌਕ ਵੀ। ਪਿਛਲੇ ਸਮਿਆਂ ਵਿਚ ਪਤੰਗਾਂ ਨੂੰ ਉਡਾਉਣ ਲਈ ਜੋ ਡੋਰ ਵਰਤੀ ਜਾਂਦੀ ਸੀ, ਉਹ ਕਪਾਹ ਤੋਂ ਬਣੇ ਸੂਤ ਤੋਂ ਤਿਆਰ ਕੀਤੀ ਜਾਂਦੀ ਸੀ। ਅਜੋਕੀ ਤਸਵੀਰ ਕੁਝ ਹੋਰ ਹੀ ਹੈ। ਅਜੋਕੇ ਦੌਰ ਵਿਚ ਪਤੰਗਾਂ ਨੂੰ ਉਡਾਉਣ ਲਈ ਚਾਈਨਾ ਡੋਰ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਕਿਸੇ ਮਾਰੂ ਹਥਿਆਰ ਤੋਂ ਰਤਾ ਦਰਜ਼ਾ ਵੀ ਘੱਟ ਨਹੀਂ। ਇਹ ਹਰ ਵਰ੍ਹੇ ਅਨੇਕਾਂ ਹੀ ਮਨੁੱਖਾਂ ਨੂੰ ਘਾਇਲ ਕਰਦੀ ਹੈ ਤੇ ਕਈਆਂ ਦੀ ਜਾਨ ਤੱਕ ਲੈ ਲੈਂਦੀ ਹੈ। ਪੰਛੀ ਵੀ ਇਸਦੀ ਮਾਰ ਤੋਂ ਅਛੂਤੇ ਨਹੀਂ ਰਹਿੰਦੇ। ਬਸੰਤ ਰੁੱਤ ਦੌਰਾਨ ਚਾਈਨਾ ਡੋਰ ਵਿਚ ਉਲਝੇ-ਫੱਸੇ ਪੰਛੀ ਆਮ ਕਰਕੇ ਹੀ ਵੇਖਣ ਨੂੰ ਮਿਲ ਜਾਂਦੇ ਹਨ, ਜੋ ਆਪਣੇ ਬਚਾਅ ਲਈ ਕੀਤੀ ਜਾਣ ਵਾਲੀ ਜੱਦੋਜਹਿਦ ਦੌਰਾਨ ਪੈਰ ਜਾਂ ਖੰਭ ਜ਼ਖ਼ਮੀ ਕਰਵਾ ਬੈਠਦੇ ਹਨ। ਤੁਰਨ ਜਾਂ ਉੱਡਣ ਤੋਂ ਮੁਹਤਾਜ ਹੋਏ ਪੰਛੀ ਦੀ ਜੀਵਨ ਲੀਲਾ ਕਿੰਨੀਂ ਕੁ ਰਹਿ ਜਾਂਦੀ ਹੋਵੇਗੀ, ਇਸ ਦਾ ਅੰਦਾਜ਼ਾ ਆਪਾਂ ਸਾਰੇ ਹੀ ਬਾਖ਼ੂਬੀ ਲਗਾ ਸਕਦੇ ਹਾਂ। ਚਾਈਨਾ ਡੋਰ ਨਾਲ ਕਿਸੇ ਇਨਸਾਨ ਦਾ ਮੱਥਾ ਚੀਰਿਆ ਜਾਵੇ ਜਾਂ ਉਸਦੀ ਗਰਦਨ ਕੱਟਣ ਨਾਲ ਮੌਤ ਹੋ ਜਾਵੇ, ਤਾਂ ਇਸ ਬਾਰੇ ਮਾੜੀਆਂ ਖ਼ਬਰਾਂ ਵੇਖਣ, ਸੁਣਨ ਤੇ ਪੜ੍ਹਨ ਨੂੰ ਮਿਲ ਹੀ ਜਾਂਦੀ ਹੈ। ਪਰ ਡੋਰ ਕਾਰਨ ਮਰਨ ਵਾਲੇ ਕਿਸੇ ਪੰਛੀ ਦੀ ਤਾਂ ਛੇਤੀ ਕਿਤੇ ਕੋਈ ਖ਼ਬਰ ਵੀ ਨਹੀਂ ਛੱਪਦੀ।

**ਟੋਭਿਆਂ ਦੀ ਘਾਟ, ਪਾਣੀ ਦੀ ਕਮੀ:** ਪੁਰਾਣੇ ਸਮਿਆਂ ਵਿਚ ਹਰ ਪਿੰਡ, ਕਸਬੇ ਤੇ ਸ਼ਹਿਰ ਵਿਚ ਟੋਭੇ ਆਮ ਕਰਕੇ ਮੌਜੂਦ ਸਨ, ਜਿਨ੍ਹਾਂ 'ਚੋਂ ਪੰਛੀਆਂ ਅਤੇ ਜਾਨਵਰਾਂ ਨੂੰ ਲੋੜੀਂਦਾ ਪਾਣੀ ਆਸਾਨੀ ਨਾਲ ਮਿਲ ਜਾਂਦਾ ਸੀ। ਅਜੋਕੇ ਸਮੇਂ ਵਿਚ ਟੋਭਿਆਂ ਦੀ ਗਿਣਤੀ ਨਾਮ ਮਾਤਰ ਹੀ ਬਚੀ ਹੈ ਤੇ ਪਾਣੀ ਦੀ ਸਪਲਾਈ ਅੰਡਰਗਰਾਊਂਡ ਪਾਈਪਾਂ ਰਾਹੀਂ ਹੋਣ ਲੱਗ ਪਈ ਹੈ, ਜਿਸ ਕਾਰਨ ਪੰਛੀਆਂ ਤੇ ਜਾਨਵਰਾਂ ਨੂੰ ਲੋੜੀਂਦੀ ਮਾਤਰਾ ਵਿਚ ਪੀਣ ਵਾਲਾ ਪਾਣੀ ਨਹੀਂ ਮਿਲਦਾ। ਜੇਠ, ਹਾੜ ਦੀਆਂ ਧੁੱਪਾਂ ਦੌਰਾਨ ਤਾਂ ਕਈ ਪੰਛੀ ਤਿਰਹਾਏ ਹੀ ਮਰ ਜਾਂਦੇ ਹਨ। ਭਰ ਗਰਮੀ ਵਿਚ ਪਿਆਸ ਨਾਲ ਮਰ ਰਹੇ ਜੀਵ ਨੂੰ ਤਾਂ ਇਕ ਘੁੱਟ ਪਾਣੀ ਵੀ ਅੰਮ੍ਰਿਤ ਵਾਂਗ ਬਚਾ ਸਕਦਾ ਹੈ। ਪਰ, ਅਫਸੋਸ ਕਿ ਪ੍ਰਕਿਰਤੀ ਦਾ ਮਾਲਕ ਬਣ ਬੈਠੇ ਮਨੁੱਖ ਨੂੰ ਇਸ ਵਿਸ਼ੇ ਬਾਰੇ ਹਾਲੇ ਸ਼ਾਇਦ ਹੋਰ ਵੀ ਜ਼ਿਆਦਾ ਜਾਗਰੂਕ, ਜ਼ਿੰਮੇਦਾਰ ਅਤੇ ਸੰਜੀਦਾ ਬਣਨ ਦੀ ਲੋੜ ਹੈ।

**ਸ਼ੋਰ ਅਤੇ ਜ਼ਹਿਰੀਲੇ ਰਸਾਇਣਾਂ ਵਰਗੇ ਪ੍ਰਦੂਸ਼ਣ:** ਵਾਤਾਵਰਣ ਵਿਚ ਵਧ ਰਿਹਾ ਪ੍ਰਦੂਸ਼ਣ ਵੀ ਅਨੇਕਾਂ ਹੀ ਜਾਨਵਰਾਂ ਅਤੇ ਪੰਛੀਆਂ ਦੀਆਂ ਵਿਲੱਖਣ ਪ੍ਰਜਾਤੀਆਂ ਦੇ ਲੁਪਤ ਹੋਣ ਦਾ ਇਕ ਵੱਡਾ ਕਾਰਣ ਹੈ। ਇਸ ਵਿਚ ਹਵਾ ਦਾ ਪ੍ਰਦੂਸ਼ਣ, ਪਾਣੀ ਦਾ ਪ੍ਰਦੂਸ਼ਣ, ਯਾਤਾਯਾਤ ਦੇ ਸਾਧਨਾਂ ਦੇ 'ਮੋਡੀਫਾਈਡ' ਸਾਈਲੈਂਸਰਾਂ ਅਤੇ ਫੈਕਟਰੀਆਂ ਦੇ ਸਾਇਰਨਾਂ ਆਦਿ ਦੀਆਂ ਤੇਜ਼ ਆਵਾਜ਼ਾਂ ਦਾ ਪ੍ਰਦੂਸ਼ਣ ਪ੍ਰਮੁੱਖ ਹਨ। ਨੌਜਵਾਨ ਆਪਣੇ ਮਹਿੰਗੇ ਮੋਟਰਸਾਈਕਲਾਂ ਦੇ ਸਾਈਲੈਂਸਰਾਂ 'ਚੋਂ ਇੰਜਣ ਦੀ ਆਵਾਜ਼ ਨੂੰ ਦਬਾਉਣ ਵਾਲੀਆਂ ਜਾਲੀਆਂ ਕਢਵਾ ਦਿੰਦੇ ਹਨ। ਇੱਥੇ ਹੀ ਬਸ ਨਹੀਂ ਹੁੰਦੀ, ਤੇ ਸਾਈਲੈਂਸਰਾਂ ਵਿਚ ਪਟਾਕਿਆਂ ਵਰਗੀਆਂ ਤੇਜ਼ ਆਵਾਜ਼ਾਂ ਪੈਦਾ ਕਰਨ ਵਾਲੀਆਂ ਤਕਨੀਕਾਂ ਨੂੰ ਵੀ ਸ਼ੁਮਾਰ ਕਰਵਾ ਲੈਂਦੇ ਹਨ। ਕਹਿਣ ਤੋਂ ਭਾਵ ਇਹ ਕਿ ਆਵਾਜ਼ ਨੂੰ ਦਬਾਉਣ ਵਾਲੇ ਪੁਰਜ਼ੇ ਨੂੰ ਉੱਚੀ ਆਵਾਜ਼ ਪੈਦਾ ਕਰਨ ਵਾਲਾ ਯੰਤਰ ਬਣਾ ਦਿੱਤਾ ਜਾਂਦਾ ਹੈ। ਇਨ੍ਹਾਂ ਵਿਚੋਂ ਨਿਕਲਣ ਵਾਲੀਆਂ ਦਿਲ ਕੰਬਾਊ ਆਵਾਜ਼ਾਂ ਬਹੁਤੀ ਵਾਰ, ਆਰਾਮ ਕਰ ਰਹੇ ਪੰਛੀਆਂ ਨੂੰ ਨ੍ਹੇਰੇ ਵਿਚ ਵੀ ਉੱਡਣ ਲਈ ਮਜਬੂਰ ਕਰ ਦਿੰਦੀਆਂ ਹਨ, ਜੋ ਉਨ੍ਹਾਂ ਦੀ ਮੌਤ ਦਾ ਕਾਰਣ ਵੀ ਬਣ ਜਾਂਦੀਆਂ ਹਨ। ਘੋਂਸਲਿਆਂ ਵਿਚ ਮਾਂ-ਬਾਪ ਦੀ ਗ਼ੈਰਹਾਜ਼ਰੀ ਦੌਰਾਨ ਬੈਠੇ ਉਡੀਕਵਾਨ, ਮਾਸੂਮ ਬੋਟ ਤਾਂ ਅਜਿਹੀਆਂ ਆਵਾਜ਼ਾਂ ਨੂੰ ਸਹਾਰ ਹੀ ਨਹੀਂ ਸਕਦੇ ਤੇ ਥਾਈਂ ਦਮ ਤੋੜ ਜਾਂਦੇ ਹਨ। ਕਹਿਣ ਤੋਂ ਭਾਵ ਇਹ ਕਿ ਚਿੜੀਆਂ ਅਤੇ ਹੋਰਨਾਂ ਪੰਛੀਆਂ ਦੇ ਵੰਸ਼ ਦੇ ਵਾਧੇ ਤੇ ਮਨੁੱਖਾਂ ਦਾ ਕਾਤਿਲਾਨਾ ਹਮਲਾ ਇਸ ਨਵੇਂ ਰੂਪ ਵਿਚ ਹੋਣਾ ਬਦਸਤੂਰ ਜਾਰੀ ਹੈ।

**ਮਨੁੱਖੀ ਯੋਗਦਾਨ ਹੋ ਸਕਦਾ ਹੈ ਕਾਰਗਰ:** ਚਿੜੀਆਂ ਦੀ ਆਬਾਦੀ ਦੇ ਲਗਾਤਾਰ ਅਤੇ ਤੇਜ਼ੀ ਨਾਲ ਘਟਣ ਦਾ ਮੁੱਖ ਕਾਰਨ ਇਨਸਾਨੀ ਕਿਰਿਆਵਾਂ ਹੀ ਹਨ। ਸੋ, ਇਸ ਸਮੱਸਿਆ ਦਾ ਹੱਲ ਵੀ ਮਨੁੱਖ ਦੀਆਂ ਸੁਚਾਰੂ ਕਿਰਿਆਵਾਂ ਸਦਕਾ ਹੀ ਹੋ ਸਕਦਾ ਹੈ। ਮਨੁੱਖਾਂ ਨੂੰ ਸਮਾਜ ਵਿਚ ਇਸ ਵਿਸ਼ੇ ਦੀ ਜਾਗਰੂਕਤਾ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ ਜਾਵੇ, ਤਾਂ ਜੋ ਹਰ ਕੋਈ ਇਸ ਸਮੱਸਿਆ ਤੋਂ ਜਾਣੂ ਹੋ ਸਕੇ ਅਤੇ ਇਸ ਵਿਸ਼ੇ ਬਾਰੇ ਸੰਜੀਦਾ ਹੋ ਕੇ ਆਪਣੀ ਬਣਦੀ ਜ਼ਿੰਮੇਦਾਰੀ ਨਿਭਾਵੇ। ਘਰਾਂ ਦੀਆਂ ਛੱਤਾਂ ਵਿਚ ਪੰਛੀਆਂ ਨੂੰ ਘੋਂਸਲੇ ਬਨਾਉਣ ਲਈ ਜੇਕਰ ਥਾਂ ਮੁਹੱਈਆ ਨਹੀਂ ਕਰਵਾ ਸਕਦੇ, ਤਾਂ ਘਰਾਂ ਦੇ ਬਾਹਰ, ਮਨੁੱਖਾਂ ਅਤੇ ਜਾਨਵਰਾਂ ਦੀ ਪਹੁੰਚ ਤੋਂ ਦੂਰ, ਉੱਚੀ ਜਗ੍ਹਾ ਤੇ ਆਲ੍ਹਣੇ ਲਟਕਾਏ ਜਾਣ, ਤਾਂ ਜੋ ਪੰਛੀਆਂ ਨੂੰ ਵਸੋਂ ਲਈ ਲੋੜੀਂਦਾ ਜਗ੍ਹਾਂ ਅਤੇ ਸੁਰੱਖਿਅਤ ਮਾਹੌਲ ਮਿਲ ਸਕੇ। ਮੋਬਾਈਲ ਟਾਵਰਾਂ ਵਰਗੀਆਂ ਤਕਨੀਕਾਂ ਵਿਚ ਲੋੜੀਂਦਾ ਸੁਧਾਰ ਕੀਤਾ ਜਾਵੇ ਤਾਂ ਜੋ ਇਲੈਕਟ੍ਰੋਮੈਗਨੈਟਿਕ ਤਰੰਗਾਂ ਪੰਛੀਆਂ ਦੀਆਂ ਨਸਲਾਂ ਨੂੰ ਬਰਬਾਦ ਨਾ ਕਰ ਸਕਣ। ਚਾਈਨਾ ਡੋਰ ਦੀ ਵਿਕਰੀ ਅਤੇ ਵਰਤੋਂ 'ਤੇ ਰੋਕ ਤਾਂ ਲਗਾਈ ਗਈ ਹੈ ਪਰ ਫੇਰ ਵੀ ਇਸਦਾ ਇਸਤੇਮਾਲ ਬਦਸਤੂਰ ਜਾਰੀ ਹੈ। ਇਸ ਸਬੰਧੀ ਕਾਨੂੰਨ ਨੂੰ ਕਰੜਾਈ ਨਾਲ ਲਾਗੂ ਕਰਨ ਦੀ ਲੋੜ ਹੈ। ਘਰਾਂ ਦੀਆਂ ਛੱਤਾਂ ਉਪਰ ਮਿੱਟੀ ਦੇ ਬਣੇ ਚਪਟੇ ਭਾਡਿਆਂ ਵਿਚ ਨਿਯਮਿਤ ਤੌਰ 'ਤੇ, ਖ਼ਾਸ ਤੌਰ 'ਤੇ ਗਰਮੀਆਂ ਦੀ ਰੁੱਤੇ, ਪੰਛੀਆਂ ਦੇ ਪੀਣ ਅਤੇ ਨਹਾਉਣ ਲਈ ਪਾਣੀ ਭਰ ਕੇ ਰੱਖਿਆ ਜਾਣਾ ਸਾਡੀ ਰੋਜ਼ਾਨਾ ਜੀਵਨ ਸ਼ੈਲੀ ਦਾ ਇਕ ਅਨਿੱਖੜਵਾਂ ਹਿੱਸਾ ਹੋਣਾ ਚਾਹੀਦਾ ਹੈ। ਆਪੋ ਆਪਣੇ ਮੋਟਰ ਸਾਈਕਲ ਦੇ ਸਾਈਲੈਂਸਰ ਨੂੰ ਸਾਈਲੈਂਸਰ ਹੀ ਰਹਿਣ ਦਿੱਤਾ ਜਾਵੇ, ਨਾ ਕਿ ਇਸਨੂੰ ਤਬਦੀਲ ਕਰਵਾ ਕੇ ਬੰਦੂਕ ਵਰਗੀ ਦਿਲ ਕੰਬਾਊ ਆਵਾਜ਼ ਪੈਦਾ ਕਰਨ ਵਾਲੀ ਮਸ਼ੀਨ ਬਣਾ ਦਿੱਤਾ ਜਾਵੇ।

ਯਾਦ ਰਹੇ! ਪ੍ਰਕਿਰਤੀ ਦਾ ਆਪਣਾ ਇਕ ਸੰਤੁਲਨ ਚੱਕਰ ਸੀ ਤੇ ਮਨੁੱਖ ਨੇ ਲੋੜ ਨਾਲੋਂ ਵੱਧ ਦਖ਼ਲ ਸਦਕਾ ਇਸ ਵਿਚ ਬੇਲੋੜੇ ਬਦਲਾਅ ਪੈਦਾ ਕਰਕੇ ਇਸ ਨੂੰ ਅਸੰਤੁਲਿਤ ਕਰ ਛੱਡਿਆ ਹੈ। ਇਸ ਮਨੁੱਖੀ ਦਖ਼ਲ ਦਾ ਮਾੜਾ ਅਸਰ ਚਿੜੀਆਂ ਵਰਗੇ ਪੰਛੀਆਂ ਦੀ ਆਬਾਦੀ ਦੇ ਲਗਾਤਾਰ ਘਟਣ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ। ਸਮੇਂ ਦੀ ਨਬਜ਼ ਨੂੰ ਪਛਾਣਦਿਆਂ ਹੋਇਆਂ ਵਧੇਰੇ ਜਾਗਰੂਕ ਅਤੇ ਜ਼ਿੰਮੇਦਾਰ ਬਣਨਾ ਲਾਜ਼ਮੀ ਹੈ। ਜੇਕਰ ਅਸੀਂ ਹਾਲੇ ਵੀ ਨਾ ਸਮਝੇ, ਤਾਂ ਜਿਵੇਂ ਅੱਜ ਚਿੜੀਆਂ ਦਾ ਚੰਬਾ ਕਿਧਰੇ ਗਵਾਚ ਗਿਆ ਹੈ, ਉਸੇ ਤਰ੍ਹਾਂ ਆਉਣ ਵਾਲੇ ਕੱਲ੍ਹ, ਹੋ ਸਕਦਾ ਹੈ ਕਿ ਮਨੁੱਖੀ-ਪ੍ਰਧਾਨ ਅਜੋਕੀ ਦੁਨਿਆਂ ਵੀ ਮਨੁੱਖਾਂ ਵੱਲੋਂ ਹੀ ਅਸੰਤੁਲਿਤ ਕੀਤੀ ਗਈ ਇਸ ਮਾਡਰਨ ਤਕਨੀਕਾਂ ਵਾਲੀ ਮਾਰੂ ਮੁਹਤਾਜਗੀ ਦੀ ਬਲੀ ਹੀ ਨਾ ਚੜ੍ਹ ਜਾਵੇ।

## ਵੱਡੇ ਭਾਜੀ ਹੋਰਾਂ ਦੇ ਧਿਆਨ ਹਿੱਤ

# ਕਿੱਸੇ ਡੈਸਕ ਦੇ


ਅਮਰਬੀਰ ਸਿੰਘ ਚੀਮਾ
ਸਰਹਿੰਦ ਸ਼ਹਿਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
(Punjab Mail USA)

ਜਲੰਧਰ ਤੋਂ ਛੱਪਦੇ ਅਜੀਤ ਅਖਬਾਰ ਦੇ ਡੈਸਕ 'ਤੇ ਉਪ-ਸੰਪਾਦਕ ਵਜੋਂ ਵਿਚਰਦਿਆਂ ਕੁਝ ਪਲ, ਕੁਝ ਯਾਦਾਂ ਅਜਿਹੀਆਂ ਹੋ ਨਿੱਬੜੀਆਂ, ਜੋ ਸ਼ਾਇਦ ਸਦੀਵ ਚੇਤਿਆਂ 'ਚ ਵੱਸੀਆਂ ਰਹਿਣ। ਇੱਕ ਵਾਰ ਇੱਕ ਨਾਲ ਦੇ ਉਪ-ਸੰਪਾਦਕ ਦੀ ਭੈਣ ਦਾ ਵਿਆਹ ਸੀ, ਸੋ ਨਿਊਜ਼ ਐਡੀਟਰ ਅਵਤਾਰ ਸਿੰਘ ਸ਼ੇਰਗਿੱਲ ਸਮੇਤ ਉਪ ਸੰਪਾਦਕਾਂ ਦਾ ਅੱਧਾ ਕੁ ਅਮਲਾ 2 ਕੁ ਘੰਟੇ ਦੀ ਡਰਾਈਵ 'ਤੇ ਵਿਆਹ ਸਮਾਗਮ 'ਚ ਗਏ ਸੀ। ਖਾਂਦੇ-ਪੀਂਦੇ ਤੇ ਨੱਚਦੇ-ਟੱਪਦਿਆਂ ਵਾਪਸੀ 'ਤੇ ਲੇਟ ਹੋਣਾ ਸੁਭਾਵਿਕ ਹੀ ਸੀ। ਪਰ ਅਖਬਾਰ ਦੇ ਡੈਸਕ 'ਤੇ ਇੱਕ-ਇੱਕ ਮਿੰਟ ਵੀ ਕੀਮਤੀ ਹੁੰਦੈ। ਵਿਆਹ ਗਏ ਕਈ ਅਡੀਟਰਾਂ 'ਚੋਂ ਕਈਆਂ ਨੇ ਆਪਣੀਆਂ ਡਿਊਟੀਆਂ ਦੂਜੇ ਅਡੀਟਰਾਂ ਨਾਲ ਐਕਸਚੇਂਜ ਵੀ ਕਰਵਾ ਰੱਖੀਆਂ ਸਨ। ਸ਼ਾਮ ਨੂੰ ਗੱਡੀਆਂ ਭਜਾਉਣ ਦੇ ਬਾਵਜੂਦ ਵੀ ਘੰਟਾ-ਅੱਧਾ ਘੰਟਾ ਲੇਟ ਦਫਤਰ ਪਹੁੰਚੇ। ਕਹਿਣ ਤੋਂ ਭਾਵ ਆਉਂਦਿਆਂ ਨੂੰ ਬਹੁਤ ਸਾਰੀਆਂ ਖ਼ਬਰਾਂ ਇਕੱਠੀਆਂ ਹੋਈਆਂ ਪਈਆਂ ਸਨ। ਸੋ ਅਸੀਂ ਸਾਰੇ ਕਾਹਲੀ-ਕਾਹਲੀ ਆਪਣੇ-ਆਪਣੇ ਅਡੀਸ਼ਨ ਦੀਆਂ ਖਬਰਾਂ ਦੀ ਸੰਪਾਦਨਾ (ਅਡੀਟਿੰਗ) ਕਰਨ ਲੱਗੇ।

ਉਸ ਦਿਨ ਉੱਥੇ ਹਿੰਦੀ ਵਾਲੇ ਪਾਸੇ ਗਾਇਕ ਤੇ ਅਦਾਕਾਰ ਐਮੀ ਵਿਰਕ ਆਪਣੀ ਕਿਸੇ ਫਿਲਮ ਦੀ ਪ੍ਰਮੋਸ਼ਨ ਲਈ ਆਪਣੀ ਟੀਮ ਸਮੇਤ ਆਇਆ ਹੋਇਆ ਸੀ। ਇੱਥੇ ਅਕਸਰ ਸਾਰੇ ਕਲਾਕਾਰ ਆਪਣੀ ਫਿਲਮ ਦੀ ਪ੍ਰਮੋਸ਼ਨ ਕਰਨ ਲਈ ਅਕਸਰ ਆਉਂਦੇ-ਜਾਂਦੇ ਰਹਿੰਦੇ ਹਨ। ਮੇਰੇ ਨਾਲ ਦੇ ਡੈਸਕ 'ਤੇ ਬੈਠਾ ਸਾਥੀ ਮੈਨੂੰ ਕਹਿਣ ਲੱਗਾ ਕਿ ਉਧਰ ਐਮੀ ਵਿਰਕ ਆਇਆ ਹੋਇਐ, ਤੂੰ ਵੀ ਜਾ ਆ। ਮੈਂ ਉਸ ਨੂੰ ਕਿਹਾ ਕਿ ਮੈਂ ਕੀ ਕਰਨਾ ਉਥੇ ਜਾ ਕੇ, ਨਾਲੇ ਕੰਮ ਪਹਿਲਾਂ ਹੀ ਪੈਂਡਿੰਗ ਚੱਲ ਰਿਹਾ ਅੱਜ ਲੇਟ ਹੋਣ ਕਰਕੇ। ਉਹ ਕਹਿੰਦਾ ਤੂੰ ਗਾਇਕਾਂ ਨਾਲ ਫੋਟੋਆਂ ਖਿਚਾ ਕੇ ਸਟੇਟਸ ਵਗੈਰਾ ਪਾਏ ਹੁੰਦੇ ਨੇ, ਤਾਂ ਕਰਕੇ ਕਹਿਣਾ ਮੈਂ। ਮੈਂ ਉਸ ਨੂੰ ਕਿਹਾ ਕਿ ਜਿਨ੍ਹਾਂ ਨਾਲ ਮੈਂ ਸਟੇਟਸ ਪਾਏ ਹੁੰਦੇ ਨੇ, ਜਿਹੜੇ ਵੀ ਗਾਇਕ ਜਾਂ ਕਲਾਕਾਰ ਨਾਲ, ਜਿੰਨਾ ਕੁ ਮੈਂ ਉਨ੍ਹਾਂ ਨੂੰ ਜਾਣਦਾਂ, ਉਨ੍ਹਾਂ ਕੁ ਉਹ ਵੀ ਮੈਨੂੰ ਜਾਣਦੇ ਹੁੰਦੇ ਨੇ ਕਿ ਅਸੀਂ ਫਲਾਣੇ ਬੰਦੇ ਨਾਲ ਫੋਟੋ ਖਿਚਾ ਰਹੇ ਹਾਂ। ਇਸ ਦੌਰਾਨ ਅਸੀਂ ਨਾਲ-ਨਾਲ ਖ਼ਬਰਾਂ ਪੜ੍ਹਦੇ ਰਹੇ। ਉਸ ਤੋਂ ਵੀ ਅਗਲੇ ਡੈਸਕ 'ਤੇ ਬੈਠਾ ਇਕ ਹੋਰ ਸਾਥੀ ਅਡੀਟਰ ਸਾਡੀ ਵਾਰਤਲਾਪ ਸੁਣ ਰਿਹਾ ਸੀ। ਉਹ ਜਾਂ ਤਾਂ ਐਮੀ ਵਿਰਕ ਦਾ ਫੈਨ ਹੋਣਾ ਜਾਂ ਉਸ ਨੂੰ ਕਲਾਕਾਰਾਂ ਨਾਲ ਫੋਟੋ ਕਰਾਉਣ ਦਾ ਸ਼ੌਕ ਹੋਣਾ, ਉਹ ਫਟਾਫਟ ਉੱਠਕੇ ਹਿੰਦੀ ਵਾਲੇ ਪਾਸੇ ਨੂੰ ਚਲਾ ਗਿਆ। ਅੱਧੇ ਪੌਣੇ ਘੰਟੇ ਬਾਅਦ ਵਾਪਸ ਆ ਕੇ ਆਪਣੀ ਸੀਟ 'ਤੇ ਬੈਠਿਆ ਹੀ ਸੀ ਕਿ ਉਸਨੂੰ ਵੱਡੇ ਭਾਜੀ ਡਾ. ਬਰਜਿੰਦਰ ਸਿੰਘ ਹਮਦਰਦ (ਮੁੱਖ ਸੰਪਾਦਕ, ਅਦਾਰਾ ਅਜੀਤ) ਹੋਰਾਂ ਨੇ ਆਪਣੇ ਦਫਤਰ ਬੁਲਾ ਲਿਆ। ਦਰਅਸਲ ਭਾਜੀ ਹੋਰਾਂ ਨੇ ਉਸ ਨੂੰ ਡਿਊਟੀ ਸਮੇਂ ਉਧਰ ਘੁੰਮਦੇ ਨੂੰ ਕੈਮਰੇ 'ਚ ਦੇਖ ਲਿਆ ਹੋਣਾ, ਉਸ ਨੂੰ ਥੋੜ੍ਹਾ ਬਹੁਤਾ ਸਮਝਾ ਕੇ ਵਾਪਸ ਭੇਜ ਦਿੱਤਾ। ਭਾਜੀ ਹੋਰੀਂ ਅਕਸਰ ਕਹਿੰਦੇ ਹੁੰਦੇ ਕਿ ਇਨ੍ਹਾਂ ਪਿੱਛੇ ਸਾਰੇ ਲੋਕੀਂ ਭੱਜੇ ਫਿਰਦੇ ਹਨ ਤੇ ਇਹ ਇੱਥੇ ਆ ਕੇ ਸਾਡੇ ਕੋਲੋਂ ਸਮਾਂ ਲੈਂਦੇ ਹਨ, ਇਸ ਲਈ ਤੁਸੀਂ ਇਨ੍ਹਾਂ ਪਿੱਛੇ ਕਿਉਂ ਭੱਜੇ ਫਿਰਦੇ ਓ, ਮੈਂ ਤੁਹਾਨੂੰ ਅਜਿਹੀ ਜ਼ਿੰਮੇਵਾਰੀ ਵਾਲੀ ਕੁਰਸੀ ਉੱਤੇ ਬਿਠਾਇਆ ਹੋਇਆ, ਜਿੱਥੇ ਇਹ ਆਪ ਆ ਕੇ ਤੁਹਾਨੂੰ ਮਿਲਣਗੇ। ਇਸ ਲਈ ਆਪਣੀ ਕੁਰਸੀ ਦੀ ਵੈਲਿਊ ਸਮਝੋ। ਉਸ ਦਿਨ ਡਿਊਟੀ ਉਪਰੰਤ ਮੈਂ ਦੇਰ ਰਾਤ ਤੱਕ ਸੋਚਦਾ ਰਿਹਾ ਕਿ ਸੱਚੀਂ, ਕਿੱਡੀ ਵੱਡੀ ਗੱਲ ਕਹਿ ਗਏ ਸਨ ਭਾਜੀ।

ਅਜੀਤ ਜੁਆਇਨ ਕਰਨ ਤੋਂ ਪਹਿਲਾਂ ਫਤਹਿਗੜ੍ਹ ਸਾਹਿਬ ਵਿਖੇ ਮੇਰੀ ਦੁਕਾਨ 'ਤੇ ਅਖ਼ਬਾਰ ਦਾ ਇੱਕ ਪੱਤਰਕਾਰ ਮੈਨੂੰ ਕਾਫੀ ਸਾਰਾ ਪੰਜਾਬੀ ਦਾ ਮੈਟਰ ਟਾਈਪ ਕਰਨਾ ਦੇ ਗਿਆ। ਉਦੋਂ ਮੈਂ ਅਨਮੋਲ ਜਾਂ ਅਮਰ ਲਿਪੀ 'ਚ ਟਾਈਪ ਕਰਦਾ ਹੁੰਦਾ ਸੀ। ਸਤਲੁਜ ਫੌਂਟ ਤਾਂ ਮੈਂ ਅਜੀਤ ਅਦਾਰਾ ਜੁਆਇਨ ਕਰਨ ਉਪਰੰਤ ਹੀ ਨਾਲ ਦੇ ਅਡੀਟਰ ਸਾਥੀਆਂ ਕੋਲੋਂ ਸਿੱਖਿਆ ਸੀ। ਦੋ ਕੁ ਦਿਨਾਂ 'ਚ ਸਾਰਾ ਟਾਈਪ ਹੋ ਗਿਆ ਤੇ ਉਸ ਨੂੰ ਫੋਨ ਕਰ ਦਿੱਤਾ ਕਿ ਆਪਣੇ ਪ੍ਰਿੰਟ ਲੈ ਜਾਵੇ ਪਰ ਉਹ ਪੱਤਰਕਾਰ ਵੀਰ ਆਪਣਾ ਮੈਟਰ ਲੈਣ ਆਇਆ ਨਾ। ਉਸ ਤੋਂ ਦੋ-ਤਿੰਨ ਦਿਨਾਂ ਬਾਅਦ ਹੀ ਅਚਨਚੇਤ ਮੈਨੂੰ ਅਦਾਰੇ ਨੇ ਜਲੰਧਰ ਸੱਦ ਲਿਆ, ਜਿਥੇ ਮੈਂ ਅਦਾਰੇ 'ਚ ਬਤੌਰ ਸਬ ਅਡੀਟਰ ਜੁਆਇੰਨ ਕਰ ਲਿਆ। ਹਫ਼ਤੇ ਕੁ ਬਾਅਦ ਇੱਕ ਦਿਨ ਮੈਂ ਡੈਸਕ (ਡਿਊਟੀ) 'ਤੇ ਬੈਠਾ ਸੀ। ਉਸ ਸੱਜਣ ਦਾ ਫੋਨ ਆਇਆ, ਥੋੜ੍ਹਾ ਗੁੱਸੇ ਜਿਹੇ 'ਚ ਔਖਾ ਜਾ ਹੋ ਕੇ ਕਹਿੰਦਾ ਕਿ ਕਿੰਨੇ ਦਿਨ ਹੋ ਗਏ ਤੁਹਾਨੂੰ ਕੰਮ ਦਿੱਤਾ ਸੀ, ਉਹ ਕਰਿਆ ਹੀ ਨਹੀਂ, ਉੱਤੋਂ ਦੁਕਾਨ ਵੀ ਬੰਦ ਹੈ, ਏਦਾਂ ਥੋੜ੍ਹਾ ਹੁੰਦਾ ਯਾਰ। ਮੈਂ ਉਸ ਨੂੰ ਸਮਝਾਵਾਂ ਕਿ ਭਰਾਵਾ ਮੈਂ ਤੈਨੂੰ ਫੋਨ ਵੀ ਕੀਤਾ ਸੀ, ਚੱਲੋ ਕੋਈ ਨੀਂ ਹੁਣ ਮੈਂ 2-3 ਦਿਨਾਂ ਬਾਅਦ ਆਵਾਂਗਾ ਸਰਹਿੰਦ। ਪਰ ਉਹ ਅੱਗੋਂ ਕਹਿੰਦਾ ਜੇ ਕੰਮ ਕਰਨਾ ਨਹੀਂ ਸੀ ਤਾਂ ਫੜਿਆ ਕਿਉਂ ਸੀ...ਬਲਾ-ਬਲਾ ਕਹਿ ਕੇ ਫੋਨ ਕੱਟ ਦਿੱਤਾ। ਭਾਵ ਤੁਸੀਂ ਤੋਂ ਤੂੰ 'ਤੇ ਹੀ ਆ ਗਿਆ। ਮੈਂ ਦਫਤਰ ਦੇ ਲੈਂਡਲਾਈਨ ਤੋਂ ਉਸਨੂੰ ਫੋਨ ਕੀਤਾ। ਅੱਗੋਂ ਜੋ ਬੋਲਿਆ, ਹੂਬਹ ਸ਼ਬਦ ਹਨ-ਸਰ, ਸਤਿ ਸ੍ਰੀ ਅਕਾਲ ਸਰ। ਮੈਂ ਕਿਹਾ ਚੀਮਾ ਬੋਲਦਾਂ ਡੈਸਕ ਤੋਂ। ਉਸ ਨੂੰ ਸਮਝ ਹੀ ਨਾ ਆਵੇ, ਝੁੰਜਲਾਹਟ ਜਿਹੀ 'ਚ ਕਦੇ ਬਾਈ ਜੀ, ਚੀਮਾ ਸਾਹਿਬ, ਸਰ, ਹਾਂਜੀ ਤੁਸੀਂ ਇੱਥੇ ਕਿੱਦਾਂ ਜੀ, ਦੱਸੋ ਜੀ। ਮੈਂ ਉਸ ਨੂੰ ਸਾਰੀ ਗੱਲ ਦੱਸੀ ਕਿ ਵੀਰ, ਮੈਂ ਇੱਥੇ ਜੁਆਇਨ ਕਰ ਲਿਆ ਹੈ, ਤਾਂ ਹੀ ਦੁਕਾਨ ਬੰਦ ਹੈ, ਤੂੰ ਚਿੰਤਾ ਨਾ ਕਰ, ਦੋ ਕੁ ਦਿਨਾਂ ਤੱਕ ਮੇਰੀ ਛੁੱਟੀ (ਵੀਕਲੀ) ਵਾਲੇ ਦਿਨ ਮੈਂ ਆ ਕੇ ਤੇਰੇ ਪ੍ਰਿੰਟ ਦੇ ਦੇਵਾਂਗਾ। ਉਸ ਨੂੰ ਫੇਰ ਵੀ ਯਕੀਨ ਨਾ ਆਵੇ, ਵਾਰ-ਵਾਰ ਪੁੱਛੀ ਜਾਵੇ ਸਰ ਸੱਚੀ ਤੁਸੀਂ ਇੱਥੇ ਜੀ, ਉਹ ਕਿੱਦਾਂ ਜੀ, ਕਦੋਂ ਜੀ ਸੱਚ ਦੱਸੋ ਜੀ। ਇਸ ਤੋਂ ਕਰੀਬ ਸਾਲ ਡੇਢ ਸਾਲ ਬਾਅਦ ਉੱਪਰਲੇ ਕਿੱਸੇ ਵਾਲੀ ਘਟਨਾ ਮੌਕੇ ਮੈਨੂੰ ਭਾਅ ਜੀ ਦੀ ਕਹੀ ਗੱਲ ਸੋਲਾਂ ਆਨੇ ਸੱਚੀ ਜਾਪੀ ਕਿ ਆਪਣੀ ਕੁਰਸੀ ਦੀ ਵੈਲਿਊ ਨੂੰ ਸਮਝੋ।

ਇੱਕ ਵਾਰੀ ਭਾਜੀ ਖੁਸ਼ੀ ਦੇ ਰੌਂਅ 'ਚ ਵਹਿੰਦੇ ਹੋਏ ਕਹਿੰਦੇ ਕਿ ਜਦੋਂ ਵੀ ਕੋਈ ਵਧੀਆ ਫਿਲਮ ਆਉਂਦੀ ਹੈ, ਸਾਰੇ ਸਾਥੀ ਮੈਨੂੰ ਦੱਸ ਦਿਆ ਕਰੋ, ਮੈਂ ਉਹ ਫਿਲਮ ਦਿਖਾਉਣ ਦਾ ਇੰਤਜਾਮ ਕਰਵਾ ਦੇਵਾਂਗਾ। ਇਸੇ ਤਰ੍ਹਾਂ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲਣ 'ਤੇ ਉਨ੍ਹਾਂ ਨੇ ਅਡੀਟਰਾਂ ਦੀ ਸਾਰੀ ਟੀਮ ਨੂੰ ਉਥੇ ਭੇਜਿਆ। ਦਰਅਸਲ ਵੱਡੇ ਭਾਜੀ ਦੀ ਸ਼ਖਸੀਅਤ 'ਚ ਕਮਾਲ ਦੀ ਨਜ਼ਾਕਤ ਹੈ। ਉਥੇ ਉਨ੍ਹਾਂ ਦੀ ਰਹਿਨੁਮਾਈ ਹੇਠ ਜ਼ਿੰਦਗੀ 'ਚ ਬਹੁਤ ਕੁਝ ਸਿੱਖਣ ਨੂੰ ਮਿਲਿਆ। ਮਹਿਫਲਾਂ ਵਾਂਗ ਚੱਲਦੇ ਇਸ ਦੌਰ ਦੌਰਾਨ ਅਚਾਨਕ ਕਰੋਨਾ ਨੇ ਦਸਤਕ ਦੇ ਦਿੱਤੀ, ਜਿਸ ਕਾਰਨ ਉਹ ਸਫ਼ਰ ਛੱਡਣਾ ਪਿਆ। ਭਾਜੀ ਹੋਰਾਂ ਦੀ ਲਿਖਣਸ਼ੈਲੀ 'ਚੋਂ ਨਿੱਕਲੇ ਹਰਫ਼ ਨਿੱਤ ਦਿਨ ਨਵੇਂ ਦਿਸਹੱਦੇ ਸਿਰਜਦੇ ਹਨ। ਜਦੋਂ ਕਦੇ ਸਕੂਨ ਦੇ ਪਲਾਂ 'ਚ ਆਪਾਝਾਤ ਮਾਰੀਦੀ ਹੈ, ਤਾਂ ਪਲਕ ਝਪਕਦਿਆਂ ਹੀ ਮਨ ਉਥੇ ਬਿਤਾਏ ਦਿਨਾਂ 'ਚ ਜਾ ਪਹੁੰਚਦਾ ਹੈ। ਨਿਰਸੰਦੇਹ, ਜ਼ਿੰਦਗੀ ਚੱਲਦੇ ਰਹਿਣ ਦਾ ਨਾਂ ਹੈ ਪਰ ਇੱਕ ਵੱਡੇ ਅਖਬਾਰ ਦੇ ਡੈਸਕ ਦੀ ਅਡੀਟਰੀ ਛੱਡਣ ਦਾ ਮਲਾਲ ਵੀ ਹੈ।

# ਅਮਰ ਸ਼ਹੀਦਾਂ ਦੇ ਨਿੱਜੀ ਜੀਵਨ



**ਪ੍ਰੋਫ਼ੈਸਰ ਬਸੰਤ ਸਿੰਘ ਬਰਾੜ**
305, ਮਾਡਲ ਟਾਊਨ, ਫੇਜ਼-1 ਬਠਿੰਡਾ
ਫੋਨ: 988149-41214
(Punjab Mail USA)



23 ਮਾਰਚ, 1931 ਨੂੰ ਫ਼ਾਂਸੀ ਲੱਗਣ ਤੋਂ ਬਾਅਦ, ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ। ਫ਼ਿਲਮਾਂ ਵੀ ਬਣੀਆਂ ਹਨ। ਉਹ ਸਭ ਕੁਝ ਦੁਹਰਾਉਣ ਦੀ ਲੋੜ ਨਹੀਂ। ਹਾਂ, ਭਗਤ ਸਿੰਘ ਬਾਰੇ ਖਾਸ ਤੌਰ 'ਤੇ ਪਾਕਿਸਤਾਨ ਵਿਚ ਕਾਫ਼ੀ ਕੁਝ ਨਵਾਂ ਕੀਤਾ ਜਾ ਰਿਹਾ ਹੈ। ਫਾਂਸੀ ਦੇਣ ਵਾਲੀ ਥਾਂ ਦਾ ਨਾਂ ਸ਼ਾਦਮਾਨ ਚੌਕ ਤੋਂ ਸ਼ਹੀਦਾਂ ਦੇ ਨਾਂ 'ਤੇ ਰੱਖਣ ਦੀ ਕੋਸ਼ਿਸ਼, ਭਗਤ ਸਿੰਘ ਦੇ ਪਿੰਡ ਦਾ ਨਾਂ ਬਦਲਣਾ, ਉਸ ਦੀ ਪਰਿਵਾਰਿਕ ਹਵੇਲੀ ਨੂੰ ਅਜਾਇਬ ਘਰ ਬਣਾ ਕੇ ਪਰਿਵਾਰਕ ਪੁਰਾਣੀਆਂ ਚੀਜ਼ਾਂ ਸੰਭਾਲਣਾ, 1932 ਤੋਂ 1947 ਤੱਕ ਹਰ ਸਾਲ ਲੱਗਣ ਵਾਲਾ ਮੇਲਾ ਫਿਰ ਸ਼ੁਰੂ ਕਰਨਾ, ਲਾਹੌਰ ਦੇ ਵਕੀਲਾਂ ਦਾ ਸ਼ਹੀਦਾਂ ਨੂੰ ਹੋਈ ਫਾਂਸੀ ਨੂੰ ਗਲਤ ਸਿੱਧ ਕਰਨ ਦੀ ਸਿਰਤੋੜ ਕੋਸ਼ਿਸ਼ ਕਰਨਾ ਆਦਿ ਪ੍ਰਗਟ ਕਰਦਾ ਹੈ ਕਿ ਪਾਕਿਸਤਾਨ ਦੇ ਸੂਝਵਾਨ ਲੋਕ ਵੀ ਹੁਣ ਇਨ੍ਹਾਂ ਨੂੰ ਆਪਣੇ ਸ਼ਹੀਦ ਮੰਨਣ ਲੱਗ ਪਏ ਹਨ।

ਇਨ੍ਹਾਂ ਮਹਾਨ ਸ਼ਹੀਦਾਂ ਦੇ ਵਿਚਾਰਾਂ ਅਤੇ ਨਿੱਜੀ ਜੀਵਨ ਬਾਰੇ ਬਹੁਤ ਘੱਟ ਲੋਕਾਂ ਨੂੰ ਪਤਾ ਹੈ। ਅਧਿਕਤਰ ਲੋਕ ਇਨ੍ਹਾਂ ਨੂੰ ਸਿਰਫ਼ ਆਜ਼ਾਦੀ ਦੇ ਪਰਵਾਨੇ ਸਮਝਦੇ ਹਨ, ਪਰ ਉਹ ਸਿਰਫ਼ ਅੰਗਰੇਜਾਂ ਨੂੰ ਕੱਢ ਦੇਣਾ ਹੀ ਕਾਫ਼ੀ ਨਹੀਂ ਸਮਝਦੇ ਸਨ। ਉਹ ਪੱਕੇ ਸਮਾਜਵਾਦੀ ਸਨ ਅਤੇ ਗਰੀਬ ਲੋਕਾਂ ਦੀ ਲੁੱਟ-ਖਸੁੱਟ ਖ਼ਤਮ ਕਰਨਾ ਉਨ੍ਹਾਂ ਦਾ ਮੁੱਖ ਮਕਸਦ ਸੀ। ਆਜ਼ਾਦੀ ਮਿਲਣ ਤੋਂ ਬਾਅਦ ਬਣਨ ਵਾਲੀ ਸਰਕਾਰ ਦੇ ਆਰਥਿਕ ਅਤੇ ਰਾਜਨੀਤਿਕ ਰੂਪ ਬਾਰੇ ਉਨ੍ਹਾਂ ਦੇ ਵਿਚਾਰ ਸਪੱਸ਼ਟ ਸਨ। ਭਗਤ ਸਿੰਘ ਦੀਆਂ ਕਿਤਾਬਾਂ 'ਜੇਲ੍ਹ ਨੋਟਬੁੱਕ' ਅਤੇ 'ਮੈਂ ਨਾਸਤਿਕ ਕਿਉਂ ਹਾਂ' ਤੋਂ ਇਹ ਸਪੱਸ਼ਟ ਹੋ ਜਾਂਦੇ ਹਨ। ਭਗਤ ਸਿੰਘ ਨੇ ਆਪਣੇ ਵਿਚਾਰ ਚਾਰ ਲੇਖਾਂ ਵਿਚ ਵਿਸਤਾਰ ਨਾਲ ਲਿਖ ਕੇ ਫਾਂਸੀ ਲੱਗਣ ਤੋਂ ਪਹਿਲਾਂ ਆਪਣੇ ਵਕੀਲ ਪ੍ਰਾਣ ਨਾਥ ਮਹਿਤਾ ਨੂੰ ਦੇ ਦਿੱਤੇ ਸਨ। ਉਸ ਨੇ ਉਹ ਬਿਜੋਏ ਕੁਮਾਰ ਸਿਨਹਾ ਨੂੰ ਅਤੇ ਉਸ ਨੇ ਅੱਗੇ ਜਲੰਧਰ ਦੇ ਇਕ ਦੋਸਤ ਨੂੰ ਸੰਭਲਾ ਦਿੱਤੇ। ਉਸ ਦੇ ਘਰ ਨੂੰ ਪੁਲਿਸ ਦੁਆਰਾ ਲਾਈ ਅੱਗ ਵਿਚ ਉਹ ਬਹੁਮੁੱਲੇ ਲੇਖ ਜਲ ਗਏ। ਨਹੀਂ ਤਾਂ ਭਗਤ ਸਿੰਘ ਦੀ ਵਿਚਾਰਧਾਰਾ ਹੋਰ ਵੀ ਸਪੱਸ਼ਟ ਹੋ ਜਾਣੀ ਸੀ।

ਦੂਜੇ, ਉਹ ਇਹ ਵਿਸ਼ਵਾਸ ਨਹੀਂ ਰੱਖਦੇ ਸਨ ਕਿ ਇੱਕਾ-ਦੁੱਕਾ ਆਦਮੀਆਂ ਨੂੰ ਮਾਰਨ ਨਾਲ ਆਜ਼ਾਦੀ ਅਤੇ ਇਨਕਲਾਬ ਆ ਸਕਦਾ ਹੈ। ਉਹ ਚੰਗੇ ਸੰਗਠਨ ਅਤੇ ਪ੍ਰਚਾਰ ਰਾਹੀਂ ਸਾਰੀ ਕੌਮ ਨੂੰ ਨਾਲ ਲੈ ਕੇ ਚੱਲਣ ਦੇ ਹਾਮੀ ਸਨ। ਸਾਂਡਰਸ ਦਾ ਕਤਲ ਅਤੇ ਕੁਝ ਹੋਰ ਅਜਿਹੇ ਕੰਮ ਦੇਸ਼ ਦੀ ਇੱਜ਼ਤ ਬਚਾਉਣ ਲਈ ਕਰਨੇ ਪਏ ਸਨ। ਬਿਨਾਂ ਲੋੜ ਤੋਂ ਉਹ ਖ਼ੂਨ ਦੀ ਇਕ ਬੂੰਦ ਵੀ ਨਹੀਂ ਵਹਾਉਣਾ ਚਾਹੁੰਦੇ ਸਨ। ਕ੍ਰਾਂਤੀਕਾਰੀ ਸ਼ਿਵ ਵਰਮਾ ਨੇ ਲਿਖਿਆ ਹੈ ਕਿ ਸਾਂਡਰਸ ਨੂੰ ਮਾਰ ਕੇ ਮਨੁੱਖੀ ਪੱਧਰ 'ਤੇ ਭਗਤ ਸਿੰਘ ਜ਼ਰਾ ਉਦਾਸ ਜਿਹਾ ਹੋ ਗਿਆ ਸੀ।

**ਭਗਤ ਸਿੰਘ:** ਇਹ ਮਹਾਨ ਕ੍ਰਾਂਤੀਕਾਰੀ ਭਾਵੇਂ ਸਾਢੇ ਕੁ 23 ਸਾਲ ਦੀ ਉਮਰ ਵਿਚ ਸ਼ਹੀਦੀ ਪਾ ਗਿਆ ਪ੍ਰੰਤੂ ਉਸ ਦੇ ਵਿਚਾਰ ਹੈਰਾਨੀਜਨਕ ਹੱਦ ਤੱਕ ਸਪੱਸ਼ਟ ਅਤੇ ਉੱਚੇ ਸਨ। ਉਸ ਨੂੰ ਕਿਤਾਬਾਂ ਪੜ੍ਹਨ ਦਾ ਬੇਹੱਦ ਸ਼ੌਂਕ ਸੀ। ਕਾਰਲ ਮਾਰਕਸ ਦਾ ਉਸ ਨੇ ਬਹੁਤ ਗਹੁ ਨਾਲ ਅਧਿਐਨ ਕੀਤਾ ਹੋਇਆ ਸੀ। ਇਸ ਤੋਂ ਇਲਾਵਾ ਵਿਕਟਰ ਹਿਊਗੋ, ਟਾਲਸਟਾਏ, ਦੋਸਤੋਵਿਸਕੀ, ਗੋਰਕੀ, ਬਰਨਾਰਡ ਸ਼ਾਅ, ਡਿਕਨਜ਼, ਅਪਟਨ ਸਿਨਕਲੇਅਰ ਆਦਿ ਉਸ ਦੇ ਮਨਪਸੰਦ ਲੇਖਕ ਸਨ। ਦੋ ਚਾਰ ਕਿਤਾਬਾਂ ਹਮੇਸ਼ਾ ਉਸ ਦੇ ਕੋਲ ਹੁੰਦੀਆਂ ਸਨ। ਫ਼ਾਂਸੀ ਲੱਗਣ ਲਈ ਤੁਰਨ ਵੇਲੇ ਵੀ ਉਹ ਲੈਨਿਨ ਦੀ ਕਿਤਾਬ ਪੜ੍ਹ ਰਿਹਾ ਸੀ। ਇਕ ਵਾਰ ਘਰ ਵਾਲਿਆਂ ਦੇ ਉਸ ਉੱਤੇ ਸ਼ਾਦੀ ਕਰਵਾਉਣ ਲਈ ਜ਼ੋਰ ਪਾਉਣ 'ਤੇ ਉਹ ਘਰ ਛੱਡ ਕੇ ਚਲਾ ਗਿਆ। ਪਹਿਲਾਂ ਦਿੱਲੀ ਅਤੇ ਫਿਰ ਕਾਨ੍ਹਪੁਰ ਚਲਾ ਗਿਆ। ਉੱਥੇ ਜਾ ਕੇ ਕ੍ਰਾਂਤੀਕਾਰੀ ਗਣੇਸ਼ ਸ਼ੰਕਰ ਵਿਦਿਆਰਥੀ ਦੇ ਪਰਚੇ 'ਪ੍ਰਤਾਪ' ਵਿਚ 'ਬਲਵੰਤ' ਨਾਂ ਹੇਠ ਲੇਖ ਲਿਖਦਾ ਰਿਹਾ। ਇਕ ਸਕੂਲ ਵਿਚ ਪੜ੍ਹਾਉਂਦਾ ਵੀ ਰਿਹਾ। ਬਹੁਤ ਮੁਸੀਬਤਾਂ ਝੱਲੀਆਂ। ਕੱਪੜੇ ਪਾਟ ਗਏ। ਸਿਰ 'ਤੇ ਪਗੜੀ ਦੀ ਥਾਂ 'ਤੇ ਛੋਟਾ ਜਿਹਾ ਪਟਕਾ ਅਤੇ ਤੇੜ ਘਸੀ ਹੋਈ ਧੋਤੀ ਰਹਿ ਗਈ। ਬੰਦ ਗਲੇ ਦੇ ਖੱਦਰ ਦੇ ਕੋਟ ਦੀਆਂ ਬਾਹਾਂ ਪਾਟ ਗਈਆਂ। ਉਸ ਨੇ ਪਜਾਮਾ ਪਾੜ ਕੇ ਬਾਹਾਂ ਦੀ ਥਾਂ ਲਾ ਲਿਆ। ਕੋਟ ਹੇਠਾਂ ਕਮੀਜ਼ ਨਹੀਂ ਰਹੀ ਸੀ। ਇਹ ਅਤਿਕਥਨੀ ਜਾਪਦੀ ਹੈ ਪਰ ਇਸ ਦਾ ਲਿਖਤੀ ਸਬੂਤ ਹੈ। ਇਸ ਹਾਲਤ ਵਿਚ ਵੀ ਉਸ ਕੋਲ ਕੋਈ ਕਿਤਾਬ ਜ਼ਰੂਰ ਹੁੰਦੀ ਸੀ। ਉਸ ਨੂੰ ਸੰਗੀਤ ਦਾ ਵੀ ਬਹੁਤ ਸ਼ੌਂਕ ਸੀ।

ਭਗਤ ਸਿੰਘ ਜ਼ੁਬਾਨ ਅਤੇ ਕਲਮ ਦੋਹਾਂ ਦਾ ਧਨੀ ਸੀ। ਉਹ ਪੰਜਾਬੀ, ਅੰਗਰੇਜ਼ੀ, ਉਰਦੂ ਅਤੇ ਹਿੰਦੀ ਵਿਚ ਨਿਪੁੰਨ ਸੀ। ਭਾਸ਼ਣ ਜਾਂ ਬਿਆਨ ਦੇਣ ਵੇਲੇ ਉਹ ਸ਼ੇਰ ਵਾਂਗ ਗਜਦਾ ਅਤੇ ਉਸ ਦਾ ਇਕ-ਇਕ ਸ਼ਬਦ ਮੋਤੀਆਂ ਵਾਂਗ ਜੜਿਆ ਹੁੰਦਾ। ਉਹ ਕਈ ਰਸਾਲਿਆਂ ਵਿਚ ਲੇਖ ਵੀ ਲਿਖਦਾ ਰਿਹਾ।

ਉਸ ਦਾ ਕੱਦ ਲੰਬਾ, ਰੰਗ ਗੋਰਾ ਅਤੇ ਸਿਹਤ ਬਹੁਤ ਸੋਹਣੀ ਸੀ। ਉਸ ਦੀਆਂ ਅੱਖਾਂ ਜ਼ਰਾ ਛੋਟੀਆਂ ਸਨ। ਕਾਲਜ ਵੇਲੇ ਇਕ ਦੋਸਤ ਮਖੌਲ ਕਰਦਾ ਹੁੰਦਾ ਸੀ ਕਿ ਭਗਤ ਸਿੰਘ ਦੀਆਂ ਅੱਖਾਂ ਇੰਜ ਹਨ ਜਿਵੇਂ ਲੱਡੂ ਵਿਚ ਬਦਾਮ ਦੀਆਂ ਗਿਰੀਆਂ ਦੱਬੀਆਂ ਹੋਣ। ਪਰ ਉਨ੍ਹਾਂ ਅੱਖਾਂ ਵਿਚ ਅਜਿਹਾ ਤੇਜ਼ ਸੀ, ਜੋ ਚੀਰ ਕੇ ਸਾਹਮਣੇ ਵਾਲੇ ਦੇ ਵਿਚੋਂ ਲੰਘ ਜਾਂਦਾ ਸੀ।

ਜੇਲ੍ਹ ਵਿਚ ਪੁਲਿਸ ਅਤੇ ਇਨ੍ਹਾਂ ਕ੍ਰਾਂਤੀਕਾਰੀਆਂ ਵਿਚਕਾਰ ਟੱਕਰ ਹੁੰਦੀ ਹੀ ਰਹਿੰਦੀ ਸੀ। ਇਸ ਮਾਰ-ਕੁਟਾਈ ਵਿਚ ਜਿੱਥੋਂ ਤੱਕ ਹੋ ਸਕਦਾ ਭਗਤ ਸਿੰਘ ਆਪ ਹੀ ਮੂਹਰੇ ਰਹਿੰਦਾ। ਜੇਲ੍ਹ ਵਿਚ ਕੀਤੀ ਲੰਬੀ ਭੁੱਖ-ਹੜਤਾਲ ਅਤੇ ਪੁਲਿਸ ਦੇ ਤਸੀਹਿਆਂ ਕਰਕੇ ਉਹ ਸੁੱਕ ਕੇ ਕੰਡਾ ਹੋ ਗਿਆ ਸੀ। ਅਦਾਲਤ ਵਿਚ ਪੇਸ਼ੀ ਵੇਲੇ ਉਸ ਨੂੰ ਸਟਰੈਚਰ 'ਤੇ ਪਾ ਕੇ ਚੁੱਕ ਕੇ ਲਿਆਉਂਦੇ ਸਨ। ਬੇਹੱਦ ਕਮਜ਼ੋਰੀ ਦੇ ਬਾਵਜੂਦ ਉਹ ਬਹਿਸਾਂ ਵਿਚ ਸਰਗਰਮ ਹਿੱਸਾ ਲੈਂਦਾ ਰਿਹਾ। ਬਹਿਸ ਕਰਨ ਲੱਗਿਆਂ ਉਹ ਕਦੇ ਤੈਸ਼ ਵਿਚ ਨਹੀਂ ਆਉਂਦਾ ਸੀ।

ਫਾਂਸੀ 'ਤੇ ਚੜ੍ਹਨ ਤੋਂ ਪਹਿਲਾਂ ਉਸ ਦੇ ਇਕ ਅੰਗਰੇਜ਼ ਮੈਜਿਸਟ੍ਰੇਟ ਨੂੰ ਕਹੇ ਇਹ ਸ਼ਬਦ ਉਸ ਦੀ ਸ਼ਖਸੀਅਤ ਪ੍ਰਗਟ ਕਰਦੇ ਹਨ: "ਮੈਜਿਸਟ੍ਰੇਟ ਸਾਹਿਬ, ਤੁਸੀਂ ਵਾਕਿਆ ਹੀ ਖੁਸ਼ਕਿਸਮਤ ਹੋ ਕਿ ਤੁਹਾਨੂੰ ਇਹ ਵੇਖਣ ਦਾ ਮੌਕਾ ਮਿਲ ਰਿਹਾ ਹੈ ਕਿ ਇਕ ਹਿੰਦੁਸਤਾਨੀ ਕ੍ਰਾਂਤੀਕਾਰੀ ਆਪਣੇ ਮਹਾਨ ਆਦਰਸ਼ ਲਈ ਕਿਸ ਤਰ੍ਹਾਂ ਹਸਦੇ-ਹਸਦੇ ਮੌਤ ਨੂੰ ਜੱਫੀ ਪਾਉਂਦਾ ਹੈ। ਫਾਂਸੀ ਦੇ ਤਖਤੇ ਤੋਂ ਇਨ੍ਹਾਂ ਸ਼ਹੀਦਾਂ ਨੇ ਇੰਨੀ ਉੱਚੀ ਆਵਾਜ਼ ਵਿਚ "ਇਨਕਲਾਬ ਜ਼ਿੰਦਾਬਾਦ" ਦਾ ਨਾਹਰਾ ਲਾਇਆ ਸੀ ਕਿ ਉਹ ਨੇੜੇ ਦੇ ਰਿਹਾਇਸ਼ੀ ਇਲਾਕਿਆਂ ਵਿਚ ਸਾਫ਼ ਸੁਣਾਈ ਦੇ ਗਿਆ ਸੀ।

ਭਗਤ ਸਿੰਘ ਅਕਸਰ ਗਾਉਂਦਾ ਹੁੰਦਾ ਸੀ: "ਉਹ ਸੂਰਤਾਂ ਇਲਾਹੀ ਕਿਸ ਦੇਸ ਵਸਦੀਆਂ ਨੇ/ ਜਿਨ੍ਹਾਂ ਨੂੰ ਵੇਖਣ ਵਾਸਤੇ ਅੱਖੀਆਂ ਤਰਸਦੀਆਂ ਨੇ।" ਦਰਅਸਲ ਉਹ ਖ਼ੁਦ ਹੀ ਇਲਾਹੀ ਸੂਰਤਾਂ ਸਨ।

**ਰਾਜਗੁਰੂ:** ਰਾਜਗੁਰੂ ਮਰਹੱਟਾ ਸੀ। ਸਾਧਾਰਣ ਡੀਲ-ਡੌਲ, ਪੱਕਾ ਰੰਗ, ਲੰਮਾ ਚਿਹਰਾ, ਪਿਚਕੀਆਂ ਗੱਲ੍ਹਾਂ ਅਤੇ ਚਿਹਰੇ 'ਤੇ ਉਭਰੀਆਂ ਹੱਡੀਆਂ। ਕੁਝ ਦੇਰ ਉਹ ਬਨਾਰਸ ਦੇ ਇਕ ਸਕੂਲ ਵਿਚ ਡਰਿੱਲ ਮਾਸਟਰ ਵੀ ਰਿਹਾ ਸੀ।

ਰਾਜਗੁਰੂ ਸੌਣ ਵਿਚ ਮਸ਼ਹੂਰ ਸੀ। ਮੌਕਾ ਮਿਲਦੇ ਹੀ ਸੌਂ ਜਾਂਦਾ। ਇਕ ਵਾਰ ਭਗਤ ਸਿੰਘ, ਰਾਜਗੁਰੂ ਅਤੇ ਸ਼ਿਵ ਵਰਮਾ ਗੋਰਖ਼ਪੁਰ ਵਿਖੇ ਇਕ ਛੋਟੇ ਜਿਹੇ ਕਮਰੇ ਵਿਚ ਰਹਿੰਦੇ ਸਨ। ਨਾਲ ਹੀ ਇਕ ਛੋਟੀ ਜਿਹੀ ਬੰਦ ਕੋਠੜੀ ਸੀ। ਇਕ ਰਾਤ ਇਕ ਕਾਲ਼ਾ ਨਾਗ ਰਾਜਗੁਰੂ ਦੇ ਸਿਰ ਕੋਲ ਫਣ ਚੁੱਕੀ ਖੜ੍ਹਾ ਸੀ। ਟਾਰਚ ਦੇ ਚਾਨਣ ਅਤੇ ਖੜਕੇ ਨਾਲ ਸੱਪ ਭੱਜ ਗਿਆ। ਭਗਤ ਸਿੰਘ ਨੇ ਰਾਜਗੁਰੂ ਨੂੰ ਲੱਤਾਂ ਤੋਂ ਫੜ ਕੇ ਸੱਪ ਤੋਂ ਦੂਰ ਖਿੱਚ ਲਿਆ ਸੀ। ਉਸ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ। "ਤੰਗ ਨਾ ਕਰੋ, ਯਾਰ।" ਕਹਿ ਕੇ ਰਾਜਗੁਰੂ ਫਿਰ ਸੌਂ ਗਿਆ।

ਇਕ ਵਾਰ ਗੋਰਖ਼ਪੁਰ ਤੋਂ ਬਨਾਰਸ ਜਾਣਾ ਸੀ। ਗੱਡੀ ਆਉਣ ਦੇ ਵਕਤ ਤੋਂ ਕੁਝ ਦੇਰ ਪਹਿਲਾਂ ਪੁਲ਼ ਕੋਲ ਇਕੱਠੇ ਹੋਣਾ ਸੀ। ਭਗਤ ਸਿੰਘ ਅਤੇ ਸ਼ਿਵ ਵਰਮਾ ਪਹੁੰਚ ਗਏ ਪਰ ਰਾਜਗੁਰੂ ਨਾ ਆਇਆ। ਉਡੀਕਣ ਤੋਂ ਬਾਅਦ ਉਹ ਗੱਡੀ ਚੜ੍ਹ ਕੇ ਚਲੇ ਗਏ। ਅਗਲੇ ਦਿਨ ਉਹ ਬਨਾਰਸ ਪਹੁੰਚ ਗਿਆ। ਉਸ ਨੇ ਦੱਸਿਆ ਕਿ ਉਹ ਇਕ ਘੰਟਾ ਪਹਿਲਾਂ ਹੀ ਪਹੁੰਚ ਗਿਆ ਸੀ। ਪੁਲ਼ ਕੋਲ਼ ਮੰਗਤਿਆਂ ਵਿਚਕਾਰ ਚਾਦਰ ਲੈ ਕੇ ਪੈ ਗਿਆ ਸੀ। ਨੀਂਦ ਆ ਗਈ ਅਤੇ ਗੱਡੀ ਲੰਘ ਗਈ।

ਰਾਜਗੁਰੂ ਚਰਿੱਤਰ ਦਾ ਬਹੁਤ ਉੱਚਾ ਸੀ। ਇਕ ਵਾਰ ਉਹ ਅਤੇ ਸ਼ਿਵ ਵਰਮਾ ਦਿੱਲੀ ਦੀ ਕਿਸੇ ਧਰਮਸ਼ਾਲਾ ਵਿਚ ਠਹਿਰੇ ਹੋਏ ਸਨ। ਸ਼ਿਵ ਰਾਤ ਨੂੰ ਦੇਰ ਨਾਲ ਵਾਪਸ ਆਇਆ, ਤਾਂ ਰਾਜਗੁਰੂ ਸਾਮਾਨ ਸਹਿਤ ਬਾਹਰ ਖੜ੍ਹਾ ਸਰਦੀ ਨਾਲ ਕੰਬ ਰਿਹਾ ਸੀ। ਰੇਲਵੇ ਦੇ ਮੁਸਾਫ਼ਰਖਾਨੇ ਵਿਚ ਰਾਤ ਕੱਟੀ। ਉਸ ਨੇ ਦੱਸਿਆ ਕਿ ਪਹਿਲਾਂ ਦੋ ਜਣੇ ਉਸ ਨੂੰ 'ਕੋਈ ਸੇਵਾ' ਪੁੱਛਣ ਆਏ ਸਨ। ਉਹ ਉਨ੍ਹਾਂ ਦਾ ਇਸ਼ਾਰਾ ਨਾ ਸਮਝਿਆ। ਪਤਾ ਤਦ ਲੱਗਿਆ ਜਦ ਤਿੰਨ ਲੜਕੀਆਂ ਆ ਪਹੁੰਚੀਆਂ। ਉਹ ਸਾਮਾਨ ਚੁੱਕ ਕੇ ਬਾਹਰ ਭੱਜ ਗਿਆ।

ਉਹ ਬਹੁਤ ਮਖੌਲੀਏ ਸੁਭਾਅ ਦਾ ਸੀ। ਸਾਰਿਆਂ ਦਾ ਜੀਅ ਲਾਈ ਰੱਖਦਾ। ਇਕ ਦਿਨ ਭਗਤ ਸਿੰਘ ਨਾਲ ਗੱਡੀ ਵਿਚ ਜਾ ਰਿਹਾ ਸੀ। ਇਕ ਆਦਮੀ ਇਧਰ ਉਧਰ ਦੀਆਂ ਗੱਲਾਂ ਮਾਰ ਕੇ ਕੰਨ ਖਾ ਰਿਹਾ ਸੀ। ਉਹ ਕਹਿ ਰਿਹਾ ਸੀ: "ਸਭ ਭਗਵਾਨ ਦੇ ਬੱਚੇ ਹਨ। ਹਰ ਆਦਮੀ ਮੇਰਾ ਭਾਈ ਅਤੇ ਹਰ ਔਰਤ ਮੇਰੀ ਭੈਣ ਹੈ।" "ਭਾਬੀ ਜੀ ਵੀ?" ਰਾਜਗੁਰੂ ਨੇ ਪੁੱਛਿਆ। "ਨਹੀਂ, ਮੇਰਾ ਮਤਲਬ ਹੈ ਸਾਨੂੰ ਸਭ ਨੂੰ ਭਗਵਾਨ ਨੇ ਬਣਾਇਆ ਹੈ।" ਉਹ ਬੋਲਿਆ। ਰਾਜਗੁਰੂ ਨੇ ਜਵਾਬ ਦਿੱਤਾ, "ਮੈਂ ਨਹੀਂ ਮੰਨਦਾ। ਘੱਟੋ-ਘੱਟ ਮੈਨੂੰ ਅਤੇ ਤੈਨੂੰ ਭਗਵਾਨ ਨੇ ਨਹੀਂ ਬਣਾਇਆ।" ਭਗਤ ਸਿੰਘ ਵੱਲ ਇਸ਼ਾਰਾ ਕਰਕੇ ਬੋਲਿਆ, "ਭਗਵਾਨ ਨੇ ਇਸ ਨੂੰ ਬਣਾਇਆ ਹੈ। ਅੱਛਾ ਮੈਟੀਰੀਅਲ, ਵਧੀਆ ਪਾਲਿਸ਼, ਵਧੀਆ ਫ਼ਿਨਿਸ਼। ਕੰਮਬਖ਼ਤ ਨੂੰ ਲੜਕੀਆਂ ਦੀਆਂ ਨਜ਼ਰਾਂ ਤੋਂ ਬਚਾਉਣ ਲਈ ਜਾਨ ਆਫ਼ਤ 'ਚ ਹੈ। ਮੇਰੀ ਅਤੇ ਤੇਰੀ ਇਮਾਰਤ ਤਾਂ ਠੇਕੇ 'ਤੇ ਬਣੀ ਹੈ, ਭਾਈ ਸਾਹਿਬ। ਵੇਖ ਨਾ, ਮੈਟੀਰੀਅਲ ਬਚਾਉਣ ਵਾਸਤੇ ਕੰਮਬਖ਼ਤ ਨੇ ਤੇਰੇ ਸਿਰ 'ਤੇ ਸੂਰ ਦੇ ਵਾਲ ਘਸੋ ਦਿੱਤੇ।" ਲਾਲ-ਪੀਲ਼ਾ ਹੋ ਕੇ ਉਹ ਆਦਮੀ ਸੀਟ ਛੱਡ ਕੇ ਚਲਾ ਗਿਆ।

ਉੱਚੇ-ਸੁੱਚੇ ਚਰਿੱਤਰ ਦੇ ਬਾਵਜੂਦ ਉਹ ਸੁੰਦਰਤਾ ਦਾ ਉਪਾਸ਼ਕ ਸੀ। ਇਕ ਵਾਰ ਉਸ ਨੇ ਇਕ ਸੁੰਦਰ ਕੁੜੀ ਦੀ ਤਸਵੀਰ ਵਾਲਾ ਕੈਲੰਡਰ ਕਮਰੇ ਵਿਚ ਟੰਗ ਲਿਆ। ਚੰਦਰ ਸ਼ੇਖਰ ਆਜ਼ਾਦ ਬਹੁਤ ਗੁੱਸੇ ਹੋਇਆ ਅਤੇ ਤਸਵੀਰ ਪਾੜ ਕੇ ਬਾਹਰ ਸੁੱਟ ਦਿੱਤੀ। ਉਨ੍ਹਾਂ ਦੀ ਕਾਫੀ ਬਹਿਸ ਹੋਈ। ਆਖ਼ਿਰ ਆਜ਼ਾਦ ਨੂੰ ਮੰਨਣਾ ਪਿਆ ਕਿ ਜਿਸ ਸਮਾਜ ਦੀ ਉਹ ਸਿਰਜਣਾ ਕਰਨਾ ਚਾਹੁੰਦੇ ਸਨ, ਉਸ ਵਿਚ ਸੁੰਦਰਤਾ ਦੀ ਬਹੁਤ ਉੱਚੀ ਥਾਂ ਹੋਵੇਗੀ। ਉਹ ਫ਼ਿਲਹਾਲ ਅਜਿਹੀਆਂ ਤਸਵੀਰਾਂ ਇਸ ਲਈ ਮਨ੍ਹਾਂ ਕਰਦਾ ਸੀ ਕਿ ਕੋਈ ਗੁਮਰਾਹ ਨਾ ਹੋ ਜਾਵੇ।

ਰਾਜਗੁਰੂ ਕੁਝ ਭੋਲ਼ਾ ਸੀ। ਸਫ਼ਰ ਕਰਨ ਵੇਲੇ ਸਾਰੇ ਕ੍ਰਾਂਤੀਕਾਰੀ ਕੋਈ ਸ਼ੱਕ ਪਾਉਣ ਵਾਲੀ ਗੱਲ ਨਹੀਂ ਕਰਦੇ ਸਨ। ਇਕ ਵਾਰ ਚੰਦਰਸ਼ੇਖਰ ਆਜ਼ਾਦ, ਰਾਜਗੁਰੂ ਅਤੇ ਭਗਵਾਨ ਦਾਸ ਗੱਡੀ 'ਤੇ ਝਾਂਸੀ ਜਾ ਰਹੇ ਸਨ। ਜਦੋਂ ਗੱਡੀ ਬੁੰਦੇਲਖੰਡ ਦੇ ਇਲਾਕੇ ਵਿਚ ਪਹੁੰਚੀ ਤਾਂ ਰਾਜਗੁਰੂ ਬੋਲਿਆ, "ਵੇਖੋ ਪੰਡਿਤ ਜੀ, ਇਹ ਥਾਂ ਗੁਰਿੱਲਾ ਲੜਾਈ ਲਈ ਕਿੰਨਾ ਵਧੀਆ ਹੈ। ਸ਼ਿਵਾ ਜੀ ਨੇ ਜਿਸ ਇਲਾਕੇ ਨੂੰ ਗੁਰਿੱਲਾ ਲੜਾਈ ਲਈ ਚੁਣਿਆ ਸੀ, ਉਹ ਲਗਭਗ ਏਹੋ ਜਿਹਾ ਹੀ ਸੀ।" ਆਜ਼ਾਦ ਗੁੱਸੇ ਵਿਚ ਆ ਕੇ ਕੁਝ ਸਖ਼ਤ ਸ਼ਬਦ ਬੋਲ ਗਿਆ। ਰਾਜਗੁਰੂ ਚੁੱਪ ਹੋ ਗਿਆ। ਝਾਂਸੀ ਜਾ ਕੇ ਆਜ਼ਾਦ ਬੋਲਿਆ, "ਅੱਜ ਤੂੰ ਮੈਥੋਂ ਸ਼ਿਵਾ ਜੀ ਨੂੰ ਵੀ ਬੁਰਾ ਭਲਾ ਕਹਾ ਦਿੱਤਾ।" ਰਾਜਗੁਰੂ ਆਪਣੀ ਗ਼ਲਤੀ ਸਮਝ ਗਿਆ ਸੀ।

ਭਗਤ ਸਿੰਘ ਅਤੇ ਰਾਜਗੁਰੂ ਦੀ ਜਾਣੋ ਸ਼ਰਤ ਹੀ ਲੱਗੀ ਹੋਈ ਸੀ ਕਿ ਕੌਣ ਪਹਿਲਾਂ ਸ਼ਹੀਦ ਹੁੰਦਾ ਹੈ। ਅਸੈਂਬਲੀ ਹਾਲ ਵਿਚ ਬੰਬ ਸੁੱਟਣ ਲਈ ਉਹ ਬਟੁਕੇਸ਼ਵਰ ਦੱਤ ਦੀ ਥਾਂ ਜਾਣ 'ਤੇ ਬਹੁਤ ਜ਼ੋਰ ਦਿੰਦਾ ਰਿਹਾ। ਭੁੱਖ ਹੜਤਾਲ ਵੇਲੇ ਇਕ ਵਾਰ ਡਾਕਟਰ ਤੋਂ ਨਾਲੀ ਨਾਲ ਰਾਜਗੁਰੂ ਦੇ ਫ਼ੇਫੜਿਆਂ ਵਿਚ ਦੁੱਧ ਪੈ ਗਿਆ। ਉਹ ਮਰਦਾ-ਮਰਦਾ ਬਚਿਆ। ਭਗਤ ਸਿੰਘ ਬੋਲਿਆ, "ਅੱਗੇ ਭੱਜਣਾ ਚਾਹੁੰਦਾ ਹੈਂ, ਬੱਚੂ?" ਰਾਜਗੁਰੂ ਨੇ ਜਵਾਬ ਦਿੱਤਾ, "ਮੈਂ ਤਾਂ ਚਾਹੁੰਦਾ ਸਾਂ ਕਿ ਪਹਿਲਾਂ ਜਾ ਕੇ ਤੇਰੇ ਲਈ ਕੋਈ ਕਮਰਾ ਬੁੱਕ ਕਰਵਾ ਦਿਆਂ। ਲੱਗਦਾ ਹੈ ਕਿ ਤੈਥੋਂ ਨੌਕਰ ਬਿਨਾਂ ਸਫ਼ਰ ਨਹੀਂ ਹੋਣਾ।" ਉਸ ਦਾ ਇਸ਼ਾਰਾ ਉਸ ਘਟਨਾ ਵੱਲ ਸੀ, ਜਦੋਂ ਸਾਂਡਰਸ ਦੇ ਕਤਲ ਤੋਂ ਬਾਅਦ ਭਗਤ ਸਿੰਘ ਅਫ਼ਸਰ ਅਤੇ ਰਾਜਗੁਰੂ ਉਸ ਦਾ ਨੌਕਰ ਬਣ ਕੇ ਲਾਹੌਰ ਤੋਂ ਗੱਡੀ ਚੜ੍ਹੇ ਸਨ। ਭਗਤ ਸਿੰਘ ਬੋਲਿਆ, "ਵਾਅਦਾ ਕਰਦਾ ਹਾਂ ਕਿ ਇਸ ਵਾਰ ਤੈਥੋਂ ਸੂਟਕੇਸ ਨਹੀਂ ਚੁਕਵਾਉਂਦਾ।" ਉਹ ਇਕੱਠੇ ਹੀ ਗਏ, ਖਾਲੀ ਹੱਥ।

**ਸੁਖਦੇਵ:** ਸੁਖਦੇਵ ਦਾ ਜਨਮ ਲੁਧਿਆਣੇ ਦੇ ਨੌਂ-ਘਰਾ ਮੁਹੱਲੇ ਵਿਚ ਹੋਇਆ ਸੀ। ਉਸ ਦੀ ਰਿਸ਼ਤੇ ਵਿਚੋਂ ਇਕ ਭੈਣ ਪ੍ਰੇਮ ਰਾਣੀ ਸਹਿਗਲ ਨੇ ਆਪਣੀ ਆਤਮ-ਕਥਾ ਵਿਚ ਉਸ ਬਾਰੇ ਵਿਸਤਾਰ ਨਾਲ ਲਿਖਿਆ ਹੈ। 2001 ਵਿਚ ਕੇਂਦਰ ਸਰਕਾਰ ਨੇ ਦਿੱਲੀ ਦੇ ਤਿਲਕ ਨਗਰ ਵਿਚ ਸਥਿਤ ਮੁਖਰਾਮ ਗਾਰਡਨ ਦਾ ਨਾਮ ਸ਼ਹੀਦ ਸੁਖਦੇਵ ਥਾਪਰ ਗਾਰਡਨ ਰੱਖ ਦਿੱਤਾ ਸੀ। ਸ਼ਾਇਦ ਹੀ ਉਸ ਦੀ ਕੋਈ ਹੋਰ ਯਾਦਗਾਰ ਜਾਂ ਬੁੱਤ ਹੋਵੇ। ਜੱਦੀ ਘਰ ਵੀ ਖਸਤਾ ਹਾਲਤ ਵਿਚ ਹੈ ਅਤੇ ਕਿਰਾਏਦਾਰਾਂ ਦੇ ਕਬਜ਼ੇ ਹੇਠ ਹੈ।

ਸੁਖਦੇਵ ਦਾ ਡੀਲ-ਡੌਲ ਸਾਧਾਰਣ ਸੀ। ਰੰਗ ਗੋਰਾ, ਵਾਲ ਘੁੰਗਰਾਲੇ, ਅੱਖਾਂ ਮੋਟੀਆਂ ਅਤੇ ਚਿਹਰਾ ਮੁਲਾਇਮ ਸੀ। ਉਸ ਨੂੰ ਸਾਰੇ ਸਾਥੀ 'ਵਿਲੇਜਰ' (ਪੇਂਡੂ) ਕਹਿੰਦੇ ਸਨ। ਉਹ ਬਹੁਤ ਜ਼ਿੱਦੀ ਸੀ। ਹਮੇਸ਼ਾ ਮਨਮਰਜ਼ੀ ਕਰਦਾ ਸੀ। ਗਾਲ਼ਾਂ ਬਹੁਤ ਕਢਦਾ ਸੀ। ਛੋਟੀ ਜਿਹੀ ਗੱਲ 'ਤੇ ਠਹਾਕਾ ਮਾਰ ਕੇ ਹਸਦਾ-ਹਸਦਾ ਲੋਟ-ਪੋਟ ਹੋ ਜਾਂਦਾ। ਫਿਰ ਅਚਾਨਕ ਚੁੱਪ ਹੋ ਜਾਂਦਾ ਅਤੇ ਖੋਇਆ-ਖੋਇਆ ਲੱਗਦਾ। ਉਹ ਅਜਿਹੇ ਵਿਅੰਗਮਈ ਢੰਗ ਨਾਲ ਮੁਸਕਰਾਉਂਦਾ ਕਿ ਕਈ ਵਾਰ ਪੁਲਿਸ ਵਾਲਿਆਂ ਦੇ ਵੀ ਪੈਰ ਉਖੜ ਜਾਂਦੇ। ਜੇਲ੍ਹ ਵਿਚ ਮਾਰ-ਕੁਟਾਈ ਵੇਲੇ ਉਹ ਡੱਟ ਕੇ ਮੁਕਾਬਲਾ ਕਰਦਾ, ਲੱਤਾਂ ਮਾਰਦਾ, ਦੰਦੀਆਂ ਵਢਦਾ ਪਰ ਮੁਸਕਰਾਈ ਜਾਂਦਾ।

ਸੁਖਦੇਵ ਫੁੱਲਾਂ ਦੀ ਖ਼ੁਸ਼ਬੂ ਅਤੇ ਛੱਲੀਆਂ ਖਾਣ ਦਾ ਬਹੁਤ ਸ਼ੌਕੀਨ ਸੀ। ਮੂੰਹ ਨਾਲ ਦਾਣੇ ਤੋੜ ਕੇ ਖਾਂਦਾ ਅਤੇ ਦੂਜਿਆਂ ਨੂੰ ਵੀ ਇਸੇ ਤਰ੍ਹਾਂ ਕਰਨ ਲਈ ਕਹਿੰਦਾ। ਜੇ ਕੋਈ ਨਾ ਮੰਨਦਾ ਤਾਂ ਗਾਲ਼ਾਂ ਕੱਢਦਾ।

ਉਹ ਬਹੁਤ ਸਿਰੜੀ ਸੀ। ਉਸ ਦੀ ਬਾਂਹ ਉੱਤੇ ਉਸ ਦਾ ਨਾਮ ਅਤੇ 'ਓਮ' ਉਕਰੇ ਹੋਏ ਸਨ। ਮਿਟਾਉਣ ਲਈ ਉਸ ਨੇ ਸਾਰੀ ਚਮੜੀ ਤੇਜ਼ਾਬ ਨਾਲ ਜਲਾ ਦਿੱਤੀ। ਬਾਂਹ ਸੁੱਜ ਗਈ, ਬੁਖ਼ਾਰ ਹੋ ਗਿਆ, ਪਰ ਕਿਸੇ ਨੂੰ ਨਾ ਦੱਸਿਆ। ਪਤਾ ਤਦ ਲੱਗਾ ਜਦ ਨਹਾਉਣ ਲਈ ਕਮੀਜ਼ ਲਾਹੀ। ਸਾਰੇ ਜ਼ੋਰ ਲਾ ਰਹੇ ਪਰ ਉਸ ਨੇ ਕੋਈ ਦਵਾਈ ਨਾ ਵਰਤੀ। ਥੋੜੇ ਜਿਹੇ ਬਚੇ ਹੋਏ ਅੱਖਰਾਂ ਨੂੰ ਉਸ ਨੇ ਮੋਮਬੱਤੀ ਨਾਲ ਜਲਾ ਦਿੱਤਾ। ਦਰਦ ਸਹਿਣ ਦੀ ਉਸ ਵਿਚ ਅਥਾਹ ਤਾਕਤ ਸੀ।

ਕਿਸੇ ਬਿਮਾਰ ਸਾਥੀ ਲਈ ਆਗਰੇ ਬਰਾਂਡੀ ਦੀ ਬੋਤਲ ਲਿਆਂਦੀ ਸੀ, ਜੋ ਸੁਖਦੇਵ ਨੇ ਵੇਖ ਲਈ। ਉਹ ਅੱਧੀ ਬੋਤਲ ਪੀ ਗਿਆ। ਪਹਿਲਾਂ ਕਦੇ ਨਹੀਂ ਪੀਤੀ ਸੀ। ਉਸ ਨੇ ਦੱਸਿਆ ਕਿ ਉਹ ਸਿਰਫ਼ ਇਹ ਵੇਖਣਾ ਚਾਹੁੰਦਾ ਸੀ ਕਿ ਲੋਕ ਸ਼ਰਾਬ ਕਿਉਂ ਪੀਂਦੇ ਹਨ। ਉਨ੍ਹਾਂ ਨੇ ਉਸੇ ਵੇਲੇ ਗੱਡੀ ਫੜਨੀ ਸੀ। ਉਸ ਨੇ ਬਿਸਤਰਾ ਚੁੱਕਿਆ ਅਤੇ ਤੁਰ ਪਿਆ। ਇਕ ਦੋ ਬਾਰ ਡੋਲਣ ਤੋਂ ਬਿਨਾਂ ਉਹ ਠੀਕ ਤੁਰਿਆ ਗਿਆ।

ਸੁਖਦੇਵ ਨੇ ਕਿਤੇ ਪੜ੍ਹ ਲਿਆ ਕਿ ਨੱਕ ਉੱਤੇ ਜ਼ੋਰ ਦਾ ਮੁੱਕਾ ਮਾਰ ਕੇ ਬਹੁਤ ਤਕੜੇ ਆਦਮੀ ਨੂੰ ਵੀ ਡੇਗਿਆ ਜਾ ਸਕਦਾ ਹੈ। ਉਸ ਨੇ ਤਜ਼ਰਬਾ ਕਰਕੇ ਵੇਖਣ ਦੀ ਠਾਣ ਲਈ। ਬਾਜ਼ਾਰ ਵਿਚ ਜਾਂਦੇ ਆਪਣੇ ਤੋਂ ਦੋ ਗੁਣਾ ਤਕੜੇ ਨੌਜਵਾਨ ਦੇ ਨੱਕ 'ਤੇ ਘਸੁੰਨ ਮਾਰ ਦਿੱਤਾ। ਪੀੜ ਨਾਲ ਉਹ ਨੱਕ 'ਤੇ ਹੱਥ ਰੱਖ ਕੇ ਬੈਠ ਗਿਆ। ਸੁਖਦੇਵ ਭੱਜਿਆ ਨਹੀਂ। ਆਪਣੇ ਤਜ਼ਰਬੇ ਦਾ ਅਸਰ ਵੇਖਦਾ ਰਿਹਾ। ਉਸ ਨੌਜਵਾਨ ਨੇ ਉੱਠ ਕੇ ਕੀ ਕੀਤਾ, ਇਹ ਦੱਸਣ ਦੀ ਲੋੜ ਨਹੀਂ।

ਕਈ ਵਿਦਵਾਨ ਸੁਖਦੇਵ ਨੂੰ ਕੱਚੇ ਇਰਾਦੇ ਦਾ ਆਦਮੀ ਕਹਿ ਦਿੰਦੇ ਹਨ। ਉਸ ਦੇ ਸਾਥੀਆਂ ਨੇ ਲਿਖਿਆ ਹੈ ਕਿ ਉਸ ਦਾ ਇਰਾਦਾ ਬਹੁਤ ਪੱਕਾ ਸੀ, ਪਰ ਕਰਦਾ ਉਹ ਹੀ ਸੀ, ਜੋ ਉਸ ਨੂੰ ਠੀਕ ਲੱਗਦਾ। ਪਹਿਲੀ ਭੁੱਖ ਹੜਤਾਲ ਵੇਲੇ ਡਾਕਟਰਾਂ ਨੇ ਸਭ ਨੂੰ ਧੱਕੇ ਨਾਲ ਨਾਲੀ ਪਾ ਕੇ ਦੁੱਧ ਪਿਆਉਣਾ ਸ਼ੁਰੂ ਕਰ ਦਿੱਤਾ। ਸੁਖਦੇਵ ਮੂੰਹ ਵਿਚ ਉਂਗਲਾਂ ਪਾ ਕੇ ਉਲਟੀ ਕਰ ਦਿੰਦਾ। ਕੁਝ ਦਿਨਾਂ ਬਾਅਦ ਉਲਟੀ ਆਉਣੀ ਬੰਦ ਹੋ ਗਈ। ਉਸ ਨੇ ਮੱਖੀ ਖਾਧੀ ਪਰ ਉਲਟੀ ਫਿਰ ਵੀ ਨਾ ਆਈ। ਉਸ ਦਾ ਭਾਰ ਵਧਣ ਲੱਗ ਪਿਆ। ਉਸ ਨੇ ਹਜ਼ਾਮਤ ਵਾਸਤੇ ਮਿਲੇ ਬਲੇਡ ਨਾਲ ਨਾੜ ਵੱਢਣ ਦਾ ਵਿਚਾਰ ਇਸ ਲਈ ਛੱਡ ਦਿੱਤਾ ਕਿ ਕਿਤੇ ਇਹ ਨਾ ਸਮਝਿਆ ਜਾਵੇ ਕਿ ਉਹ ਫ਼ਾਂਸੀ ਤੋਂ ਡਰਦਾ ਸੀ। ਅਗਲੇ ਦਿਨ ਉਸ ਨੇ ਆਪਣੇ ਹੱਥੀਂ ਦੁੱਧ ਪੀ ਲਿਆ। ਉਸ ਨੂੰ ਜਚ ਗਈ ਸੀ ਕਿ ਜਦੋਂ ਉਨ੍ਹਾਂ ਦੁੱਧ ਪਿਆ ਹੀ ਦੇਣਾ ਹੈ, ਤਾਂ ਨਾਲੀ ਦਾ ਸਿਆਪਾ ਕਰਨ ਦੀ ਕੀ ਲੋੜ ਹੈ। ਸਾਥੀਆਂ ਨੇ ਬਹੁਤ ਸਮਝਾਇਆ ਪਰ ਉਸ ਦਾ ਫ਼ੈਸਲਾ ਅਟੱਲ ਸੀ।

1930 ਵਿਚ ਫਿਰ ਭੁੱਖ ਹੜਤਾਲ ਰੱਖੀ ਗਈ। 15ਵੇਂ ਦਿਨ ਸੁਖਦੇਵ ਦੀ ਹਾਲਤ ਬਹੁਤ ਖਰਾਬ ਹੋ ਗਈ। ਮੂੰਹ ਵਿਚ ਛਾਲੇ ਹੋ ਗਏ ਅਤੇ ਜੀਭ ਖੁਸ਼ਕ ਹੋ ਗਈ। ਆਵਾਜ਼ ਬੰਦ ਹੋ ਗਈ। ਉਂਗਲਾਂ ਕਰੜੀਆਂ ਹੋ ਗਈਆਂ। ਡਾਕਟਰ ਦੇ ਆਉਣ 'ਤੇ ਉਹ ਉੱਠ ਕੇ ਭੱਜ ਪਿਆ ਅਤੇ ਬੇਹੋਸ਼ ਹੋ ਕੇ ਡਿੱਗ ਪਿਆ। ਉਸ ਨੇ ਪੰਦਰਾਂ ਦਿਨ ਪਾਣੀ ਵੀ ਨਹੀਂ ਸੀ ਪੀਤਾ ਪਰ ਕਿਸੇ ਨੂੰ ਪਤਾ ਨਾ ਲੱਗਣ ਦਿੱਤਾ। ਨਾਲੀ ਲਾ ਕੇ ਪਾਣੀ ਪਿਆ ਦਿੱਤਾ ਗਿਆ। ਨਹੀਂ ਤਾਂ ਜਤਿੰਦਰ ਨਾਥ ਦਾਸ ਤੋਂ ਬਾਅਦ ਭੁੱਖ ਹੜਤਾਲ ਰਾਹੀਂ ਉਹ ਦੂਜਾ ਸ਼ਹੀਦ ਹੋਣਾ ਸੀ। ਜਦੋਂ ਉਸ ਦੀ ਕੋਸ਼ਿਸ਼ ਅਸਫ਼ਲ ਹੋ ਗਈ, ਤਾਂ ਉਸ ਨੇ ਹੜਤਾਲ ਛੱਡ ਦਿੱਤੀ।

ਪੜ੍ਹਨ ਵਿਚ ਭਗਤ ਸਿੰਘ ਤੋਂ ਬਾਅਦ ਸੁਖਦੇਵ ਦਾ ਨੰਬਰ ਆਉਂਦਾ ਹੈ। ਉਹ ਕਾਫੀ ਪੜ੍ਹਦਾ ਸੀ ਅਤੇ ਚੇਤਾ ਇੰਨਾ ਚੰਗਾ ਸੀ ਕਿ ਪੜ੍ਹੀ ਹੋਈ ਚੀਜ਼ ਬਹੁਤ ਦੇਰ ਤੱਕ ਨਹੀਂ ਭੁਲਦਾ ਸੀ। ਸਮਾਜਵਾਦ ਬਾਰੇ ਉਸ ਦੀ ਸਮਝ ਖਾਸੀ ਚੰਗੀ ਸੀ। ਉਹ ਫੁੱਲ ਤੋਂ ਕੋਮਲ ਅਤੇ ਪੱਥਰ ਤੋਂ ਵੀ ਸਖ਼ਤ ਸੀ। ਉਸ ਵਾਸਤੇ ਡਰ ਨਾਂ ਦੀ ਕੋਈ ਚੀਜ਼ ਨਹੀਂ ਸੀ। ਆਮ ਲੋਕਾਂ ਨੇ ਉਸ ਦੀ ਕਠੋਰਤਾ ਵੇਖੀ ਅਤੇ ਉਸ ਨਾਲ ਬੇਇਨਸਾਫ਼ੀ ਵੀ ਕੀਤੀ, ਪਰ ਉਸ ਨੇ ਕਦੇ ਇਸ ਦੀ ਸ਼ਿਕਾਇਤ ਨਹੀਂ ਕੀਤੀ ਸੀ। ਆਪਣੀਆਂ ਕੋਮਲ ਭਾਵਨਾਵਾਂ, ਪਿਆਰ ਅਤੇ ਮਮਤਾ ਨੂੰ ਉਹ ਨਿੱਜੀ ਚੀਜ਼ਾਂ ਸਮਝਦਾ ਸੀ ਅਤੇ ਆਪਣੇ ਅੰਦਰ ਹੀ ਛੁਪਾ ਕੇ ਤੁਰ ਗਿਆ।

**ਚੰਦਰਸ਼ੇਖਰ ਆਜ਼ਾਦ:** ਆਜ਼ਾਦ ਸ਼ਰੀਰ ਦਾ ਬਹੁਤ ਤਕੜਾ ਸੀ। ਉਸ ਦਾ ਰੰਗ ਪੱਕਾ ਅਤੇ ਕੱਦ ਔਸਤ ਭਾਰਤੀ ਕੱਦ ਤੋਂ ਜ਼ਰਾ ਘੱਟ ਸੀ। ਉਸ ਦੇ ਚਿਹਰੇ ਤੇ ਚੇਚਕ ਦੇ ਡੂੰਘੇ ਦਾਗ ਸਨ। ਉਸ ਦੀ ਬਹਾਦਰੀ ਨੂੰ ਕਈ ਵਾਰ ਸਖ਼ਤਦਿਲੀ ਅਤੇ ਵਹਿਸ਼ੀਪੁਣੇ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਸੀ। ਦਰਅਸਲ ਉਹ ਬਹੁਤ ਕੋਮਲ ਹਿਰਦੇ ਦਾ ਮਾਲਿਕ ਸੀ। ਆਪਣੇ ਸਾਥੀਆਂ ਦੀ ਹਰ ਲੋੜ ਦਾ ਜ਼ਰਾ-ਜ਼ਰਾ ਖਿਆਲ ਰੱਖਦਾ ਸੀ। ਕਿਸੇ ਦਾ ਖ਼ੂਨ ਫ਼ਜ਼ੂਲ ਵਹਾਉਣ ਦੇ ਉਹ ਵਿਰੁੱਧ ਸੀ। ਸਾਂਡਰਸ ਨੂੰ ਮਾਰਨ ਤੋਂ ਬਾਅਦ ਜਦੋਂ ਭਗਤ ਸਿੰਘ ਅਤੇ ਰਾਜਗੁਰੂ ਭੱਜ ਰਹੇ ਸਨ, ਤਾਂ ਚੰਨਣ ਸਿੰਘ ਨਾਮ ਦੇ ਇਕ ਸਿਪਾਹੀ ਨੇ ਉਨ੍ਹਾਂ ਦਾ ਪਿੱਛਾ ਕੀਤਾ। ਭਗਤ ਸਿੰਘ ਅੱਗੇ ਸੀ, ਰਾਜਗੁਰੂ ਪਿੱਛੇ। ਆਜ਼ਾਦ ਪਿਸਤੌਲ ਲੈ ਕੇ ਲੁੱਕਿਆ ਹੋਇਆ ਸੀ। ਚੰਨਣ ਸਿੰਘ ਰਾਜਗੁਰੂ ਨੂੰ ਅੱਪੜ ਗਿਆ ਪਰ ਉਸ ਨੂੰ ਹੱਥ ਨਹੀਂ ਪਾਇਆ। ਅੱਗੇ ਵਧ ਕੇ ਭਗਤ ਸਿੰਘ ਨੂੰ ਪਕੜਣ ਹੀ ਵਾਲਾ ਸੀ ਕਿ ਪੱਕੇ ਨਿਸ਼ਾਨਚੀ ਆਜ਼ਾਦ ਦੀ ਇਕ ਗੋਲੀ ਉਸ ਦੀ ਲੱਤ ਵਿਚ ਵੱਜੀ। ਫਿਰ ਵੀ ਉਹ ਅੱਗੇ ਵਧਦਾ ਗਿਆ। ਆਜ਼ਾਦ ਨੇ ਮਜਬੂਰ ਹੋ ਕੇ ਦੂਜੀ ਗੋਲੀ ਨਾਲ ਉਸ ਨੂੰ ਮਾਰ ਦਿੱਤਾ। ਇਹ ਸਿਪਾਹੀ ਭਾਵੇਂ ਦੁਸ਼ਮਣ ਦਾ ਮੁਲਾਜ਼ਿਮ ਸੀ, ਆਜ਼ਾਦ ਨੇ ਉਸ ਦੀ ਬਹਾਦਰੀ ਦੀ ਦਾਦ ਦਿੱਤੀ ਅਤੇ ਉਸ ਦੇ ਪਰਿਵਾਰ ਨਾਲ ਹਮਦਰਦੀ ਵਿਖਾਈ। ਆਜ਼ਾਦੀ ਮਿਲਣ ਤੋਂ ਬਹੁਤ ਸਾਲ ਬਾਅਦ ਵੀ ਪੁਲਿਸ ਮਹਿਕਮੇ ਦਾ ਭਲਾਈ ਫ਼ੰਡ ਸਾਂਡਰਸ ਅਤੇ ਚੰਨਣ ਸਿੰਘ ਦੇ ਨਾਂਵਾਂ 'ਤੇ ਚੱਲਦਾ ਰਿਹਾ ਹੈ।

ਆਜ਼ਾਦ ਕਦੇ ਵੀ ਪੁਲਿਸ ਦੇ ਹੱਥ ਨਹੀਂ ਸੀ ਆਇਆ। ਉਹ ਭੇਸ ਬਦਲਣ ਵਿਚ ਮਾਹਿਰ ਸੀ। ਕਦੇ ਬੋਦੀ ਰੱਖ ਕੇ, ਜਨੇਊ ਪਾ ਕੇ, ਧੋਤੀ ਬੰਨ੍ਹ ਕੇ ਅਤੇ ਧਾਰਮਿਕ ਕਿਤਾਬ ਫੜ ਕੇ ਪਾਠੀ ਬਣ ਜਾਂਦਾ। ਕੁੜਤੇ ਅਤੇ ਧੋਤੀ ਵਿਚ ਖਾਂਦਾ-ਪੀਂਦਾ ਸੇਠ ਬਣ ਜਾਂਦਾ। ਕਈ ਵਾਰ ਸਾਧੂ ਬਣ ਕੇ ਬਚ ਨਿਕਲਿਆ। ਸਾਂਡਰਸ ਦੇ ਕਤਲ ਤੋਂ ਬਾਅਦ ਉਹ ਆਰਾਮ ਨਾਲ ਲਾਹੌਰ ਤੋਂ ਬਾਹਰ ਨਿਕਲ ਗਿਆ ਸੀ। ਇਕ-ਦੋ ਵਾਰ ਪੁਲਿਸ ਵਾਲਿਆਂ ਨਾਲ ਸਿੱਧਾ ਵਾਹ ਪੈ ਵੀ ਗਿਆ ਸੀ, ਪਰ ਉਹ ਹੁਸ਼ਿਆਰੀ ਨਾਲ ਬਚ ਨਿਕਲਿਆ। ਇਸ ਲਈ ਉਹ ਇਕ ਦਿਨ ਵੀ ਜੇਲ੍ਹ ਵਿਚ ਨਹੀਂ ਰਿਹਾ ਸੀ।

ਉਸ ਨੂੰ ਸੰਗੀਤ ਦਾ ਬਹੁਤ ਸ਼ੌਕ ਸੀ। ਭਗਵਾਨ ਦਾਸ ਅਤੇ ਅਜੈ ਕੁਮਾਰ ਤੋਂ ਉਹ ਅਕਸਰ ਗੀਤ ਸੁਣਿਆ ਕਰਦਾ ਸੀ। ਇਕ ਵਾਰ ਉਹ ਆਪਣੇ ਸਾਥੀਆਂ ਨਾਲ ਕਿਸੇ ਗਲ਼ੀ ਵਿਚੋਂ ਲੰਘ ਰਿਹਾ ਸੀ। ਨੱਚਣ ਗਾਉਣ ਵਾਲੀਆਂ ਦੇ ਕਿਸੇ ਕੋਠੇ ਤੋਂ ਗਾਉਣ ਦੀ ਆਵਾਜ਼ ਆਈ। ਬਹੁਤ ਮਿੱਠਾ ਗੀਤ ਸੀ। ਉਹ ਮੰਤਰ-ਮੁਗਧ ਹੋ ਕੇ ਕਾਫੀ ਦੇਰ ਗੀਤ ਸੁਣਦਾ ਰਿਹਾ।

ਆਜ਼ਾਦ ਸਿਰਫ਼ ਹਿੰਦੀ ਅਤੇ ਸੰਸਕ੍ਰਿਤ ਜਾਣਦਾ ਸੀ ਪਰ ਆਪਣੇ ਸਾਥੀਆਂ ਤੋਂ ਅਨੁਵਾਦ ਕਰਵਾ ਕੇ ਅੰਗਰੇਜ਼ੀ ਦੀਆਂ ਕਿਤਾਬਾਂ ਵੀ ਸੁਣਦਾ ਰਹਿੰਦਾ ਸੀ। ਇਸ ਤਰ੍ਹਾਂ ਸ਼ਿਵ ਵਰਮਾ ਤੋਂ ਉਸ ਨੇ ਕਾਰਲ ਮਾਰਕਸ ਦਾ ਸਾਰਾ 'ਕਮਿਊਨਿਸਟ ਮੈਨੀਫ਼ੈਸਟੋ' ਸੁਣਿਆ ਸੀ।

ਰੱਬ ਬਾਰੇ ਉਸ ਦੇ ਕੀ ਵਿਚਾਰ ਸਨ? ਸ਼ਿਵ ਵਰਮਾ ਲਿਖਦਾ ਹੈ: "ਈਸ਼ਵਰ ਹੈ ਕਿ ਨਹੀਂ, ਇਸ ਬਾਰੇ ਆਜ਼ਾਦ ਕਿਸੇ ਨਿਸ਼ਚਿਤ ਨਤੀਜੇ 'ਤੇ ਪਹੁੰਚ ਚੁੱਕੇ ਸਨ ਕਿ ਨਹੀਂ ਇਹ ਕਹਿਣਾ ਔਖਾ ਹੈ। ਈਸ਼ਵਰ ਦੀ ਤਾਕਤ ਤੋਂ ਇਨਕਾਰ ਕਰਨ ਵਾਲੇ ਕੱਟੜ ਨਾਸਤਿਕ ਭਗਤ ਸਿੰਘ ਦੀਆਂ ਦਲੀਲਾਂ ਦਾ ਉਸ ਨੇ ਕਦੇ ਵਿਰੋਧ ਨਹੀਂ ਕੀਤਾ ਸੀ। ਆਪਣੀ ਤਰਫ਼ੋਂ ਨਾ ਉਨ੍ਹਾਂ ਨੇ ਕਦੇ ਈਸ਼ਵਰ ਦੀ ਹਮਾਇਤ ਕੀਤੀ ਅਤੇ ਨਾ ਹੀ ਉਸ ਦੇ ਪਿੱਛੇ ਪਏ।"

ਫੜੇ ਜਾਣ 'ਤੇ ਕਿਸ ਨੂੰ ਕਿਸ ਤਰ੍ਹਾਂ ਫ਼ਾਂਸੀ ਦਿੱਤੀ ਜਾਵੇਗੀ, ਇਸ ਬਾਰੇ ਉਹ ਸਾਰੇ ਮਖੌਲ ਕਰਦੇ ਹੁੰਦੇ ਸਨ। ਉਹ ਹੱਸਦੇ ਸਨ ਕਿ ਭਗਤ ਸਿੰਘ ਵਾਸਤੇ ਤਖ਼ਤੇ ਹੇਠਲਾ ਟੋਆ ਡੂੰਘਾ ਕਰਨਾ ਪਵੇਗਾ; ਨਹੀਂ ਤਾਂ ਉਸ ਦੇ ਪੈਰ ਥੱਲੇ ਲੱਗ ਜਾਣਗੇ। ਭਾਰ ਪੂਰਾ ਕਰਨ ਵਾਸਤੇ ਸ਼ਿਵ ਅਤੇ ਵਿਜੈ ਦੇ ਪੈਰਾਂ ਨਾਲ ਭਾਰ ਬੰਨ੍ਹਣਾ ਪਵੇਗਾ। ਪੰਡਿਤ ਜੀ (ਆਜ਼ਾਦ) ਵਾਸਤੇ ਖਾਸ ਤੌਰ 'ਤੇ ਮੋਟਾ ਰੱਸਾ ਮੰਗਵਾਉਣਾ ਪਵੇਗਾ। ਇਹ ਸੁਣ ਕੇ ਆਪਣੇ ਪਸਤੌਲ 'ਤੇ ਹੱਥ ਰੱਖ ਕੇ ਆਜ਼ਾਦ ਕਹਿੰਦਾ ਹੁੰਦਾ ਸੀ, "ਇਸ ਦੇ ਹੁੰਦੇ ਕਿਸ ਦੀ ਹਿੰਮਤ ਹੈ ਕਿ ਪੰਡਿਤ ਜੀ ਦੇ ਜਿਉਂਦੇ ਸਰੀਰ ਨੂੰ ਹੱਥ ਲਾ ਸਕੇ।" ਇਕ ਦੋਸਤ ਦੀ ਗੱਦਾਰੀ ਕਾਰਨ ਪੁਲਿਸ ਦੁਆਰਾ ਘਿਰ ਜਾਣ 'ਤੇ ਉਸ ਨੇ ਆਖ਼ਰੀ ਗੋਲ਼ੀ ਨਾਲ ਆਪ ਸ਼ਹੀਦੀ ਪਾ ਲਈ, ਪਰ ਉਹ ਜੀਵਿਆ ਵੀ ਆਜ਼ਾਦ ਅਤੇ ਮਰਿਆ ਵੀ ਆਜ਼ਾਦ।

**ਬਟੁਕੇਸ਼ਵਰ ਦੱਤ:** ਆਜ਼ਾਦੀ ਦੇ ਦੀਵਾਨੇ ਇਨ੍ਹਾਂ ਨੌਜਵਾਨਾਂ ਵਿਚੋਂ ਬੀ.ਕੇ. ਦੱਤ ਸਿਰਫ਼ ਇਸ ਲਈ ਬਦਨਸੀਬ ਨਿਕਲਿਆ ਕਿ ਉਹ ਇਸ ਸੰਘਰਸ਼ ਵਿਚੋਂ ਜਿਉਂਦਾ ਬਚ ਗਿਆ। ਭਾਰਤ ਵਿਚ ਸਿਰਫ਼ ਜਾਨ ਕੁਰਬਾਨ ਵਾਲੇ ਦੇਸ਼ ਭਗਤਾਂ ਦੀ ਹੀ ਕਦਰ ਪੈਂਦੀ ਹੈ। 1947 ਤੋਂ ਬਾਅਦ ਬੀ.ਕੇ. ਦੱਤ ਦੀ ਹੋਈ ਦੁਰਗਤੀ ਤੋਂ ਜਾਪਦਾ ਹੈ ਕਿ ਜੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਨਾ ਹੁੰਦੀ, ਤਾਂ ਸ਼ਾਇਦ ਉਨ੍ਹਾਂ ਦੀਆਂ ਕੁਰਬਾਨੀਆਂ ਦੀ ਵੀ ਕਦਰ ਨਹੀਂ ਪੈਣੀ ਸੀ। ਅੰਤਿਮ ਦਿਨਾਂ ਵਿਚ ਲੁਧਿਆਣੇ ਦੇ ਇਕ ਹਸਪਤਾਲ ਵਿਚ ਦਾਖ਼ਲ ਪੰਜਾਬ ਮਾਤਾ ਵਿੱਦਿਆਵਤੀ ਨੇ ਕਿਹਾ ਸੀ ਕਿ ਜੇ ਅੰਗਰੇਜ਼ਾਂ ਨੂੰ ਕੱਢ ਕੇ ਦੇਸ਼ ਦਾ ਇਹ ਹਾਲ ਹੋਣਾ ਸੀ, ਤਾਂ ਮੇਰੇ ਪੁੱਤ ਨੂੰ ਫ਼ਾਂਸੀ ਚੜ੍ਹਨ ਦੀ ਕੀ ਲੋੜ ਸੀ।

ਬਟੁਕੇਸ਼ਵਰ ਦੱਤ ਦਾ ਜਨਮ 18 ਨਵੰਬਰ, 1910 ਨੂੰ ਬੰਗਾਲ ਵਿਚ ਹੋਇਆ ਸੀ। ਉਸ ਨੇ ਪੀ.ਪੀ.ਐੱਨ. ਹਾਈ ਸਕੂਲ, ਕਾਨਪੁਰ ਤੋਂ ਬੀ.ਏ. ਪਾਸ ਕੀਤੀ। 1924 ਵਿਚ ਕਾਨਪੁਰ ਵਿਚ ਹੀ ਭਗਤ ਸਿੰਘ ਨੂੰ ਮਿਲਣ ਤੋਂ ਬਾਅਦ ਉਹ ਕ੍ਰਾਂਤੀਕਾਰੀਆਂ ਵਿਚ ਸ਼ਾਮਲ ਹੋ ਗਿਆ। 'ਹਿੰਦੁਸਤਾਨ ਸਮਾਜਵਾਦੀ ਰਿਪਲੀਕਨ ਸਭਾ' ਵਿਚ ਸ਼ਾਮਲ ਹੋ ਕੇ ਉਸ ਨੇ ਬੰਬ ਬਣਾਉਣ ਵਿਚ ਮੁਹਾਰਤ ਹਾਸਲ ਕਰ ਲਈ। ਬੀ.ਕੇ. ਦੱਤ ਦੇ ਜੀਵਨ ਦੀ ਸਭ ਤੋਂ ਵੱਡੀ ਘਟਨਾ 8 ਅਪ੍ਰੈਲ, 1929 ਨੂੰ ਕੇਂਦਰੀ ਵਿਧਾਨਕਾਰ ਅਸੈਂਬਲੀ ਵਿਚ ਬੰਬ ਸੁੱਟ ਕੇ ਅੰਗਰੇਜ਼ ਸਰਕਾਰ ਦੇ ਕੰਨ੍ਹ ਖੋਲ੍ਹਣਾ ਸੀ। ਪਹਿਲਾਂ ਇਹ ਕੰਮ ਬੀ.ਕੇ. ਦੱਤ ਅਤੇ ਸੁਖਦੇਵ ਨੇ ਕਰਨਾ ਸੀ ਅਤੇ ਭਗਤ ਸਿੰਘ ਨੇ ਰੂਸ ਦੇ ਦੌਰੇ 'ਤੇ ਜਾਣਾ ਸੀ। ਚੰਗਾ ਬੁਲਾਰਾ ਹੋਣ ਕਰਕੇ ਬਾਅਦ ਵਿਚ ਸੁਖਦੇਵ ਦੀ ਥਾਂ ਭਗਤ ਸਿੰਘ ਨੂੰ ਭੇਜਿਆ ਗਿਆ। ਇਨ੍ਹਾਂ ਬੰਬਾਂ ਨਾਲ ਭਾਵੇਂ ਮੁੱਖ ਮੰਤਵ ਤਾਂ ਅਸੈਂਬਲੀ ਵਿਚ ਪੇਸ਼ ਹੋਣ ਵਾਲੇ ਦੋ ਦਮਨਕਾਰੀ ਬਿੱਲਾਂ ਦਾ ਵਿਰੋਧ ਕਰਨਾ ਸੀ, ਪਰ ਤਿੰਨ ਭਾਰਤੀ ਅਤੇ ਇਕ ਅੰਗਰੇਜ਼ ਮੈਂਬਰ ਜ਼ਖ਼ਮੀ ਵੀ ਹੋਏ ਸਨ। ਅਸੈਂਬਲੀ ਵਿਚ ਪਰਚੇ ਸੁੱਟਣ ਅਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਉਂਦੇ ਦੋਹਾਂ ਨੌਜਵਾਨਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ। ਇਹ ਬੰਬ ਦੱਤ ਨੇ ਬਣਾਏ ਸਨ ਅਤੇ ਪਰਚਾ ਭਗਤ ਸਿੰਘ ਨੇ ਲਿਖਿਆ ਸੀ। ਵੀਹ ਸਾਲ ਕੈਦ ਦੀ ਸਜ਼ਾ ਦੇ ਕੇ ਦੱਤ ਨੂੰ ਕਾਲੇਪਾਣੀ ਭੇਜ ਦਿੱਤਾ ਗਿਆ। ਉੱਥੇ ਘੋਰ ਤਸੀਹੇ ਸਹੇ ਅਤੇ ਬੁਰੇ ਹਾਲਾਤ ਦਾ ਸਾਹਮਣਾ ਕੀਤਾ। ਟੀ.ਬੀ. ਹੋ ਗਈ, ਪਰ ਵਾਪਸ ਆ ਕੇ ਫਿਰ 'ਭਾਰਤ ਛੱਡੋ' ਅੰਦੋਲਨ ਵਿਚ ਸਰਗਰਮ ਭਾਗ ਲਿਆ ਅਤੇ ਚਾਰ ਸਾਲ ਦੀ ਕੈਦ ਕੱਟੀ।

ਇਸ ਸਿਰਲੱਥ ਕ੍ਰਾਂਤੀਕਾਰੀ ਨੂੰ ਵਿਦੇਸ਼ੀ ਸਰਕਾਰ ਦੇ ਜ਼ੁਲਮਾਂ ਦਾ ਇੰਨਾ ਦੁੱਖ ਨਹੀਂ ਹੋਇਆ, ਜਿੰਨਾ ਆਜ਼ਾਦੀ ਮਿਲਣ ਤੋਂ ਬਾਅਦ ਹੋਏ ਤਿਰਸਕਾਰ ਦਾ ਹੋਇਆ। ਜਿਸ ਦੇਸ਼ ਭਗਤ ਦਾ ਨਾਂਅ ਬੱਚੇ-ਬੱਚੇ ਦੀ ਜ਼ੁਬਾਨ 'ਤੇ ਹੋਣਾ ਚਾਹੀਦਾ ਸੀ, ਉਸ ਨੂੰ ਬਿਲਕੁਲ ਭੁਲਾ ਦਿੱਤਾ ਗਿਆ। ਅਨੇਕ ਹੋਰਾਂ ਨਾਲ ਵੀ ਇਸੇ ਤਰ੍ਹਾਂ ਹੋਇਆ। ਉਸ ਨੂੰ ਇਕ ਸਿਗਰਟ ਕੰਪਨੀ ਦੇ ਏਜੰਟ ਵਜੋਂ ਕੰਮ ਕਰਕੇ ਪਟਨੇ ਦੀਆਂ ਤੰਬਾਕੂ ਵੇਚਣ ਵਾਲੀਆਂ ਦੁਕਾਨਾਂ 'ਤੇ ਧੱਕੇ ਖਾਣੇ ਪਏ। ਬਿਸਕੁਟ ਅਤੇ ਬਰੈਡ ਵੀ ਵੇਚਣੇ ਪਏ। ਟੂਰਿਸਟ ਗਾਈਡ ਵੀ ਬਣਨਾ ਪਿਆ। ਉਸ ਦੀ ਪਤਨੀ ਵੀ ਨੌਕਰੀ ਕਰਨ ਲੱਗੀ, ਤਾਂ ਘਰ ਦਾ ਗੁਜ਼ਾਰਾ ਚੱਲਿਆ। ਕੁਝ ਦਿਨ ਜੇਲ੍ਹ ਜਾਣ ਵਾਲੇ ਸ਼ਾਤਰ 'ਆਜ਼ਾਦੀ ਘੁਲਾਟੀਏ' ਪੈਨਸ਼ਨਾਂ, ਤਾਮਰ-ਪੱਤਰ ਅਤੇ ਹੋਰ ਸਹੂਲਤਾਂ ਲੈ ਗਏ ਅਤੇ ਅਜਿਹੇ ਸੂਰਮਿਆਂ ਨੂੰ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪਈਆਂ।

ਇਕ ਵਾਰ ਜਦ ਇਕ ਬੱਸ ਦਾ ਪਰਮਿਟ ਮੰਗਿਆ, ਤਾਂ ਪਟਨੇ ਦੇ ਕਮਿਸ਼ਨਰ ਨੇ ਉਨ੍ਹਾਂ ਨੂੰ ਆਪਣੀ ਪਹਿਚਾਣ ਦਾ ਸਬੂਤ ਦੇਣ ਨੂੰ ਕਹਿ ਦਿੱਤਾ। ਜਦ ਭਾਰਤ ਦੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਨੂੰ ਇਸ ਘਟਨਾ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਕਮਿਸ਼ਨਰ ਨੂੰ ਡਾਂਟਿਆ ਅਤੇ ਮਾਫ਼ੀ ਮੰਗਵਾਈ। 1964 ਵਿਚ ਜਦ ਉਹ ਗੰਭੀਰ ਰੂਪ ਵਿਚ ਬਿਮਾਰ ਹੋ ਗਏ, ਤਾਂ ਪਟਨੇ ਦੇ ਸਰਕਾਰੀ ਹਸਪਤਾਲ ਵਿਚ ਬੈੱਡ ਨਾ ਮਿਲਿਆ। ਉਨ੍ਹਾਂ ਦੇ ਸਾਥੀ ਚਮਨ ਲਾਲ ਆਜ਼ਾਦ ਨੇ ਇਕ ਅਖ਼ਬਾਰ ਨੂੰ ਲਿਖਿਆ: "ਬਟੁਕੇਸ਼ਵਰ ਦੱਤ ਵਰਗੇ ਬਹਾਦਰ ਆਦਮੀ ਨੂੰ ਭਾਰਤ ਵਿਚ ਪੈਦਾ ਕਰਕੇ ਰੱਬ ਨੇ ਗ਼ਲਤੀ ਕੀਤੀ ਹੈ। ਜਿਸ ਦੇਸ਼ ਦੀ ਆਜ਼ਾਦੀ ਲਈ ਉਸ ਨੇ ਸਾਰਾ ਜੀਵਨ ਕੁਰਬਾਨ ਕਰ ਦਿੱਤਾ, ਉਸੇ ਦੇਸ਼ ਵਿਚ ਉਹ ਜਿਉਂਦਾ ਰਹਿਣ ਲਈ ਸੰਘਰਸ਼ ਕਰ ਰਿਹਾ ਹੈ।" ਨਤੀਜੇ ਵਜੋਂ, ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਚੰਡੀਗੜ੍ਹ ਅਤੇ ਦਿੱਲੀ ਵਿਚ ਮੁਫ਼ਤ ਇਲਾਜ ਕਰਵਾਉਣ ਦੀ ਸਹੂਲਤ ਅਤੇ ਮਾਲੀ ਸਹਾਇਤਾ ਦਿੱਤੀ। ਸਿਰਫ਼ ਪੰਜਾਬ ਸਰਕਾਰ ਨੇ!


ਹਾਲਤ ਵਿਗੜ ਜਾਣ 'ਤੇ ਨਵੰਬਰ 1964 ਵਿਚ ਉਹ ਦਿੱਲੀ ਦੇ ਸਫ਼ਦਰਜੰਗ ਹਸਪਤਾਲ ਦਾਖ਼ਲ ਕਰਵਾਏ ਗਏ। ਉਨ੍ਹਾਂ ਨੇ ਕਿਹਾ, "ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਜਿਸ ਸ਼ਹਿਰ ਵਿਚ ਮੈਂ ਬੰਬ ਸੁੱਟੇ ਸਨ ਅਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾਏ ਸਨ, ਉੱਥੇ ਮੈਨੂੰ ਇਕ ਅਪਾਹਜ ਵਾਂਗ ਚੁੱਕ ਕੇ ਲਿਆਇਆ ਜਾਵੇਗਾ।" ਦਸੰਬਰ ਵਿਚ ਉਨ੍ਹਾਂ ਨੂੰ 'ਏਮਜ਼' ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਪਤਾ ਚੱਲਿਆ ਕਿ ਉਨ੍ਹਾਂ ਨੂੰ ਕੈਂਸਰ ਦੀ ਆਖ਼ਰੀ ਸਟੇਜ ਪੁੱਜ ਚੁੱਕੀ ਸੀ। ਜਦ ਪੰਜਾਬ ਮਾਤਾ ਵਿੱਦਿਆਵਤੀ ਜੀ ਉਨ੍ਹਾਂ ਨੂੰ ਮਿਲਣ ਗਏ, ਤਾਂ ਉਨ੍ਹਾਂ ਨੇ ਬੇਨਤੀ ਕੀਤੀ ਕਿ ਮੇਰਾ ਅੰਤਿਮ ਸਸਕਾਰ ਉੱਥੇ ਕੀਤਾ ਜਾਵੇ, ਜਿੱਥੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸਸਕਾਰ ਹੋਇਆ ਸੀ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਰਾਮ ਕਿਸ਼ਨ ਤੋਂ ਵੀ ਸਿਰਫ਼ ਇਹ ਹੀ ਮੰਗ ਕੀਤੀ ਸੀ। ਇਸ ਲਈ ਜਦ 20 ਜੁਲਾਈ, 1965 ਨੂੰ ਉਹ ਸਵਰਗ ਸਿਧਾਰੇ, ਤਾਂ ਉਨ੍ਹਾਂ ਦਾ ਸਸਕਾਰ ਹੁਸੈਨੀਵਾਲਾ ਵਿਖੇ ਕੀਤਾ ਗਿਆ ਅਤੇ ਉੱਥੇ ਉਨ੍ਹਾਂ ਦੀ ਯਾਦਗਾਰ ਵੀ ਬਣਾਈ ਗਈ। 1975 ਵਿਚ ਪੰਜਾਬ ਮਾਤਾ ਵਿੱਦਿਆਵਤੀ ਜੀ ਦਾ ਸਸਕਾਰ ਵੀ ਉਸੇ ਪਵਿੱਤਰ ਸਥਾਨ 'ਤੇ ਕੀਤਾ ਗਿਆ।

# 'ਦਿਲਾਂ ਦੀ ਜੂਹ'


-ਸ਼ਿਵਚਰਨ ਜੱਗੀ ਕੁੱਸਾ
(Punjab Mail USA)

**ਬੇਨਤੀ : ਇਸ ਹਫਤੇ ਤੋਂ ਅਸੀਂ ਪ੍ਰਸਿੱਧ ਲੇਖਕ 'ਸ਼ਿਵਚਰਨ ਜੱਗੀ ਕੁੱਸਾ' ਦਾ ਨਾਵਲ 'ਦਿਲਾਂ ਦੀ ਜੂਹ' ਲੜੀਵਾਰ ਛਾਪਣ ਦੀ ਖੁਸ਼ੀ ਹਾਸਲ ਕਰ ਰਹੇ ਹਾਂ। ਅਸੀਂ ਪਾਠਕਾਂ ਤੋਂ ਆਸ ਕਰਦੇ ਹਾਂ ਕਿ ਉਹ ਇਸ ਨੂੰ ਨਾਵਲ ਨੂੰ ਭਰਪੂਰ ਹੁੰਗਾਰਾ ਤੇ ਸਹਿਯੋਗ ਦੇਣਗੇ। -ਧੰਨਵਾਦ, ਸੰਪਾਦਕ**

## ਕਾਂਡ ਦੋ




...ਜਿੰਦਰ ਇਕ ਨੇਕ, ਚੁਸਤ, ਚੁਲਬੁਲੀ ਅਤੇ ਸੋਹਣੀ-ਸੁਨੱਖੀ ਕੁੜੀ ਸੀ।

ਪ੍ਰਾਇਮਰੀ ਸਕੂਲ ਤੋਂ ਲੈ ਕੇ ਹਾਈ ਸਕੂਲ ਤੱਕ ਉਹ ਆਮ ਵਿਦਿਆਰਥਣਾਂ ਵਾਂਗ ਹੀ ਸ਼ਾਂਤਮਈ ਪੜ੍ਹੀ ਸੀ ਅਤੇ ਦਸਵੀਂ ਕਰਨ ਤੋਂ ਬਾਅਦ ਉਸ ਨੂੰ ਮਾਂ-ਬਾਪ ਨੇ ਕਾਲਜ ਵਿਚ ਦਾਖ਼ਲਾ ਲੈ ਦਿੱਤਾ।

ਜਿੰਦਰ ਹੋਰੀਂ ਚਾਰ ਭੈਣ-ਭਰਾ ਸਨ। ਉਸ ਤੋਂ ਇਕ ਸਾਲ ਵੱਡਾ ਭਰਾ ਅਤੇ ਉਹ ਇੱਕ ਹੀ ਕਲਾਸ ਵਿਚ, ਪਰ ਵੱਖਰੇ-ਵੱਖਰੇ ਕਾਲਜਾਂ ਵਿਚ ਪੜ੍ਹਦੇ ਸਨ। ਛੋਟੇ ਦੋਵੇਂ ਭੈਣ-ਭਰਾ ਸਕੂਲ ਵਿਚ ਪੜ੍ਹਾਈ ਕਰ ਰਹੇ ਸਨ। ਸੰਗਾਊ ਸੁਭਾਅ ਦੀ ਮਾਲਕ ਜਿੰਦਰ ਕਲਾਸ ਵਿਚ ਘੱਟ ਹੀ ਬੋਲਦੀ ਸੀ। ਸੋਚਦਿਆਂ-ਸੋਚਦਿਆਂ ਕਾਲਜ ਦਿਨਾਂ ਦੇ ਕੁਝ ਪਲ ਉਹਦੀਆਂ ਅੱਖਾਂ ਅੱਗੋਂ ਦੀ ਲੰਘਣ ਲੱਗੇ। ਗਿਆਰਵੀਂ 'ਚ ਪੜ੍ਹਦਿਆਂ ਜਦੋਂ ਕਾਲਜ 'ਚ ਕਬੱਡੀ ਦੇ ਟੂਰਨਾਮੈਂਟ ਚੱਲ ਰਹੇ ਸਨ, ਤਾਂ ਆਖਰੀ ਮੈਚ ਖਤਮ ਹੋਣ ਉਪਰੰਤ ਉਨ੍ਹਾਂ ਦੇ ਕਾਲਜ ਟੀਮ ਦੀ ਜਿੱਤ ਦੀ ਖ਼ੁਸ਼ੀ ਵਿਚ ਜਸ਼ਨ ਮਨਾਏ ਜਾ ਰਹੇ ਸਨ। ਗੀਤ ਸੰਗੀਤ ਚੱਲ ਰਿਹਾ ਸੀ। ਉਸ ਦੀ ਇਕ ਸਹੇਲੀ ਨੇ ਉਸ ਦਾ ਨਾਂ ਬਿਨਾਂ ਪੁੱਛੇ ਹੀ ਸਟੇਜ 'ਤੇ 'ਅਨਾਊਂਸ' ਕਰਵਾ ਦਿੱਤਾ ਸੀ। ਜਦ ਜਿੰਦਰ ਨੂੰ ਪਤਾ ਲੱਗਾ ਤਾਂ ਉਹ ਨਿਰਾਸ਼ ਹੋ ਕੇ ਭੜਕ ਉੱਠੀ, "ਆਹ ਕੀ ਕੀਤਾ ਤੂੰ ਬਾਂਦਰੀਏ...? ਮੈਨੂੰ ਪੁੱਛ ਤਾਂ ਲੈਂਦੀ...!" ਪਰ ਖਚਰੀ ਸਹੇਲੀ ਨੇ ਸ਼ਰਾਰਤ ਵਿਚ ਹੱਥ ਖੜ੍ਹੇ ਕਰ ਦਿੱਤੇ, "ਫ਼ਸ'ਗੀ ਤਾਂ ਫ਼ਟਕਣ ਕੇਹਾ...? ਹੁਣ ਤਾਂ ਜਾਨ ਮੇਰੀਏ ਚਾਹ ਦੀ ਘੁੱਟ ਪਿਆਉਣੀ ਪਊ..!" ਉਸ ਨੇ ਲਮਕਾ ਕੇ ਕਿਹਾ।

ਉਧਰ ਸਟੇਜ ਦਾ ਸਮਾਂ ਨਜ਼ਦੀਕ ਆਈ ਜਾ ਰਿਹਾ ਸੀ।

ਜਿੰਦਰ ਦੇ ਦਿਮਾਗ 'ਚ ਇਕ ਕਿਸਮ ਦਾ ਭੜਥੂ ਪੈ ਗਿਆ।

ਉਸ ਨੇ ਸਾਰੀ ਦਿਮਾਗੀ ਤਾਕਤ ਇਕੱਠੀ ਕਰਕੇ ਪੰਜ-ਸੱਤ ਲਾਈਨਾਂ ਇਕ ਗੀਤ ਦੀਆਂ ਯਾਦ ਕੀਤੀਆਂ ਤੇ ਕਾਗਜ਼ 'ਤੇ ਉਤਾਰ ਲਈਆਂ। ਵਾਰੀ ਆਉਣ 'ਤੇ ਜਿੰਦਰ ਨੇ ਜਦੋਂ ਗੀਤ ਪੇਸ਼ ਕੀਤਾ ਤਾਂ ਸੁਣਦੀ ਦੁਨੀਆਂ ਸੁੱਸਰੀ ਵਾਂਗ ਸੌਂ ਗਈ। ਪੰਜਾਬੀ ਵਾਲੀ ਸਤਿਨਾਮ ਮੈਡਮ ਨੇ ਤਾਂ ਉਸ ਵੱਲ ਖ਼ਾਸ ਧਿਆਨ ਨਾਲ਼ ਵੇਖਿਆ।

ਅਗਲੇ ਦਿਨ ਕਾਲਜ ਦੀ ਗੈਲਰੀ ਵਿਚ ਦੀ ਲੰਘਦੀ ਜਿੰਦਰ ਦੇ ਅਚਾਨਕ ਅਵਾਜ਼ ਕੰਨੀਂ ਪਈ, "ਜਿੰਦਰ, ਬੜਾ ਸੋਹਣਾ ਗਾ ਲੈਨੀਂ ਐਂ ਤੂੰ..! ਤੇਰਾ ਗੀਤ ਵੀ ਬਹੁਤ ਵਧੀਆ ਸੀ..!" ਅਵਾਜ਼ ਸਤਿਨਾਮ ਮੈਡਮ ਦੀ ਸੀ। ਜਿੰਦਰ ਰੁੱਕ ਗਈ, "ਉਹ ਤੇ ਊਂ ਈ ਸੀ, ਮੈਡਮ..! ਜੇ ਸੱਚ ਪੁੱਛੋਂ, ਮੈਂ ਤਾਂ ਫ਼ਸੀ-ਫ਼ਸਾਈ ਨੇ ਵੇਲ਼ਾ ਈ ਪੂਰਾ ਕੀਤਾ ਸੀ...!!" ਜਿੰਦਰ ਆਦਤ ਅਨੁਸਾਰ ਸ਼ਰਮਾ ਜਿਹੀ ਗਈ।

-"ਨਹੀਂ ਨਹੀਂ ਕਮਲ਼ੀਏ..! ਲਿਖਣਾ ਤੇ ਗਾਉਣਾ ਨਾ ਛੱਡੀਂ...! ਲਗਨ ਨਾਲ਼ ਲੱਗੀ ਰਹਿ..! ਕਿਸਮਤ ਦਾ ਪਤਾ ਨੀ ਹੁੰਦਾ, ਕਿਹੜੇ ਮੋੜ 'ਤੇ ਮਾਲਾ-ਮਾਲ ਕਰ ਦੇਵੇ...! ਲੱਗੀ ਰਹਿ..!" ਕਹਿ ਕੇ ਸਤਿਨਾਮ ਮੈਡਮ ਆਪਣੇ ਦਫ਼ਤਰ ਨੂੰ ਹੋ ਤੁਰੀ। ਜਿੰਦਰ ਅੰਦਰੋਂ-ਅੰਦਰੀ ਖ਼ੁਸ਼ ਹੋ ਗਈ। ਉਸ ਦਿਨ ਤੋਂ ਬਾਅਦ ਜਿੰਦਰ ਪੰਜਾਬੀ ਦੇ ਲੈਕਚਰ ਵੱਲ ਜ਼ਿਆਦਾ ਤਵੱਜੋ ਦੇਣ ਲੱਗੀ। ਮਨ ਹੀ ਮਨ ਸਤਿਨਾਮ ਮੈਡਮ ਨੂੰ ਉਹ ਆਪਣਾ "ਰੋਲ ਮਾਡਲ" ਸਮਝਣ ਲੱਗ ਪਈ ਸੀ।

ਇਨ੍ਹੀਂ ਦਿਨੀਂ ਜਦੋਂ ਉਹ ਹੋਰਨਾਂ ਕੁੜੀਆਂ ਨਾਲ਼ ਕਾਲਜ ਜਾਂਦੀ, ਤਾਂ ਪ੍ਰਤੀਕ ਵੀ ਉਸੇ ਬੱਸ 'ਚ ਸਵਾਰ ਹੁੰਦਾ। ਪ੍ਰਤੀਕ ਦਾ ਚਿਹਰਾ ਉਸ ਨੂੰ ਤਰੇਲ਼ ਧੋਤੇ ਫ਼ੁੱਲ ਵਾਂਗ ਤਾਜ਼ਾ-ਤਾਜ਼ਾ ਲੱਗਦਾ। ਜਦ ਉਹ ਮੋਟੀਆਂ ਅੱਖਾਂ ਅਤੇ ਠੋਕ ਕੇ ਬੰਨ੍ਹੀ ਪਟਿਆਲ਼ਾ ਸ਼ਾਹੀ ਪੱਗ ਵਾਲ਼ੇ ਸੁਨੱਖੇ ਪ੍ਰਤੀਕ ਨੂੰ ਦੇਖਦੀ ਤਾਂ ਉਸ ਦੇ ਕਾਲ਼ਜੇ ਹੌਲ ਜਿਹਾ ਪੈ ਜਾਂਦਾ, ਇੱਕ ਤਰ੍ਹਾਂ ਨਾਲ਼ ਦਿਲੋਂ ਰੁੱਗ ਜਿਹਾ ਭਰਿਆ ਜਾਂਦਾ ਅਤੇ ਮਨ-ਤਨ ਨੂੰ ਅੱਚਵੀ ਜਿਹੀ ਲੱਗ ਜਾਂਦੀ। ਪ੍ਰਤੀਕ ਜਿੰਦਰ ਨੂੰ ਚੰਗਾ ਲੱਗਣ ਲੱਗ ਪਿਆ ਸੀ। ਜਿੰਦਰ ਪ੍ਰਤੀਕ 'ਤੇ ਮਰ ਮਿਟੀ ਸੀ ਅਤੇ ਉਸ ਉਪਰ ਕੁਰਬਾਨ ਹੋਣ ਨੂੰ ਵੀ ਤਿਆਰ ਸੀ। ਪ੍ਰਤੀਕ ਜਿੰਦਰ ਦੇ ਖ਼ਿਆਲਾਂ ਅਤੇ ਕਦੇ-ਕਦੇ ਸੁਪਨੇ ਵਿਚ ਵੀ ਗੇੜਾ ਬੰਨ੍ਹੀ ਰੱਖਦਾ। ਪ੍ਰਤੀਕ ਉਸ ਦੇ ਦਿਲ ਵਿਚ ਧੜਕਦਾ ਸੀ, ਪ੍ਰਤੀਕ ਸਾਹਾਂ ਵਿਚ ਵਸਦਾ ਸੀ। ਪ੍ਰਤੀਕ ਦਾ ਖ਼ਿਆਲ ਉਸ ਦੀ ਸੋਚ ਵਿਚ ਘੁੰਮਣਘੇਰੀ ਬਣ ਘੂਕਦਾ ਰਹਿੰਦਾ। ਪਰ ਪ੍ਰਤੀਕ ਇਸ ਪੱਖੋਂ ਬਿਲਕੁਲ ਕੋਰਾ ਸੀ, ਬੇਖ਼ਬਰ ਸੀ। ਸਮਾਜ ਦੇ ਹਊਏ ਨੇ ਜਿੰਦਰ ਦੇ ਦਿਮਾਗ 'ਤੇ ਪਹਿਰਾ ਲਾ ਕੇ ਉਸ ਦੇ ਦਿਮਾਗ ਨੂੰ ਬੇਸੁੱਧ ਕੀਤਾ ਹੋਇਆ ਸੀ। ਦੋ ਸਾਲ ਦੇ ਸਮੇਂ ਦੌਰਾਨ ਉਹ ਇਕ ਵਾਰ ਵੀ ਹਿੰਮਤ ਜੁਟਾ ਕੇ ਪ੍ਰਤੀਕ ਨੂੰ ਦੱਸ ਨਾ ਸਕੀ ਕਿ ਉਹ ਉਸ ਨੂੰ ਕਿੰਨਾ ਚਾਹੁੰਦੀ ਸੀ।

ਕੋਈ ਵੀ ਆਸ ਨਾ ਬੱਝਦੀ ਦੇਖ ਕੇ ਉਹ ਸੋਚਦੀ ਕਿ ਜਿੰਦਰ ਕਿੰਨੀ ਭੋਲ਼ੀ ਤੇ ਕਿੰਨੀ ਕਮਲ਼ੀ ਐਂ ਤੂੰ...! ਇਕ ਪਾਸੜ ਪਿਆਰ ਵੀ ਕਦੇ ਸਿਰੇ ਚੜ੍ਹਿਐ...? ਪਰ ਮਨ ਦੀਆਂ ਭਾਵਨਾਵਾਂ ਉਸ ਦੀ ਸੋਚ ਸਰਹੱਦ ਤੋਂ ਕੋਹਾਂ ਦੂਰ ਸਨ। ਫਿਰ ਰਣਦੀਪ ਬਾਰੇ ਸੋਚ ਕੇ ਉਹਨੂੰ ਖਿਆਲ ਆਇਆ, ਜੋ ਉਸ ਨੂੰ ਜੀਅ-ਜਾਨ ਤੋਂ ਚਾਹੁੰਦਾ ਸੀ, ਉਸ ਨੂੰ ਪਾਉਣ ਲਈ ਹਰ ਹੀਲਾ ਅਪਣਾਉਂਦਾ ਰਿਹਾ। ਪਰ ਜਿੰਦਰ ਦੀ ਉਸ ਵਿਚ ਕੋਈ ਦਿਲਚਸਪੀ ਨਹੀਂ ਜਾਗੀ। ਉਹ ਸੋਚ ਰਹੀ ਸੀ ਕਿ ਅਜੀਬ ਇਤਫ਼ਾਕ ਸੀ, ਜਿਸ ਨੂੰ ਉਹ ਦਿਲੋਂ ਚਾਹੁੰਦੀ ਰਹੀ, ਉਸ ਕੋਲ ਸਮਾਜ ਦੀ ਲਾਹਣਤ ਦੇ ਡਰੋਂ ਮੁਹੱਬਤ ਦਾ ਇਜ਼ਹਾਰ ਨਾ ਕਰ ਸਕੀ ਤੇ ਦੂਰੀਆਂ ਬਣੀਆਂ ਰਹੀਆਂ। ਜਿਸ ਨੇ ਲੱਖਾਂ ਤਰਲੇ ਕਰ ਉਸ ਦੇ ਕਰੀਬ ਆਉਣਾ ਚਾਹਿਆ, ਉਸ ਨੂੰ ਉਸ ਦੇ ਆਪਣੇ ਮਨ ਨੇ ਸਵੀਕਾਰ ਨਾ ਕੀਤਾ। ਪਰ ਉਸ ਨੇ ਇਸ ਨੂੰ ਚੰਗੇ ਅਤੇ ਮਾੜੇ ਸੁਫ਼ਨੇ ਦੀ ਤਰ੍ਹਾਂ ਯਾਦਾਂ ਦੀ ਪੋਟਲ਼ੀ ਵਿਚ ਗੰਢ ਮਾਰ ਲਈ।

...ਅਜਿਹੀ ਉਧੇੜ-ਬੁਣ 'ਚ ਉਸ ਨੂੰ ਜ਼ਿੰਦਗੀ ਦੇ ਇਤਿਹਾਸ ਦਾ ਉਹ ਕਾਂਡ ਯਾਦ ਆ ਗਿਆ, ਜਦ ਉਸ ਦੇ ਇੰਗਲੈਂਡ ਰਹਿੰਦੇ ਫੁੱਫੜ ਜੋਰਾ ਸਿੰਘ ਨੇ ਜਿੰਦਰ ਦੇ ਬਾਪੂ ਨੂੰ ਇੱਕ ਵਲਾਇਤੀ ਲੜਕੇ ਬਲਜੀਤ ਦੀ ਦੱਸ ਪਾਈ। ਜਿੰਦਰ ਨੇ ਅਜੇ ਅਠ੍ਹਾਰਵੇਂ ਵਰ੍ਹੇ ਵਿਚ ਹੀ ਪੈਰ ਧਰਿਆ ਸੀ। ਜਿੰਦਰ ਦੇ ਬਾਪ ਨੂੰ ਜਿਵੇਂ ਹਲ਼ਕ ਛੁੱਟ ਪਿਆ ਸੀ, ਉਸ ਨੇ ਬਿਨਾ ਕਿਸੇ ਨਾਲ਼ ਵਿਚਾਰ-ਵਟਾਂਦਰਾ ਕੀਤਿਆਂ ਤੱਟ-ਫ਼ੱਟ ਹੀ 'ਹਾਂ' ਕਰ ਦਿੱਤੀ। ਰੱਬ ਸਬੱਬੀਂ ਚੰਗੇ ਭਾਗਾਂ ਨੂੰ ਵਲੈਤੋਂ ਰਿਸ਼ਤਾ ਆਇਆ ਸੀ, ਇਸ ਤੋਂ ਖ਼ੁਸ਼ਕਿਸਮਤੀ ਕੀ ਹੋ ਸਕਦੀ ਸੀ...? ਧੀ ਦੇ ਹੀ ਨਹੀਂ, ਸਾਰੇ ਟੱਬਰ ਦੇ ਹੀ ਭਾਗ ਖੁੱਲ੍ਹ ਚੱਲੇ ਸਨ...। ਰੱਬ ਤਾਂ ਦਿਆਲ ਹੋ ਕੇ ਉਨ੍ਹਾਂ ਨੂੰ ਛੱਪਰ ਪਾੜ ਕੇ ਦੇਣ 'ਤੇ ਆ ਗਿਆ ਸੀ...।

ਵਲਾਇਤ ਨੇ ਐਸੀ ਮੱਤ ਮਾਰੀ ਕਿ ਘਰ ਵਿਚ, ਜਾਂ ਕਿਸੇ ਸਾਕ-ਸਬੰਧੀ ਨਾਲ ਗੱਲ ਕਰਨ ਦੀ, ਜਾਂ ਸਲਾਹ ਲੈਣ ਦੀ ਜ਼ਰੂਰਤ ਹੀ ਨਹੀਂ ਸਮਝੀ ਗਈ। ਸਾਰਾ ਟੱਬਰ ਹੱਥਾਂ ਪੈਰਾਂ ਵਿਚ ਆ ਗਿਆ ਸੀ ਕਿ ਇਹ ਤਾਂ ਰੱਬ ਆਪ ਬਹੁੜਿਆ ਸੀ...! ਸਮਝੋ ਕੋਈ ਲਾਟਰੀ ਲੱਗ ਗਈ ਸੀ...। ਕੋਈ ਦੇਵਤਾ ਸਿੱਧ ਹੋ ਗਿਆ ਸੀ, ਜਿਸ ਨੇ ਉਨ੍ਹਾਂ ਨੂੰ ਸਾਰਾ ਕੁਛ ਬਖ਼ਸ਼ ਦੇਣਾ ਸੀ...!

ਦੂਜੇ ਪਾਸੇ ਜਦ ਕਈ ਰਿਸ਼ਤੇਦਾਰਾਂ ਦੇ ਵਲੈਤੀ ਰਿਸ਼ਤੇ ਬਾਰੇ ਕੰਨੀਂ ਭਿਣਕ ਪਈ, ਤਾਂ ਆਪਸੀ ਜੰਗ ਸ਼ੁਰੂ ਹੋ ਗਈ, "ਜੋਰਾ ਸਿਉਂ ਨੂੰ ਜਿੰਦਰ ਹੀ ਕਿਉਂ ਦਿਸੀ... ? ਸਾਡੀਆਂ ਕੁੜੀਆਂ ਵੀ ਤਾਂ ਹੈਗੀਆਂ ਸੀ...?? ਤੇ ਉਹ ਵੀ ਜਿੰਦਰ ਤੋਂ ਉਮਰ 'ਚ ਵੱਡੀਆਂ...!! ਇਹ ਤਾਂ ਭਾਈ ਲੋਹੜੈ...!"

ਕੜ੍ਹੀ-ਕਲੇਸ਼ ਸੁਣ ਕੇ ਜਿੰਦਰ ਦੇ ਘਰ ਵਾਲਿਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ।

-"ਕਲੇਸ਼ ਮਾੜਾ ਹੁੰਦੈ, ਖਸਮਾਂ ਨੂੰ ਖਾਣੇਂ ਲੋਕ ਮੇਰੀ ਧੀ ਦੇ ਸ਼ਗਨਾਂ ਦੇ ਕਾਰਜ 'ਚ ਘੜੰਮ ਪਾਉਂਦੇ ਐ..! ਬਹਿ'ਜੇ ਇਨ੍ਹਾਂ ਦੀ ਬੇੜੀ, ਥੇਹ ਹੋਣਿਆਂ ਦੀ...!" ਮਾਂ ਨੇ ਭੜਾਸ ਕੱਢੀ।

-"..........!" ਕਿਸੇ ਉਧੇੜਬੁਣ ਵਿਚ ਬਾਪੂ ਘੁੱਗੂ ਜਿਹਾ ਹੋਇਆ ਬੈਠਾ ਸੀ।

-"ਜਿੰਦਰ ਦੇ ਬਾਪੂ, ਵੇਲਾ ਹੱਥੋਂ ਨਾ ਨਿਕਲ'ਜੇ..!" ਮਾਂ ਨੇ ਜਿੰਦਰ ਦੇ ਬਾਪ ਨੂੰ ਨਸੀਹਤ ਦਿੱਤੀ। ਜਿੰਦਰ ਦੀ ਜ਼ਿੰਦਗੀ ਦੇ ਅਹਿਮ ਫ਼ੈਸਲੇ ਦੀਆਂ ਗੱਲਾਂ ਚੱਲਣ ਲੱਗੀਆਂ, ਤਾਂ ਉਸ ਦੇ ਵੀ ਕੰਨ ਵਲੇਲ ਪੈ ਗਈ।

ਪਤਾ ਲੱਗਣ 'ਤੇ ਜਿੰਦਰ ਦਾ ਮਾਮਾ ਉਨ੍ਹਾਂ ਦੇ ਪਿੰਡ ਆ ਗਿਆ।

ਭਾਂਤ-ਸੁਭਾਂਤੀਆਂ ਇਬਾਰਤਾਂ ਉਸ ਦੇ ਕੰਨੀਂ ਵੀ ਪੈ ਗਈਆਂ ਸਨ।

-"ਲੀਰ ਦੇ ਫ਼ਕੀਰ ਨਾ ਬਣੋਂ ਭੈਣ ਮੇਰੀਏ..! ਮੁੰਡੇ ਦਾ ਅੱਗਾ-ਪਿੱਛਾ ਤੇ ਪੜ੍ਹਾਈ-ਲਿਖਾਈ ਬਾਰੇ ਤਾਂ ਪਤਾ ਕਰ ਲਓ..! ਤੁਸੀਂ ਤਾਂ ਵਲੈਤ ਦੇ ਨਾਂ ਨੂੰ ਊਂਈਂ ਹੱਥਲ਼ੀਂ ਹੋ ਤੁਰੇ...!" ਚਾਹ ਪੀਂਦੇ ਜਿੰਦਰ ਦੇ ਮਾਮੇ ਨੇ ਆ ਕੇ ਅਸੂਲੀ ਗੱਲ ਕੀਤੀ।

-"ਤੂੰ ਭਰਾਵਾ ਵਿਆਹ 'ਚ ਬੀਅ ਦਾ ਲੇਖਾ ਨਾ ਦੇਹ...! ਪੜ੍ਹਾਈ ਪੁੱਛ ਕੇ ਮੁੰਡੇ ਨੂੰ ਅਸੀਂ 'ਐਲਸਪੈਲਟਰ' ਲਾਉਣੈਂ...? ਵਲੈਤ 'ਚ ਤਾਂ ਕੋਈ ਅਣਪੜ੍ਹ ਚਲਿਆ ਜਾਵੇ, ਓਹ ਲੋਕਾਂ ਦੇ ਕੰਨ ਕੁਤਰਨ ਲੱਗ ਜਾਂਦੈ, ਇਹ ਤਾਂ ਸੁੱਖ ਨਾਲ਼ ਨਿੱਕਾ ਹੁੰਦਾ ਈ ਵਲੈਤ ਚਲਿਆ ਗਿਆ ਸੀ...! ਤੂੰ ਆਬਦੀ ਮੱਕੀ ਗੁੱਡਣ ਆਲ਼ੀ ਮੱਤ ਆਬਦੇ ਕੋਲ਼ੇ ਰੱਖ...!" ਮਾਂ ਨੇ ਭਰਾ ਨੂੰ ਬੇਰ ਵਾਂਗੂੰ ਤੋੜ ਕੇ ਸੁੱਟ ਦਿੱਤਾ।

-"ਫ਼ੇਰ ਵੀ ਕੁੜੀ ਦੀ ਜ਼ਿੰਦਗੀ ਦਾ ਸੁਆਲ ਐ...! ਕੱਲ੍ਹ ਨੂੰ ਅੱਖਾਂ 'ਚ ਘਸੁੰਨ ਦੇ-ਦੇ ਰੋਵੋਂਗੇ..!"

-"ਕੋਈ ਗੋਲ਼ੀ ਨੀ ਵੱਜਦੀ ਜ਼ਿੰਦਗੀ ਨੂੰ...! ਵਲੈਤ 'ਚ ਜਾ ਕੇ ਬਥੇਰੀ ਐਸ਼ ਕਰੂ..! ਦੁਨੀਆਂ ਤਲਕਦੀ ਫ਼ਿਰਦੀ ਐ ਬਾਹਰਲੇ ਮੁਲਕ ਨੂੰ!"

-"ਮੈਨੂੰ ਤਾਂ ਇੱਕ ਡਰ ਲੱਗਦੈ...!" ਮਾਮਾ ਔਖਾ ਹੋ ਗਿਆ।

-"ਕੀ...?" ਮਾਂ ਭਰਾ ਵੱਲ ਕੋਚਰ ਵਾਂਗ ਝਾਕੀ।

-"ਕਿਤੇ ਤੁਸੀਂ ਬਿਚਾਰੀ ਕੁੜੀ ਨੂੰ ਪਰੁੰਨ੍ਹ ਕੇ ਨਾ ਰੱਖ ਦਿਓਂ...!"

-"ਨ੍ਹਾਂ ਹੁਣ ਤੈਥੋਂ ਵੀ ਵਲੈਤ ਜਾਂਦੀ ਨੀ ਜਰੀ ਜਾਂਦੀ ਕੁੜੀ...?"

-"ਤੂੰ ਜਦੋਂ ਵੀ ਗੱਲ ਕਰਨੀ ਐਂ, ਪੁੱਠੀ ਕਰਨੀ ਐਂ..! ਤਾਂਹੀਂ ਲੋਕ ਥੋਡੀ ਮੱਤ ਗਿੱਚੀ ਪਿੱਛੇ ਦੱਸਦੇ ਹੁੰਦੇ ਐ..! ਲੋਕਾਂ ਨੂੰ ਵੀ ਕੋਈ ਦੋਸ਼ ਨੀ, ਥੋਡੀ ਸੋਚ ਈ ਖ਼ੂਹ ਦੇ ਡੱਡੂ ਆਲ਼ੀ ਐ..!"

-"ਕੋਈ ਲੱਤ ਨੀ ਟੁੱਟਦੀ..! ਜੇ ਤੇਰੀ ਲੋੜ ਪਈ, ਨਾ ਆਈਂ...!" ਮਾਂ ਨੇ ਭਰਾ ਨੂੰ ਸਿੱਧੀ ਸੁਣਾਈ ਕਰ ਦਿੱਤੀ ਤਾਂ ਮਾਮਾ ਫ਼ਿੱਕਾ ਜਿਹਾ ਪਿਆ ਉਠ ਕੇ ਤੁਰ ਗਿਆ।

-"ਸਾਰਾ ਟੱਬਰ ਈ ਹਿੱਲਿਆ ਫ਼ਿਰਦੈ...! ਨਗਾਰਖਾਨੇ 'ਚ ਸਾਡੀ ਤੂਤੀ ਕੌਣ ਸੁਣਦੈ...? ਆਬਦਾ ਢੋਲ ਈ ਕੁੱਟੀ ਜਾਂਦੇ ਐ...! ਪਛਤਾਵੋਂਗੇ...! ਪਛਤਾਵੋਂਗੇ ਇੱਕ ਦਿਨ, ਸਿਆਣੇ ਦਾ ਕਿਹਾ ਤੇ ਔਲ਼ੇ ਦਾ ਖਾਧਾ ਬਾਅਦ 'ਚ ਪਤਾ ਚੱਲਦੈ..!"

-"ਵੇ ਤੂੰ ਜਾਹ ਗਹਾਂ..! ਕੇਰਾਂ ਈ ਰੱਬ ਬਣਿਆਂ ਫ਼ਿਰਦੈ..!"

ਵਲੈਤੀ ਰਿਸ਼ਤੇ ਦੀ ਖ਼ੁਸ਼ੀ ਦੇ ਨਾਲ-ਨਾਲ ਸੰਜੋਗਾਂ ਵਿਚ ਅੰਨ੍ਹਾਂ ਵਿਸ਼ਵਾਸ ਹੋਣ ਕਾਰਨ ਉਨ੍ਹਾਂ ਨੂੰ ਰਿਸ਼ਤੇਦਾਰਾਂ ਦੀ ਰਾਇ ਬਹੁਤੀ ਫ਼ਿੱਟ ਵੀ ਨਹੀਂ ਸੀ ਆਉਂਦੀ। ਇਕ ਤਾਂ ਉਸ ਦੇ ਮਾਪੇ ਆਪਣੇ ਭੋਲ਼ੇਪਨ ਅਨੁਸਾਰ ਹਰੇਕ 'ਤੇ ਜਲਦੀ ਵਿਸ਼ਵਾਸ ਕਰਨ ਦੇ ਆਦੀ ਸਨ। ਉਹ ਘੜਿਆ ਘੜਾਇਆ ਜਵਾਬ ਵਗਾਹ ਮਾਰਦੇ, "ਰਿਸ਼ਤਾ ਕਰਾਉਣ ਵਾਲੇ ਸਾਡੇ ਦੋਖੀ ਥੋੜ੍ਹੋ ਐ ਭਾਈ..! ਉਹ ਵੀ ਸਾਡਾ ਤੇ ਧੀ-ਧਿਆਣੀਂ ਦਾ ਭਲਾ ਈ ਚਾਹੁੰਦੇ ਐ..! ਬੱਸ ਲਹਿ ਜਾਣੇਂ ਲੋਕਾਂ ਤੋਂ ਈ ਜਰੇ ਨੀ ਜਾਂਦੇ..! ਪੈ'ਜੇ ਬਿੱਜ ਇਨ੍ਹਾਂ ਨੂੰ...!"

ਜਿੰਦਰ ਬਾਰ੍ਹਵੀਂ ਵਿਚ ਪੜ੍ਹ ਰਹੀ ਸੀ ਤੇ ਭਵਿੱਖ ਵਿਚ ਪੰਜਾਬੀ ਵਿਸ਼ੇ 'ਚ ਐੱਮ. ਏ. ਕਰਨ ਦੇ ਸੁਫ਼ਨੇ ਸਿਰਜਦੀ ਰਹਿੰਦੀ। ਪਰ ਉਹਦੀਆਂ ਕੀ ਯੋਜਨਾਵਾਂ ਸਨ...? ਉਹ ਪੜ੍ਹ-ਲਿਖ ਕੇ ਜ਼ਿੰਦਗੀ 'ਚ ਕੀ ਕਰਨਾ ਚਾਹੁੰਦੀ ਸੀ...?? ਕਿਸੇ ਨੇ ਜਾਨਣ ਦੀ ਕੋਸ਼ਿਸ਼ ਤਾਂ ਕੀ ਕਰਨੀ ਸੀ, ਲੋੜ ਹੀ ਨਾ ਸਮਝੀ।

-"ਤੂੰ ਵੀ ਲੋਕਾਂ ਦੀਆਂ ਉੱਘ ਦੀਆਂ ਪਤਾਲ਼ ਨਾ ਸੁਣੀਂ ਜਾਹ..! ਕੁੜੀ ਦਾ ਪਾਸਪੋਰਟ ਬਣਨਾ ਦੇਹ..! ਲੋਕਾਂ ਨੂੰ ਭੌਂਕੀ ਜਾਣਦੇ..! ਸੁੰਨੀ ਜੀ ਵੱਟ ਕੇ ਨਾ ਫ਼ਿਰੀ ਜਾਇਆ ਕਰ, ਕੋਈ ਹੱਥ ਪੱਲਾ ਵੀ ਹਿਲਾਇਆ ਕਰ! ਤੂੰ ਤਾਂ ਮੂੰਹ ਅੱਡ ਕੇ ਬੇਰੀ ਥੱਲੇ ਪੈਣ ਆਲ਼ੈਂ, ਬਈ ਲਾਲ ਪੇਂਝੂ ਬੇਰ ਮੇਰੇ ਮੂੰਹ 'ਚ ਡਿੱਗੂਗਾ..!"

-"ਹੁਣ ਲੋਕਾਂ ਨੂੰ ਛੱਡ ਕੇ ਮੇਰੇ ਮਗਰ ਪੈ'ਜਾ..! ਤੂੰ ਚੁੱਪ ਦਾ ਦਾਨ ਬਗਸ਼, ਮੈਂ ਪਰਸੋਂ ਜਾਊਂਗਾ...!" ਬਾਪੂ ਜਿਵੇਂ ਖੂਹ 'ਚੋਂ ਬੋਲਿਆ ਸੀ।

-"ਕਿਉਂ...? ਪਰਸੋਂ ਕਿਸੇ ਨੇ ਪੱਤਰੀ ਖੋਲ੍ਹ ਕੇ ਦੱਸਿਐ...? ਕੱਲ੍ਹ ਨੂੰ ਈ ਕਿਉਂ ਨੀ ਜਾਂਦਾ...?" ਬੇਬੇ ਨੇ ਲੋਕਾਂ 'ਤੇ ਚੜ੍ਹੇ ਗੁੱਸੇ ਦਾ ਨਜ਼ਲਾ ਬਾਪੂ 'ਤੇ ਝਾੜਿਆ।

-"ਕਿਉਂ ਵੱਢੂੰ ਖਾਊਂ ਕਰੀ ਜਾਨੀ ਰਹਿੰਨੀ ਐਂ...? ਜਿੰਦਰ ਨੂੰ ਛੁੱਟੀ ਵੀ ਦਿਵਾਉਣੀ ਪਊ ਕਿ ਨਹੀਂ...? ਮਾਰੀ ਜਾਊਗੀ ਜਾਭਾਂ ਨੂੰ...!" ਬਾਪੂ ਵੀ ਨਿੱਤ ਦੇ ਵਰਤਾਓ ਤੋਂ ਖਿਝ ਗਿਆ ਸੀ।

-"ਜਿੰਦਰ ਨੂੰ ਪੜ੍ਹਾ ਕੇ ਹੁਣ ਡੀ.ਸੀ. ਲਾਉਣੈਂ...? ਤੂੰ ਰਹਿਣ ਦੇ ਛੁੱਟੀ ਦਿਵਾਉਣ ਨੂੰ..! ਜਦੋਂ ਕੁੜੀ ਨੇ ਬਾਹਰ ਈ ਚਲੀ ਜਾਣੈਂ, ਫ਼ੇਰ ਕੀ ਲੋੜ ਐ ਪੜ੍ਹਨ ਦੀ..? ਤੂੰ ਬਾਹਲ਼ੀ ਮਗਜਮਾਰੀ ਨਾ ਕਰ..! ਕੁੜੀ ਨੂੰ ਨਾਲ਼ ਲੈ, ਤੇ ਪਾਸਪੋਰਟ ਬਣਨਾ ਦੇਹ ਕੱਲ੍ਹ ਨੂੰ..! ਬੋਲ ਬਾਖਰੂ..! ਮੇਰੇ ਵੱਲੋਂ ਚਾਹੇ ਨਾਂ ਕਟਵਾ ਲੈ ਇਹਦਾ, ਜਿੰਨਾਂ ਨ੍ਹਾਤੀ ਓਨਾਂ ਈ ਪੁੰਨ, ਬਹੁਤ ਪੜ੍ਹਲੀ ਇਹੇ..! ਅਖੇ ਆਖਰ ਪੁੱਤ ਬਸੰਤਿਆ, ਤੂੰ ਹੱਟੀ ਬਹਿਣਾਂ, ਓਥੇ ਜਾ ਕੇ ਵੀ ਇਹਨੇ ਚੁੱਲ੍ਹਾ ਚੌਂਕਾ ਈ ਸਾਂਭਣੈਂ, ਚਿੱਠੀ ਪੱਤਰ ਜੋਕਰੀ ਹੋਗੀ ਇਹੇ, ਮੈਂ ਹੁਣ ਰੱਜੀ ਧਾਈ ਇਹਦੀ ਪੜ੍ਹਾਈ ਤੋਂ, ਨਾਲ਼ੇ ਥੱਬਾ ਰੁਪਈਆਂ ਦਾ ਲਾਓ, ਤੇ ਨਾਲ਼ੇ ਡੱਪ-ਡੱਪ ਸਕੂਲਾਂ 'ਚ ਧੱਕੇ ਖਾਓ, ਕੀ ਫ਼ਾਇਦਾ? ਨ੍ਹਾਂ ਕਾਹਦੇ ਵਾਸਤੇ..?"

-"..............!" ਬਾਪੂ ਚੁੱਪ ਸੀ।

-"ਇੱਕ ਲੋਕ ਨੀ ਟਿਕਣ ਦਿੰਦੇ...!" ਮਾਂ ਦੇ ਗਲ਼ ਵਿੱਚ ਹੰਝੂ ਬੋਲੇ, "ਪਤਾ ਨੀ ਇਨ੍ਹਾਂ ਦੇ ਕੀ ਪੈਰ ਮਿੱਧ'ਤੇ ਅਸੀਂ..!" ਅਗਲੇ ਦਿਨ ਬਾਪੂ ਜਿੰਦਰ ਨੂੰ ਨਾਲ਼ ਲੈ ਸ਼ਹਿਰ ਨੂੰ ਬੱਸ ਚੜ੍ਹ ਗਿਆ।

ਜਿੰਦਰ ਰਾਮ ਗਊ ਵਾਂਗ ਬਾਪੂ ਦੇ ਨਾਲ਼ ਤੁਰੀ ਫ਼ਿਰਦੀ ਸੀ। ਅਠਾਰਾਂ ਸਾਲ ਦੀ ਉਮਰ ਵਿਚ ਉਸ ਨੂੰ ਵਿਆਹ ਬਾਰੇ ਬਹੁਤਾ ਗਿਆਨ ਨਹੀਂ ਸੀ। ਅਜੇ ਉਹ ਖ਼ੁਸ਼ੀ-ਗ਼ਮੀ ਤੋਂ ਨਿਰਲੇਪ ਸੀ।

-"ਕਿੰਨਾਂ ਕੁ ਚਿਰ ਲੱਗ ਜਾਊਗਾ ਪਾਸਪੋਰਟ ਆਉਣ ਨੂੰ ਜੀ...?" ਸਾਰੀ ਕਾਰਵਾਈ ਮੁਕੰਮਲ ਹੋਣ ਤੋਂ ਬਾਅਦ ਬਾਪੂ ਨੇ ਟਰੈਵਲ ਏਜੰਟ ਨੂੰ ਪੁੱਛਿਆ।

-"ਛੇ ਕੁ ਮਹੀਨੇ ਲੱਗ ਈ ਜਾਣੇ ਐਂ ਸਰਦਾਰ ਜੀ...!"

-"ਛੇ ਮਹੀਨੇ...?" ਬਾਪੂ ਦੇ ਸਾਹ ਮਗਜ ਨੂੰ ਗਏ। ਉਹ ਤਾਂ ਹਫ਼ਤਾ, ਜਾਂ ਦੋ ਹਫ਼ਤੇ ਸਮਝੀ ਬੈਠਾ ਸੀ।

-"ਆਹੋ...! ਛੇ ਮਹੀਨੇ ਹੀ ਲੱਗਦੇ ਐ ਬਾਪੂ...!" ਅੰਦਰੋਂ ਵੱਡੇ ਏਜੰਟ ਨੇ ਹੋਕਰਾ ਮਾਰ ਕੇ ਹਾਂਮ੍ਹੀਂ ਭਰੀ।

-"ਲੈ ਦੇ ਕੇ ਛੇਤੀ ਨੀ ਨਿਕਲ਼ਦਾ...?" ਬਾਪੂ ਨੇ ਏਜੰਟ ਦੇ ਕੰਨ ਨਾਲ਼ ਮੂੰਹ ਜੋੜ ਕੇ ਕਿਹਾ।

-"ਤੁਸੀਂ ਹੁਕਮ ਕਰਿਓ...! ਖਿੱਚ ਕੇ ਨੇੜੇ ਕਰ ਦਿਆਂਗੇ, ਸਰਦਾਰ ਜੀ...! ਗਾਂਧੀ ਆਲ਼ੇ ਨੋਟਾਂ ਹੱਥ ਡੋਰ ਐ ਸਾਰੇ ਕਾਰਜਾਂ ਦੀ, ਤੇ ਅਫ਼ਸਰਸ਼ਾਹੀ ਤਾਂ ਪੈਸੇ ਬਿਨਾਂ ਰੱਬ ਨੂੰ ਮੱਥਾ ਨੀ ਟੇਕਦੀ..!" ਏਜੰਟ ਨੇ ਅੜੀ 'ਚ ਅੜੀ ਅੜਾਈ।

-"ਕੁੜੀ ਦਾ ਵਿਆਹ ਰੱਖਿਐ, ਸ਼ੇਰਾ...! ਮਸਾਂ ਵਲੈਤੋਂ ਰਿਸ਼ਤਾ ਜੁੜਿਐ...! ਮਾਰੋ ਕੋਈ ਰੇਖ 'ਚ ਮੇਖ, ਸਹੁੰ ਗੁਰੂ ਦੀ ਜੇ ਪਾਸਪੋਰਟ ਛੇਤੀ ਨਿਕਲ਼ ਆਵੇ, ਚਿੱਠੇ ਈ ਤਰ ਜਾਣ...!"

-"ਅੰਦਰ ਜਾ ਕੇ ਗੱਲ ਕਰ ਲਓ...! ਵੱਡੇ ਸਾਹਿਬ ਅੰਦਰ ਨੇ..!"

-"ਕੀ ਨਾਂ ਐਂ ਬੱਡੇ ਸਾਹਿਬ ਦਾ...?"

-"ਕਲਿਆਨ ਸਾਹਿਬ...!" ਕਲਰਕ ਨੇ ਦੱਸਿਆ।

ਬਾਪੂ ਜਿੰਦਰ ਨੂੰ ਲੈ ਕੇ 'ਕਲਿਆਨ ਸਾਹਿਬ' ਕੋਲ਼ ਅੰਦਰ ਚਲਿਆ ਗਿਆ।

-"ਲਾਹਣ ਸਾਹਿਬ, ਸਾਸਰੀਕਾਲ..!" ਬਾਪੂ ਦੇ ਠਾਹ ਸੋਟੇ ਤੋਂ ਸਾਰਾ ਸਟਾਫ਼ ਹੱਸ ਪਿਆ।

ਜਿੰਦਰ ਵੀ ਫ਼ਿੱਕੀ ਜਿਹੀ ਪਈ ਖੜ੍ਹੀ ਸੀ।

ਕਲਿਆਨ ਵੀ ਹੱਸਣ ਲੱਗ ਪਿਆ।

-"ਲਾਹਣ ਨੀ, ਬਾਪੂ ਸਿਆਂ...! ਕਲਿਆਨ ਆਖ, ਕਲਿਆਨ..!"

-"ਕੀ ਲਾਹਣ, ਤੇ ਕੀ ਕਲਿਆਨ..? ਜੋ ਆਇਆ, ਮੂੰਹੋਂ ਕੱਢ ਮਾਰਿਆ..! ਤੁਸੀਂ ਹੁਣ ਮੇਰੇ ਆਲ਼ਾ ਘਾਣ ਨਾ ਕਰੋ..! ਮੈਨੂੰ ਕਿਸੇ ਰਾਹ ਪਾਓ..!" ਬਾਪੂ ਬਗ਼ੈਰ ਭੂਮਿਕਾ ਤੋਂ ਗੱਲ ਕਰਨ ਦਾ ਆਦੀ ਸੀ।

-"ਅਜੇ ਤਾਂ ਪਾਸਪੋਰਟ ਅਪਲਾਈ ਹੋਇਐ, ਬਾਪੂ...! ਮਹੀਨੇ ਕੁ ਬਾਅਦ ਗੇੜਾ ਮਾਰ ਲੈਣਾਂ..! ਪੜ੍ਹ ਦਿਆਂਗੇ ਕੋਈ ਮੰਤਰ..! ਚਿੰਤਾ ਨਾ ਕਰੋ..! ਅਸੀਂ ਕਾਹਦੇ ਵਾਸਤੇ ਬੈਠੇ ਐਂ, ਬਾਪੂ ਮੇਰਿਆ...?" ਕਲਿਆਨ ਨੂੰ ਪਤਾ ਲੱਗ ਗਿਆ ਕਿ 'ਮੁਰਗੀ' ਹਲਾਲ ਹੋਣ ਵਾਸਤੇ ਆਪ ਤਰਲੇ ਲੈ ਰਹੀ ਹੈ। ਦਾਣਾ ਪਾ ਕੇ ਮਰੋੜ ਲਈ ਜਾਵੇ, ਸੁੱਕੀ ਨਾ ਛੱਡਿਆ ਜਾਵੇ।

-"ਕੁੜੀ ਦਾ ਰਿਸ਼ਤਾ ਵਲੈਤ ਪੱਕਾ ਹੋਇਐ ਸ਼ੇਰਾ...! ਧੀ ਧਿਆਣੀ ਦੀ ਜ਼ਿੰਦਗੀ ਦਾ ਸੁਆਲ ਐ..!"

"ਬਾਪੂ, ਝੋਰਾ ਕਾਹਦਾ ਕਰਦੈਂ...? ਤੂੰ ਆ ਤਾਂ ਜਾਈਂ, ਕੁੱਤੀਆਂ ਕੰਧਾਂ 'ਤੇ ਚਾੜ੍ਹ ਦਿਆਂਗੇ...! ਤੂੰ ਇੱਕ ਆਰੀ ਸਿੱਧਾ ਹੋ ਕੇ ਦਰਸ਼ਣ ਦੇਹ, ਬੱਕਰੀ ਗੁੱਲਾਂ 'ਤੇ ਨਾਚ ਕਰਦੀ ਦੇਖੀਂ...!" ਠਰਕੀ ਕਲਿਆਣ ਨੇ ਜਿੰਦਰ ਵੱਲ ਤਿਰਛੀ ਨਜ਼ਰ ਨਾਲ਼ ਝਾਕਦਿਆਂ ਕਿਹਾ। ਜਿੰਦਰ ਨੇ ਮਾੜੀ ਨੀਅਤ ਭਾਂਪ ਕੇ ਕਬੂਤਰ ਵਾਂਗ ਖੰਭ ਜਿਹੇ ਘੁੱਟ ਲਏ ਅਤੇ ਇੱਕ ਖੂੰਜੇ ਲੱਗ ਕੇ ਖੜ੍ਹ ਗਈ।

-"ਚਾਹ ਪੀਣੀਂ ਐਂ ਕਿ ਠੰਢਾ..?" ਉਸ ਨੇ ਜਿੰਦਰ ਵੱਲ ਬਾਘੜ ਬਿੱਲੇ ਵਾਂਗ ਝਾਕ ਕੇ ਪੁੱਛਿਆ।

-"ਤੂੰ ਮੇਰਾ ਬੱਸ ਆਹ ਪਾਸਪੋਰਟ ਆਲ਼ਾ ਕੰਮ ਕਰਦੇ, ਸਾਰਾ ਕੁਛ ਵਿੱਚੇ ਈ ਆ ਗਿਆ ਸ਼ੇਰਾ..!" ਬਾਪੂ ਬੋਲਿਆ।

ਜਿੰਦਰ ਦਾ ਸਰੀਰ 'ਝਰਨ-ਝਰਨ' ਕਰੀ ਜਾ ਰਿਹਾ ਸੀ।

ਸਾਰੇ ਕਾਸੇ ਤੋਂ ਬੇਖ਼ਬਰ ਬਾਪੂ ਖ਼ੁਸ਼ੀ ਨਾਲ਼ ਗੜੁੱਚ ਹੋਇਆ ਬਾਹਰ ਆ ਗਿਆ।

ਉਸ ਦੇ ਧਰਤੀ ਪੈਰ ਨਹੀਂ ਲੱਗਦੇ ਸਨ।

ਕਿਸੇ ਗ਼ੈਬੀ ਖ਼ੁਸ਼ੀ ਨਾਲ਼ ਉਹ ਧਰਤੀ ਤੋਂ ਗਿੱਠ ਉਚਾ ਤੁਰ ਰਿਹਾ ਸੀ।

ਦਿਨ ਦੇ ਛੁਪਾਅ ਨਾਲ਼ ਬਾਪੂ ਨੇ ਬੇਬੇ ਤੋਂ ਚੋਰੀ 'ਰੂੜੀ-ਮਾਰਕਾ' ਦੀ ਬੋਤਲ ਖ਼ਰੀਦ ਲਈ ਅਤੇ ਘਰ ਦੇ ਪਿਛਵਾੜੇ ਦੋ ਤਕੜੇ ਪੈੱਗ ਚਾੜ੍ਹ ਲਏ ਅਤੇ ਸਰੂਰ ਜਿਹੇ 'ਚ ਹੋ ਕੇ ਘਰ ਆ ਗਿਆ। ਉਹ ਵਾਰ-ਵਾਰ ਕਰੜਾ ਖੰਘੂਰਾ ਜਿਹਾ ਮਾਰਦਾ ਸੀ।

ਬੇਬੇ ਚੌਂਕੇ ਵਿਚ ਆਟਾ ਗੁੰਨ੍ਹ ਰਹੀ ਸੀ।

ਇੱਕ ਪਾਸੇ ਤੌੜੀ ਵਿਚ ਸਰ੍ਹੋਂ ਦਾ ਸਾਗ ਰਿੱਝ ਰਿਹਾ ਸੀ।

ਜਿੰਦਰ ਬੈਠਕ ਵਿਚ ਬੈਠੀ ਪੜ੍ਹ ਰਹੀ ਸੀ।

-"ਊਂ ਇੱਕ ਗੱਲ ਤਾਂ ਹੈਗੀ, ਸ਼ਾਮ ਕੁਰੇ...!" ਬਾਪੂ ਨੇ ਖੰਘੂਰਾ ਜਿਹਾ ਮਾਰ ਕੇ ਗੱਲ ਤੋਰੀ। ਉਹ ਨਸ਼ੇ ਨਾਲ਼ ਮੰਜੇ 'ਤੇ 'ਤੋਤਾ' ਬਣਿਆਂ ਬੈਠਾ ਸੀ।

-"ਕੀ...?" ਬੇਬੇ ਸਾਗ 'ਚ ਘੋਟਣੀਂ ਫ਼ੇਰਦੀ ਹੋਈ ਬੋਲੀ।

-"ਊਂ ਤਾਂ ਆਪਣੀ ਜਿੰਦਰ ਦੀ ਜੂਨ ਸੁਧਰ'ਜੂ..! ਧਰ ਧਰ ਭੁੱਲਿਆ ਕਰੂਗੀ ਜਿਉਣ ਜੋਕਰੀ..! ਆਪਣਾ ਤਾਂ ਸਾਰੀ ਉਮਰ ਠੂਠੇ ਨਾਲ਼ ਕੁਨਾਲ਼ ਈ ਖੜਕਿਐ...! ਕੀ ਐ ਇਹਦੇ ਨਾਲ਼ ਆਪਣੇ ਦਿਨ ਵੀ ਸੁਖਾਲ਼ੇ ਆ ਜਾਣ..?"

-"ਤਾਂ ਹੀਂ ਤਾਂ ਗੋਲ਼ੀ ਪੈਣੇ ਲੋਕ ਭੱਠ ਦੇ ਦਾਣੇ ਮਾਂਗੂੰ ਬੁੜ੍ਹਕਦੇ ਐ..! ਆਹੀ ਗੱਲ ਉਨ੍ਹਾਂ ਨੂੰ ਨੀ ਟਿਕਣ ਦਿੰਦੀ..! ਬਈ ਸਾਡੀ ਕਿਛਮਤ ਕਿਉਂ ਨੀ ਖੁੱਲ੍ਹਗੀ...? ਇਨ੍ਹਾਂ ਦੀਆਂ ਸੱਤੇ ਖੈਰਾਂ ਕਿਉਂ ਹੋਈ ਜਾਂਦੀਐਂ..? ਇਨ੍ਹਾਂ ਨੂੰ ਇਹ ਨੀ ਪਤਾ ਬਈ ਕਮਲ਼ੇ ਰਮਲ਼ਿਆਂ ਦਾ ਰੱਬ ਹੁੰਦੈ..! ਕਿਸੇ ਦੀ ਕਿਛਮਤ ਦਾ ਕੋਈ ਸ਼ਰੀਕ ਥੋੜ੍ਹੋ ਹੁੰਦੈ..? ਕਿਸੇ ਦੀ ਤਰੱਕੀ ਜਰਦੇ ਨੀ, ਪੈਜੇ ਇਨ੍ਹਾਂ ਦੀ ਪੁੜਪੁੜੀ 'ਚ ਇੱਟ..!"

-"ਚੱਲ ਕਾਹਨੂੰ ਗਾਲ਼ਾਂ ਦੀ ਛੂਟ ਬੰਨ੍ਹੀ ਐਂ...? ਨੌਂ ਨਿਧਾਂ ਤੇ 'ਠਾਰਾਂ ਸਿਧਾਂ ਕਰਨ ਆਲ਼ਾ ਔਹ ਰੱਬ ਐ, ਲੀਲੀ ਛੱਤ ਆਲ਼ਾ..! ਸੁੱਖ ਨਾ' ਚਿੜੀਆਂ ਦਾ ਵੀ ਓਹੀ, ਤੇ ਬਾਜਾਂ ਦਾ ਵੀ ਓਹੀ...! ਉਹਨੂੰ ਚਿੰਤਾ ਐ ਜੀਓ ਜੀਅ ਦੀ..!" ਬਾਪੂ ਨੇ ਅਸਮਾਨ ਵੱਲ ਦੇਖ ਕੇ ਹੱਥ ਜੋੜੇ।

-"ਕੀ ਕਹਿੰਦੇ ਸੀ..? ਕਦੋਂ ਕੁ ਬਣਜੂਗਾ ਪਾਸਪੋਰਟ..?"

-"ਊਂ ਤਾਂ ਲੱਗਣਗੇ ਛੇ ਮਹੀਨੇ..!"

-"ਬੂਹ ਮੈਂ ਮਰਜਾਂ...! ਛੇ ਮਹੀਨੇ...?" ਮਾਂ ਦਾ ਲਹੂ ਸੁੱਕ ਗਿਆ।

-"ਆਹੋ...!"

-"ਛੇ ਤਾਂ ਖਸਮਾਂ ਨੂੰ ਖਾਣੇਂ ਬਲ਼ਾਈ ਬਾਹਲ਼ੇ ਐ...!"

-"ਤੂੰ ਸੁਣ ਤਾਂ ਸਹੀ...! ਜਰੈਂਦ ਕਰ..! ਮੈਂ ਕਿਹੜੀ ਮਰਜ ਦੀ ਦਾਰੂ ਐਂ...?"

-"ਤਾਂ ਵੀ...?"

-"ਮੈਂ ਕਰ ਲਿਆ ਪਤਾ..! ਹੱਥ ਝਾੜਾਂਗੇ, ਤੇ ਪਾਸਪੋਰਟ ਹੱਥ 'ਤੇ...! ਝੋਕਾ ਲਾਏ ਬਿਨਾਂ ਭੱਠੀ ਨੀ ਤਪਣੀ..!"

-"ਕੀਤੀ ਐ ਗੱਲ ਕਿਸੇ ਨਾਲ਼...?"

-"ਹੈ ਕਮਲ਼ੀ...? ਮੈਂ ਐਨਾਂ ਵੀ ਕਮਲ਼ਾ ਨਹੀਂ, ਜਿੰਨਾਂ ਤੂੰ ਮੈਨੂੰ ਸਮਝਦੀ ਐਂ..! ਮੈਂ ਘਾਟ-ਘਾਟ ਦਾ ਪਾਣੀ ਪੀਤੈ, ਸੱਤ ਪੱਤਣਾਂ ਦਾ ਤਾਰੂ ਐਂ ਮੈਂ...! ਮੈਂ ਤਾਂ ਰਹਿ ਈ ਅਣਪੜ੍ਹ ਗਿਆ..! ਜੇ ਮਾੜਾ ਮੋਟਾ ਪੜ੍ਹ ਕੇ ਵਕੀਲ ਲੱਗ ਜਾਂਦਾ, ਲੋਕ ਗੱਲਾਂ ਕਰਦੇ, ਬਈ ਵਕੀਲ ਤਾਂ ਫ਼ਲਾਣੇਂ ਪਿੰਡ ਦੈ ਬਾਈ ਸਿਆਂ..! ਮਾੜੇ ਧੀੜ੍ਹੇ ਜੱਜ ਨੂੰ ਤਾਂ ਥਾਂ 'ਤੇ ਈ ਖਿਲਾਰ ਦਿੰਦੈ...! ਗੱਲ ਏਜੰਟ ਨਾਲ਼ ਮੈਂ ਕਰ'ਲੀ ਐ..!"

-"ਕੀ ਗੱਲ ਕੀਤੀ...?"

-"ਠਹਿਰ ਇੱਕ ਮਿੰਟ...! ਤੇਲ ਪਾਏ ਬਿਨਾ ਇੰਜਣ ਹਵਾ ਲੈਜੂ...!" ਬਾਪੂ ਹਨ੍ਹੇਰੀ ਵਾਂਗ ਬਾਹਰ ਗਿਆ। ਘਰ ਦੇ ਪਿਛਵਾੜੇ ਦੀ ਰੂੜੀ 'ਚੋਂ ਬੋਤਲ ਧੂਹ ਲਿਆਇਆ ਅਤੇ ਲਿਆ ਕੇ ਸੁਗਾਤ ਵਾਂਗ ਕੰਧੋਲ਼ੀ 'ਤੇ ਰੱਖ ਦਿੱਤੀ।

-"ਆਹ ਖਸਮਾਂ ਨੂੰ ਖਾਣੀ ਕਿੱਥੋਂ ਲਿਆਂਦੀ...?"

-"ਇਹ ਤਾਂ ਅਰਸ਼ੋਂ ਉਤਰਦੀ ਐ ਕਰਮਾਂ ਆਲ਼ੀ...! ਸਾਡੀ ਖਾਤਰ ਸਹੁਰੀ ਅਰਸ਼ੋਂ ਉਤਰਦੀ ਐ ਇਹੇ..! ਮੈਂ ਤਾਂ ਕਿਸੇ ਬਲਾਅ ਵਰਗਾ ਐਂ ਸ਼ਾਮ ਕੁਰੇ..! ਪ੍ਰੇਤ ਵਰਗੈਂ ਮੈਂ ਤਾਂ..! ਪਾਸਪੋਰਟ ਤਾਂ ਮੈਂ ਦੇਵਤੇ ਵਾਂਗੂੰ ਪ੍ਰਗਟ ਕਰ ਦਿਊਂਗਾ..! ਤੂੰ ਫ਼ਿਕਰ ਨਾ ਕਰ..! ਬੱਸ ਮੇਰੀ ਸੁੱਖ ਮੰਗਿਆ ਕਰ..!" ਉਹ ਗਿਰਝ ਵਾਂਗ ਬੋਤਲ 'ਤੇ ਝਪਟਿਆ ਅਤੇ ਗਿਲਾਸ ਭਰ, ਸ਼ਰਬਤ ਦੇ ਪਾਣੀ ਵਾਂਗ ਅੰਦਰ ਸੁੱਟਿਆ।

ਘਰ ਦੀ ਦਾਰੂ ਨੇ ਅੰਦਰ ਅੱਗ ਮਚਾ ਦਿੱਤੀ।

ਮੱਥੇ 'ਤੇ ਮੁੜ੍ਹਕਾ ਆ ਗਿਆ।

-"ਤੂੰ ਹੁਣ ਸ਼ਰਾਬੀਆਂ ਆਲ਼ੀ ਗੱਲ ਨਾ ਕਰ, ਪਾਸਪੋਰਟ ਦੀ ਗੱਲ ਦੱਸ..!" ਬੇਬੇ ਬੜੀ ਬੇਕਿਰਕੀ ਨਾਲ਼ ਸਾਗ 'ਚ ਘੋਟਣੀ ਫ਼ੇਰੀ ਜਾ ਰਹੀ ਸੀ।

-"ਨ੍ਹਾਂ ਤੂੰ ਮੈਨੂੰ ਸ਼ਰਾਬੀ ਸਮਝਦੀ ਐਂ..? ਮੈਂ ਤਾਂ ਡੂੰਘੇ ਛੱਪੜ ਵਰਗੈਂ ਸ਼ਾਮ ਕੁਰੇ..! ਢਿੱਡ ਤਾਂ ਮੇਰਾ ਸਮਝਲਾ ਟੋਏ ਅਰਗਾ ਐ, ਦਾਰੂ ਦਾ ਡਰੰਮ ਪੀ ਕੇ ਪਤਾ ਨਾ ਲੱਗਣ ਦੇਵਾਂ..! ਆਹ ਕੰਧੋਲ਼ੀ ਦੇ ਦੀਵੇ ਜਿੱਡੀ ਬੋਤਲੀ ਜੀ ਮੈਨੂੰ ਕੀ ਕਰੂ..? ਐਨੀ ਕੁ ਤਾਂ ਮੈਂ ਸੁਆਦ ਦੇਖਦਾ-ਦੇਖਦਾ ਪੀ'ਜਾਂ..!"

-"ਤੂੰ ਪਾਸਪੋਰਟ ਬਾਰੇ ਦੱਸ...! ਹਿੱਲਿਆਂ ਆਲ਼ੀਆਂ ਗੱਲਾਂ ਨਾ ਕਰ..!"

-"ਹਾਂ...! ਪਾਸਪੋਰਟ ਆਲ਼ਾ ਲਾਹਣ ਸਾਹਿਬ ਕਹਿੰਦਾ ਮਹੀਨੇ ਕੁ ਨੂੰ ਆ ਜਾਇਓ, ਪਾਸਪੋਰਟ ਮਿਲ਼ਜੂਗਾ..! ਹੁਣ ਤੂੰ ਦੱਸ..? ਕੁੜੀ ਦਾ ਪਾਸਪੋਰਟ ਲੈਣੈਂ, ਕਿ ਮੇਰੀ ਜਾਨ ਲੈਣੀਂ ਐਂ..?"

-"ਕੀ ਨਾਂ ਐਂ ਓਹਦਾ...? ਲਾਹਣ...?" ਬੇਬੇ ਬੋਲੀ।

-"ਕੁੜ੍ਹ ਜਿੰਦਰ...!"

-"ਹਾਂ ਬਾਪੂ ਜੀ...?"

-"ਕੁੜ੍ਹੇ ਕੀ ਨਾਂ ਐਂ ਓਹਦਾ ਪਾਸਪੋਰਟ ਆਲ਼ੇ ਦਾ...? ਲਾਹਣ ਅਰਗਾ ਨਾਂ ਐਂ...!"

-"ਕਲਿਆਨ ਐਂ ਬਾਪੂ ਜੀ...! ਕਲਿਆਣ...!"

-"ਕਲਿਆਣ ਐਂ...! ਮੈਂ ਲਾਹਣ ਈ ਆਖੀ ਗਿਆ...!"

-"ਲਾਹਣ ਬਿਨਾ ਤੈਨੂੰ ਕਾਹਨੂੰ ਕੁਛ ਦੀਂਹਦੈ...? ਬੱਸ ਅੱਠੇ ਪਹਿਰ ਲਾਹਣ ਈ ਲਾਹਣ..!"

-"ਐਮੇ ਨਾ ਮੈਨੂੰ 'ਤੋਏ-ਤੋਏ' ਕਰਿਆ ਕਰ, ਮੈਂ ਫ਼ੇਰ ਵੀ ਤੇਰਾ ਪਤੀ ਪ੍ਰਮੇਸ਼ਰ ਐਂ..!"

-"ਚੰਗਾ..! ਸਾਗ ਬਣ ਗਿਆ, ਰੋਟੀ ਲਾਹੁੰਣ ਲੱਗੀ ਐਂ, ਰੋਟੀ ਖਾ ਲੈ..!" ਬੇਬੇ ਨੇ ਆਟੇ ਵਾਲ਼ੀ ਪਰਾਂਤ ਨੇੜੇ ਖਿੱਚ ਲਈ।

-"ਖਾਣ ਜੋਕਰਾ ਹੋ ਤਾਂ ਜਾਂਵਾਂ..! ਰੋਟੀ ਨੂੰ ਐਡੀ ਛੇਤੀ ਛਪਾਰ ਦੇ ਮੇਲੇ ਤਾਂ ਨੀ ਜਾਣਾਂ..? ਰੋਟੀ ਤਾਂ ਨਿੱਤ ਈ ਖਾਨੇ ਐਂ..!"

-"ਕੀ ਨਾਂ ਦੱਸਿਆ ਸੀ ਪਾਸਪੋਰਟ ਵਾਲ਼ੇ ਭਾਈ ਦਾ..?"

-"ਮੈਂ ਤਾਂ ਫ਼ੇਰ ਭੁੱਲ ਗਿਆ...!"

-"ਕਲਿਆਣ...!" ਜਿੰਦਰ ਅੰਦਰੋਂ ਬੋਲੀ।

-"ਵੇ ਫ਼ੁੱਟ..! ਕਲਿਆਣ ਜੈ ਖਾਣੇ ਦਾ ਕੋਈ ਨਾਂ ਐਂ...? ਕਲਿਆਣ ਤਾਂ ਅਸੀਂ ਗਾਲ਼ ਕੱਢਦੇ ਹੁੰਦੇ ਸੀ, ਬਈ ਬੰਦਾ ਬਣਜਾ, ਨਹੀਂ ਤੇਰਾ ਕਲਿਆਣ ਕਰਦੂੰ...!"

-"ਸ਼ਹਿਰਾਂ 'ਚ ਲੋਕਾਂ ਦੇ ਐਹੋ ਜਿਹੇ ਈ ਨਾਂ ਹੁੰਦੇ ਐਂ..! ਕਿਸੇ ਦਾ ਕਲਿਆਣ ਤੇ ਕਿਸੇ ਦਾ ਛਾਬੜਾ..! ਤੈਨੂੰ ਘਰੇ ਬੈਠੀ ਨੂੰ ਕੀ ਪਤਾ ਲੱਗਣੈਂ..? ਤੂੰ ਤਾਂ ਖੂਹ ਦਾ ਡੱਡੂ ਐਂ..!"

-"ਚੱਲ ਖਾਣ ਖਸਮਾਂ ਨੂੰ..! ਤੂੰ ਲੰਗਰ ਝੁਲ਼ਸ..! ਮੈਂ ਵੀ ਤਾਂ ਸਵੇਰ ਤੋਂ ਲੈ ਕੇ ਆਥਣ ਤੱਕ ਵੰਝ 'ਤੇ ਚੜ੍ਹੀ ਰਹਿੰਨੀ ਐਂ..!"

-"ਲੈ ਝੁਲ਼ਸ ਲੰਗਰ..! ਕਦੇ ਤਾਂ ਮੋਹ-ਮੁਹੱਬਤ ਨਾਲ਼ ਬੋਲ ਪਿਆ ਕਰ..! ਅੱਠੇ ਪਹਿਰ ਲਾਂਬੂ ਈ ਛੱਡਦੀ ਰਹਿੰਨੀ ਐਂ..! ਜੇ ਤੂੰ ਸ਼ਹਿਰ 'ਚ ਵਿਆਹੀ ਹੁੰਦੀ, ਤੇਰਾ ਨਾਂ ਵੀ ਲਾਂਬੂ ਰਾਣੀ ਜਾਂ ਲਾਟ ਕੁਰ ਈ ਹੋਣਾ ਸੀ..!" ਉਸ ਨੇ ਗਿਲਾਸ ਭਰ ਕੇ ਅੰਦਰ ਸੁੱਟਿਆ। ਖੱਟਰ ਦਾਰੂ ਨੇ ਉਸ ਨੂੰ ਪੱਠਾ ਲਾ ਦਿੱਤਾ। ਉਸ ਨੇ ਅਚਾਰੀ ਮਿਰਚ ਮੂੰਹ ਵਿਚ ਪਾਈ ਤਾਂ ਕੁੜੱਤਣ ਨਾਲ਼ ਜੀਭ ਹੋਰ ਜਲ਼ ਉਠੀ ਅਤੇ ਮੂੰਹ ਆਪਣੇ ਆਪ ਖੁੱਲ੍ਹ ਗਿਆ।

-"ਵੇ ਵਿਆਹੁੰਣੀ ਕੀਹਨੇ ਸੀ..? ਸੰਜੋਗ ਤਾਂ ਡੁੱਬ ਜਾਣੇ ਤੇਰੇ ਨਾਲ਼ ਨਰੜੇ ਵੇ ਸੀ..!"

-"ਬਾਹਲ਼ੀ ਦੁਨੀਆਂ ਨਾਲ਼ੋਂ ਚੰਗੀ ਐਂ ਸ਼ਾਮ ਕੁਰੇ..! ਬਾਹਲ਼ੀ ਦੁਨੀਆਂ ਨਾਲ਼ੋਂ ਚੰਗੀ ਐਂ ਤੂੰ..! ਦੇਖ, ਘੁਲਾੜ੍ਹੇ ਵਰਗਾ ਖਸਮ ਚੰਦ ਤੇਰੇ ਮੂਹਰੇ ਬਿੱਲੀ ਬਣਿਆਂ ਬੈਠੈ, ਨਹੀਂ ਅਗਲਾ ਘੁੱਟ ਦਾਰੂ ਦੀ ਪੀ ਕੇ ਤੀਮੀਂ ਨੂੰ ਈ ਪਰਾਗਾ ਪਾ ਲੈਂਦੈ..! ਮੈਂ ਦੇਖ'ਲਾ ਤੈਨੂੰ ਦੇਖ ਦੇਖ ਜਿਉਨੈਂ..! ਤੇਰੇ ਸਾਹੀਂ ਸਾਹ ਲੈਨੈਂ, ਕਦੇ ਫ਼ੁੱਲ ਦੀ ਨੀ ਲਾਈ, ਸਮਾਂ ਦੀ ਫ਼ੁੱਲਾਂ ਮਾਂਗੂੰ ਰੱਖਿਐ ਮੈਂ ਤੈਨੂੰ..!"

-"ਸੁਆਹ.!! ਤੇ ਨਾਲ਼ੇ ਖੇਹ ਸੱਤਾਂ ਚੁੱਲ੍ਹਿਆਂ ਦੀ..! ਕੁੜ੍ਹੇ ਕੁੜੀਏ...!" ਖਿਝੀ ਸ਼ਾਮ ਕੌਰ ਨੇ ਜਿੰਦਰ ਨੂੰ ਅਵਾਜ਼ ਮਾਰੀ।

-"ਹਾਂ ਬੇਬੇ...?"

-"ਮਾਰ ਕੁੜ੍ਹੇ ਜੁਆਕਾਂ ਨੂੰ ਹਾਕ..! ਰੋਟੀ ਖਾ ਲੈਣਗੇ..! ਤੇਰਾ ਪਿਉ ਤਾਂ ਬੋਤਲ ਦਾ ਥੱਲਾ ਲਾ ਕੇ ਈ ਝੁਲ਼ਸੂਗਾ ਲੰਗਰ..!"

ਜਿੰਦਰ ਕਾਪੀਆਂ ਕਿਤਾਬਾਂ ਰੱਖ ਭੈਣ-ਭਰਾਵਾਂ ਨੂੰ ਬੁਲਾਉਣ ਤੁਰ ਪਈ।

-"ਪੀ ਚੱਲ ਮੂਤ...! ਝਾਕਦਾ ਦੇਖ ਕਿਵੇਂ ਐਂ ਚੁਗਲ ਮਾਂਗੂੰ ਮੁਤਰ ਮੁਤਰ..!"

-"ਕਾਹਨੂੰ ਐਂਵੇਂ ਬਰੜਾਹਟ ਕਰੀ ਜਾਨੀਂ ਐਂ...? ਜੇ ਪਿਆਰ ਨਾਲ਼ ਬੋਲ ਪਿਆ ਕਰੇਂ ਕਦੇ..? ਤੇਰੇ ਕਿਹੜਾ ਰਿੰਗ ਘਸਦੇ ਐ, ਜਾਂ ਡੀਜਲ ਮੱਚਦੈ..? ਬਾਹਲ਼ੀ ਕੱਬੀ ਐਂ ਤੂੰ ਵੀ..!"

-"............!" ਸ਼ਾਮ ਕੌਰ ਚੁੱਪ ਸੀ।

ਬਾਪੂ ਨੇ ਇੱਕ ਹੋਰ ਪੈੱਗ ਪਾ ਲਿਆ।

-"ਜੇ ਕਿਸੇ ਨੂੰ ਕਹੀਏ, ਬਈ ਦੇਖ ਤੇਰੇ ਬਾਪੂ ਜੀ ਜਾ ਰਹੇ ਐ...!" ਉਹ ਖੰਘੂਰਾ ਮਾਰ ਕੇ ਦਾਰੂ ਵਾਲ਼ੇ ਗਿਲਾਸ 'ਚ ਪਾਣੀ ਪਾਉਂਦਾ ਹੋਇਆ ਬੋਲਿਆ, "ਜੇ ਕਿਸੇ ਨੂੰ ਕਹੀਏ, ਕਿ ਦੇਖ ਤੇਰੇ ਬਾਪੂ ਜੀ ਜਾਂਦੇ ਐ, ਅਗਲਾ ਖ਼ੁਸ਼ੀ ਨਾਲ਼ ਚਾਂਭੜ ਮਾਰਦੈ...! ਤੇ ਜੇ ਕਿਸੇ ਨੂੰ ਕਹੀਏ, ਦੇਖ ਓਏ ਥੋਡੀ ਬੁੜ੍ਹੀ ਦਾ ਖਸਮ ਚੱਲਿਐ, ਅਗਲਾ ਵੱਢਣ ਆਉਂਦੈ...! ਬੰਦਾ ਵੀ ਓਹੀ ਐ, ਤੇ ਰਿਸ਼ਤਾ ਵੀ ਨੀ ਬਦਲਿਆ..! ਪਰ ਬੋਲਣ ਦਾ ਤਰੀਕਾ ਬਦਲ ਗਿਆ..!"

-"................!"

-"ਕਹਿੰਦੇ ਨੀ ਹੁੰਦੇ..? ਬਈ ਗੱਲ ਕਹਿੰਦੀ ਐ, ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਪਿੰਡੋਂ ਕੱਢ ਕੇ ਦਿਖਾਉਨੀ ਐਂ..!"

-"ਤੇਰੇ ਉਪਦੇਸ਼ ਤੋਂ ਮੈਂ ਅੱਕੀ ਪਈ ਐਂ..! ਮੈਂ ਤੇਰੇ ਮੱਥੇ 'ਚ ਕੁਛ ਮਾਰ ਕੇ ਟੀਕ ਚਲਾ ਦੇਣੈਂ..! ਲਾ ਕੇ ਘੁੱਟ ਲਾਹਣ ਦੀ ਮੂੰਹ ਨੂੰ, ਲੱਗ'ਪੂ ਕੁੱਤੇ ਮਾਂਗੂੰ ਭੌਂਕਣ..!"

-"ਕੱਟੇ ਮੂਹਰੇ ਵੰਝਲੀ ਵਜਾਉਣ ਦਾ ਕੋਈ ਫ਼ਾਇਦਾ ਨੀ..! ਕਿਉਂਕਿ ਉਹਨੂੰ ਸਾਲ਼ੇ ਨੂੰ ਸੁਰਾਂ ਦਾ ਨੀ ਪਤਾ ਹੁੰਦਾ..! ਉਹਨੇ ਤਾਂ ਮੋਕ ਨਾਲ਼ ਲਿੱਬੜੀ ਪੂਛ ਘੁੰਮਾ ਕੇ ਮੂੰਹ 'ਤੇ ਈ ਮਾਰਨੀ ਹੁੰਦੀ ਐ..!" ਭਰਿਆ ਗਿਲਾਸ ਚੁੱਕ ਕੇ ਗਿੰਦਰ ਸਿਉਂ ਨੇ ਮੂੰਹ ਨੂੰ ਲਾ ਲਿਆ।

ਜੁਆਕ ਰਸੋਈ ਕੋਲ਼ ਆ ਗਏ।

ਗਿੰਦਰ ਚੁੱਪ ਕਰ ਗਿਆ ਅਤੇ ਬੋਤਲ ਚੁੱਕ ਕੇ ਦੂਰ ਨਲ਼ਕੇ ਕੋਲ਼ ਪਏ ਮੰਜੇ 'ਤੇ ਬੈਠ ਗਿਆ।

ਬੇਬੇ ਨੇ ਰੋਟੀ ਪਾ-ਪਾ ਬੱਚਿਆਂ ਨੂੰ ਫ਼ੜਾਉਣੀ ਸ਼ੁਰੂ ਕਰ ਦਿੱਤੀ।

ਬੱਚੇ ਅੱਡੋ-ਅੱਡੀ ਮੰਜਿਆਂ 'ਤੇ ਰੋਟੀ ਖਾਣ ਲੱਗ ਪਏ।

-ਚੱਲਦਾ

# ਔਰਤਾਂ ਦੀ ਅਸ਼ਲੀਲ ਪੇਸ਼ਕਾਰੀ ਅਤੇ ਕਾਨੂੰਨ

ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ
ਚੰਡੀਗੜ੍ਹ
ਮੋ : 78374-90309
(Punjab Mail USA)



ਭਾਰਤ ਵਿਚ ਔਰਤ ਦੀ ਸਥਿਤੀ ਹਮੇਸ਼ਾ ਇਕ ਸਮਾਨ ਨਹੀਂ ਰਹੀ। ਇਨ੍ਹਾਂ ਸਦੀਆਂ ਤੋਂ ਬਹੁਤ ਉਤਰਾਅ-ਚੜ੍ਹਾਅ ਦਾ ਸਾਹਮਣਾ ਕੀਤਾ। ਪੁਰਾਤਨ ਕਾਲ ਵਿਚ ਜ਼ਰੂਰ ਬਰਾਬਰ ਦੀ ਸਥਿਤੀ ਸੀ। ਜਦੋਂਕਿ ਮੱਧ ਕਾਲ ਤੋਂ ਇਹ ਦਰਜਾ ਨੀਵਾਂ ਹੁੰਦਾ ਗਿਆ। ਅਠਾਰਵੀਂ ਸਦੀ ਤਾਂ ਔਰਤਾਂ ਦੀ ਦਸ਼ਾ ਹੋਰ ਵੀ ਗੰਭੀਰ ਹੋ ਗਈ। ਇਸ ਨੂੰ ਨਾਰੀ ਸਨਮਾਨ, ਵਿਕਾਸ ਤੇ ਸਸ਼ਕਤੀਕਰਨ ਦੇ ਯੁੱਗ ਦਾ ਅੰਤ ਕਿਹਾ ਜਾ ਸਕਦਾ ਹੈ। ਮੁਗਲ ਸਾਮਰਾਜ ਦੇ ਖਾਤਮੇ ਨਾਲ ਅੰਗਰੇਜ਼ੀ ਰਾਜ ਦਾ ਆਗਾਜ਼ ਹੋਇਆ, ਜਿਸ ਨੇ ਬਾਲ ਵਿਆਹ, ਦਾਸੀ ਪ੍ਰਥਾ, ਅਨਪੜ੍ਹਤਾ ਵਰਗੀਆਂ ਰੀਤਾਂ ਨੂੰ ਵੀ ਪਛਾੜ ਕੇ ਰੱਖ ਦਿੱਤਾ। ਬ੍ਰਿਟਿਸ਼ ਨੇ ਨਾਰੀ ਨੂੰ ਸਿਰਫ ਭੋਗ-ਵਿਲਾਸ ਤੱਕ ਹੀ ਸੀਮਤ ਸਮਝਿਆ। ਇਨ੍ਹਾਂ ਕੁਰੀਤੀਆਂ ਨੂੰ ਤੋੜਨ ਲਈ ਸਮਾਜ ਸੇਵੀ ਰਾਜਾ ਰਾਮ ਮੋਹਣ ਰਾਏ, ਦਿਆਨੰਦ ਸਰਸਵਤੀ, ਈਸ਼ਵਰ ਚੰਦ ਵਿਦਿਆ ਸਾਗਰ ਅਤੇ ਕੇਸ਼ਵ ਚੰਦ ਸੇਨ ਨੇ ਆਵਾਜ਼ ਬੁਲੰਦ ਕੀਤੀ, ਜਿਸ ਨਾਲ ਔਰਤਾ ਦੀ ਪੜ੍ਹਾਈ, ਪੁਨਰ ਵਿਆਹ, ਸਤੀ ਪ੍ਰਥਾ ਲਈ ਕਾਨੂੰਨ ਬਣੇ। 19ਵੀਂ ਸਦੀ ਵਿਚ ਔਰਤਾਂ ਨੂੰ ਸੰਵਿਧਾਨਕ ਅਧਿਕਾਰਾਂ ਨਾਲ ਬਰਾਬਰ ਦਾ ਰੁਤਬਾ ਪ੍ਰਪਤ ਹੋਇਆ।

ਆਧੁਨਿਕ ਭਾਰਤ ਵਿਚ ਔਰਤਾਂ ਨੇ ਚੰਗਾ ਨਾਮ ਕਮਾਇਆ। ਇਥੋਂ ਤੱਕ ਪ੍ਰਧਾਨ ਮੰਤਰੀ, ਰਾਸ਼ਟਰਪਤੀ, ਰਾਜਪਾਲ ਤੱਕ ਦੇ ਅਹੁਦੇ ਪ੍ਰਪਤ ਕੀਤੇ। ਇਸ ਦੇ ਨਾਲ ਹੀ ਸਾਇੰਸ, ਬੈਂਕਿੰਗ, ਪੁਲਾੜ, ਖੇਡਾਂ ਅਤੇ ਪ੍ਰਸ਼ਾਸਕੀ ਢਾਂਚੇ ਦੀਆਂ ਉਪਲਬਧੀਆਂ ਵੀ ਛੁਪੀਆਂ ਨਹੀਂ ਹਨ। ਪਰ ਪੂੰਜੀਵਾਦੀ ਸਮਾਜ ਦੇ ਪੈਰੋਕਾਰਾਂ ਔਰਤ ਨੂੰ ਆਪਣੇ ਵਪਾਰਿਕ ਵਾਧੇ ਲਈ ਲੋੜੀਂਦੇ ਭਾਗ ਵਜੋਂ ਪੇਸ਼ ਕਰਨ ਲੱਗੇ। ਇਸ ਤਰ੍ਹਾਂ ਨਾਰੀ ਨੂੰ ਵਿਗਿਆਪਨ (ਮਸ਼ਹੂਰੀ) ਤੇ ਫਿਲਮੀ ਦੁਨੀਆਂ ਦਾ ਧੁਰਾ ਬਣਾ ਦਿੱਤਾ, ਜਿਸ ਨਾਲ ਵੱਖਰਾ ਤੇ ਆਜ਼ਾਦ ਮੁਕਾਮ ਜ਼ਰੂਰ ਮਿਲਿਆ। ਪਰ ਸਨਮਾਨ ਅਣਦੇਖਾ ਕਰ ਅਸ਼ਲੀਲਤਾ ਭਰੀ ਪੇਸ਼ਕਾਰੀ ਚਿੰਤਾ ਦਾ ਵਿਸ਼ਾ ਬਣ ਗਈ। ਜਿਸ ਨਾਲ ਸਮਾਜ ਵਿਚ ਗਲਤ ਕੁਰੀਤੀਆਂ ਦਾ ਬੋਲਬਾਲਾ ਵੀ ਵਧਿਆ। ਸਮੇਂ ਦੀ ਕਰਵਟ ਨਾਲ ਅਰਥ ਸ਼ਾਸਤਰ ਨੇ ਸਮਾਜ ਸ਼ਾਸਤਰ ਨੂੰ ਨੀਵਾਂ ਕਰ ਦਿੱਤਾ। 1963 ਵਿਚ ਉਤਰ ਪ੍ਰਦੇਸ਼ ਤੋਂ ਮੁੱਖ ਮੰਤਰੀ ਸ਼੍ਰੀਮਤੀ ਸੁਚੇਤਾ ਦਾ ਰਚਿਆ ਇਤਿਹਾਸ ਅੱਗੇ ਵਧ ਰਿਹਾ ਹੈ। ਦੇਸ਼ ਦੇ 16 ਰਾਜਾਂ ਵਿਚ ਔਰਤਾਂ ਮੁੱਖ ਮੰਤਰੀ ਰਹਿ ਚੁੱਕੀਆਂ ਤੇ ਕਈ ਰਾਜਾਂ ਵਿਚ ਅੱਜ ਮੌਜੂਦ ਹਨ। ਡਾਕਟਰੀ ਪੇਸ਼ੇ ਵਿਚ 50 ਪ੍ਰਤੀਸ਼ਤ, ਕੰਪਿਊਟਰ ਸਾਫਟਵੇਅਰ ਦੇ ਤਕਨੀਕੀ ਕਾਰਜ ਵਿਚ 21 ਪ੍ਰਤੀਸ਼ਤ ਤੇ ਸਿਨੇਮੇ ਦੇ ਅਹਿਮ ਕਾਰਜ ਤੇ ਮੁੱਖ ਕਿਰਦਾਰ ਨਿਭਾਉਣ ਲਈ ਵੀ 36 ਪ੍ਰਤੀਸ਼ਤ ਔਰਤਾਂ ਵੱਡਮੁੱਲਾ ਯੋਗਦਾਨ ਪਾ ਰਹੀਆਂ ਹਨ। ਔਰਤਾਂ ਨੇ ਨਿੱਜਤਾ ਨੂੰ ਬੇਪਰਦ ਕਰਨ ਵਿਰੁੱਧ 1986 ਵਿਚ ਅੰਦੋਲਨ ਵੀ ਕੀਤਾ, ਜਿਸਦੀ ਬਦੌਲਤ ਸਰਕਾਰ ਬਿਲ ਲਿਆਉਣ ਲਈ ਮਜਬੂਰ ਹੋਈ। ਇਹ ਬਿੱਲ ਰਾਜ ਸਭਾ ਵਿਚ ਮਾਨਯੋਗ ਮਾਰਗਰੇਟ ਅਲਵਾ ਨੇ ਪੇਸ਼ ਕੀਤਾ, ਜੋ ਅਕਤੂਬਰ 1886 ਵਿਚ ਸਭਾ ਵਲੋਂ ਪਾਸ ਕਰਕੇ ਨਾਰੀ ਨੂੰ ਸਨਮਾਨ ਦਿੱਤਾ ਗਿਆ। ਨਵਯੁੱਗ ਦੀ ਤਰੱਕੀ, ਮਰਿਆਦੇ ਤੇ ਸਮਾਜਿਕ ਪ੍ਰਸਿਤਥੀਆਂ ਨੂੰ ਧਿਆਨ ਵਿਚ ਰੱਖਦਿਆਂ "ਔਰਤਾਂ ਦੀ ਅਸ਼ਲੀਲ ਪੇਸ਼ਕਾਰੀ ਕਾਨੂੰਨ (ਮਨਾਹੀ) 1986" ਲਾਗੂ ਕੀਤਾ, ਜੋ ਪ੍ਰਿੰਟ ਮੀਡੀਆ ਉਪਰ ਔਰਤਾਂ ਦੀ ਵਿਗਿਆਪਨ ਰੂਪੀ ਇਸ਼ਤਿਹਾਰ, ਲੇਖ, ਅੰਕੜੇ ਤੇ ਫੋਟੋਆਂ ਦੇ ਅਸ਼ਲੀਲ ਪ੍ਰਕਾਸ਼ਨ ਉਪਰ ਪਾਬੰਦੀ ਲੱਗ ਸਕੇ। ਉਸ ਸਮੇਂ ਇਹ ਐਕਟ ਪ੍ਰਿੰਟ ਮੀਡੀਆ ਤੱਕ ਹੀ ਸੀਮਤ ਸੀ। ਇੰਟਰਨੈੱਟ ਤਕਨਾਲੋਜੀ ਨਾਲ ਆਈ ਕ੍ਰਾਂਤੀ ਨੇ ਇਕ ਨਵਾਂ ਸਮਾਜ ਸਿਰਜਿਆ। 20ਵੀਂ ਸਦੀ ਦੇ ਸ਼ੁਰੂ ਵਿਚ ਸੋਸ਼ਲ ਸਾਈਟਸ ਦਾ ਹੜ੍ਹ ਹੀ ਆ ਗਿਆ ਸੀ। ਇਸ ਤਕਨੀਕੀ ਸੁਨਾਮੀ ਕਾਰਨ ਅੱਜ ਬੱਚੇ ਤੋਂ ਲੈ ਕੇ ਵਡੇਰੀ ਉਮਰ ਦੇ ਲੋਕ ਡਿਜ਼ੀਟਲ ਸੰਸਾਰ ਵਿਚ ਮਦਹੋਸ਼ ਹਨ। ਜਨਤਾ ਟੀ.ਵੀ. ਨਾਲੋਂ ਕੰਪਿਊਟਰ, ਮੋਬਾਇਲ ਤੇ ਲੈਪਟੋਪ ਰਾਹੀਂ ਮਨਪਸੰਦ ਦੇ ਪ੍ਰੋਗਰਾਮ, ਖਰੀਦਦਾਰੀ, ਚੈਨਲ ਤੇ ਹੋਰ ਜਾਣਕਾਰੀ ਲਈ ਇੰਟਰਨੈੱਟ ਦੇ ਜਾਲ ਵਿਚ ਉਲਝ ਗਈ। ਨਿੱਜਤਾ ਦੇ ਇਸ ਰੂਪ ਦੀ ਮਨੁੱਖ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਹੋਵੇਗੀ। ਦੂਜਾ ਵੱਡਾ ਕਾਰਨ, ਫਿਲਮਾਂ ਪ੍ਰਸਾਰਨ ਲਈ ਕੇਂਦਰੀ ਸੈਂਸਰ ਬੋਰਡ ਵਲੋਂ ਸਰਟੀਫਕੇਟ ਜ਼ਰੂਰੀ ਹੈ। ਜਦੋਂ ਨੈਸ਼ਨਲ ਕਰਾਈਮ ਬਿਊਰੋ ਇਨ੍ਹਾਂ ਫਿਲਮਾਂ ਨੂੰ ਖੰਘਾਲਿਆ, ਤਾਂ 2009 ਵਿਚ 845 ਅਤੇ 2010 ਵਿਚ 895 ਅਸ਼ਲੀਲ ਪੇਸ਼ਕਾਰੀ ਦੇ ਕੇਸ ਦਰਜ ਕੀਤੇ। ਜਿਹੜੇ 2014 ਵਿਚ ਘੱਟ ਕੇ 362 ਰਹਿ ਗਏ। ਸਰਕਾਰ ਨੇ ਇਸ ਚਕਾਚੌਂਧ ਵਾਲੀ ਦੁਨੀਆਂ ਦੀਆਂ ਲਗਾਮਾਂ ਕੱਸਣ ਲਈ 2012 ਵਿਚ ਔਰਤਾਂ ਦੀ ਅਸ਼ਲੀਲ ਪੇਸ਼ਕਾਰੀ (ਸੋਧ) ਬਿੱਲ ਰਾਹੀਂ ਜ਼ਰੂਰੀ ਬਦਲਾਉ ਕੀਤੇ। ਜਿਸ ਵਿਚ ਪ੍ਰਿੰਟ ਮੀਡੀਆ ਤੋਂ ਇਲਾਵਾ ਸਿਨੇਮਾ, ਟੀ.ਵੀ., ਤੇ ਇੰਟਰਨੈੱਟ ਉਪਰ ਵੀ ਔਰਤਾਂ ਦੇ ਅਸ਼ਲੀਲ ਜਾਂ ਕਾਮੁਕਤਾ ਭਰਪੂਰ ਵਿਗਿਆਪਨ, ਫਿਲਮਾਂ ਤੇ ਵੀਡੀਓਗ੍ਰਾਫੀ ਦੀ ਪੇਸ਼ਕਾਰੀ ਉਪਰ ਪਾਬੰਦੀ ਲੱਗ ਸਕੇ।

ਵਿਡੰਬਨਾ ਇਹ ਹੈ ਕਿ ਡਿਜ਼ੀਟਲ ਸਮਾਜ ਦੀ ਖਪਤਕਾਰੀ ਸੋਚ ਸਮਾਜਿਕ ਕਦਰਾਂ-ਕੀਮਤਾਂ ਦੇ ਨੇੜੇ ਨਹੀਂ ਢੁੱਕਦੀ। ਵਪਾਰਕ ਕੰਪਨੀਆਂ ਦਾ ਬੌਧਿਕ ਪੱਧਰ ਪੈਸੇ ਦੀ ਹੋੜ ਕਾਰਨ ਚਕਾਚੌਂਧ ਵਿਚ ਗੁਆਚ ਗਿਆ ਹੈ। ਇਸ ਤ੍ਰਿਪਤੀ ਦੇ ਲਈ ਇਹ ਫਿਲਮਾਂ ਜਾਂ ਵਿਗਿਆਪਨਾਂ ਵਿਚ ਕਿਸੇ ਵੀ ਹੱਦ ਤੱਕ ਜਾਂਦੇ ਹਨ। ਨਵੇਂ ਸੋਧ ਕੀਤੇ ਸੈਕਸ਼ਨ 2 ਦੇ ਅਨੁਭਾਗ (1) (ਏ) ਵਿਚ ਵਿਗਿਆਪਨ ਵਜੋਂ ਕੋਈ ਵੀ ਨੋਟਿਸ, ਲੇਵਲ, ਦਸਤਾਵੇਜ਼, ਆਡੀਓ ਜਾਂ ਵੀਡੀਓ, ਲੇਜਰ ਤੇ ਲਾਈਟ ਐਂਡ ਸਾਊਂਡ ਸ਼ੋਅ ਅਤੇ ਕਿਸੇ ਇਲੈਕਟ੍ਰਾਨਿਕ ਤਰੀਕੇ ਨਾਲ ਅਸ਼ਲੀਲ ਪੇਸ਼ਕਾਰੀ ਦੇ ਪ੍ਰਸਾਰਨ ਦੀ ਪੂਰਨ ਪਾਬੰਦੀ ਹੈ। ਉਸੇ ਤਰ੍ਹਾਂ ਜੇਕਰ ਕਿਤਾਬ, ਮੈਗਜ਼ੀਨ, ਲੀਫਲੈਟ, ਪੋਸਟਰ, ਅਖਬਾਰ ਅਤੇ ਇਨ੍ਹਾਂ ਦੇ ਡਿਜੀਟਲ ਰੂਪ ਵੀ ਇਸ ਕਨੂੰਨ ਦੇ ਘੇਰੇ ਵਿਚ ਹੈ। ਅਜਿਹੇ ਪ੍ਰਸਾਰਨ ਤੇ ਪ੍ਰਕਾਸ਼ਨ ਹੋਣ ਨਾਲ ਜ਼ਿੰਮੇਵਾਰ ਧਿਰਾਂ ਸਜ਼ਾ ਤੇ ਜੁਰਮਾਨੇ ਦੀਆਂ ਭਾਗੀਦਾਰ ਹਨ। ਸੋਸ਼ਲ ਮੀਡੀਆ ਤੋਂ ਭਾਵ ਕੰਪਿਊਟਰ, ਕੇਬਲ, ਮੋਬਾਇਲ, ਸੋਸ਼ਲ ਸਾਈਟਸ ਤੋਂ ਹੈ। ਜਿਸਦੇ ਲਈ ਬਣੇ ਪ੍ਰੋਗਰਾਮ ਵੀ ਦੰਡ ਦੇ ਬਰਾਬਰ ਭਾਗੀਦਾਰ ਹਨ। ਇਹ ਸੈਕਸ਼ਨ ਲੋਕ ਭਲਾਈ, ਸਿੱਖਿਆ, ਸਾਇੰਸ, ਸਾਹਿਤ, ਸਬੰਧਤ ਵਸਤਾਂ ਜਾਂ ਤਸਵੀਰਾਂ 'ਤੇ ਲਾਗੂ ਨਹੀਂ ਹੁੰਦਾ। ਮਿੱਟੀ ਦੇ ਪੁਤਲੇ, ਧਾਰਮਿਕ ਮੂਰਤੀਆਂ, ਪੁਰਾਤਨ ਨਿਸ਼ਾਨੀਆਂ ਅਤੇ ਪੁਰਾਤੱਤਵ ਵਿਭਾਗ ਦੀਆਂ ਦੁਰਲੱਭ ਖੋਜਾਂ ਨੂੰ ਵੀ ਛੋਟ ਦਿੱਤੀ ਗਈ।

ਐਕਟ ਵਿਚ ਕਾਨੂੰਨ ਦੀ ਪੂਰਨ ਤੇ ਪ੍ਰਤੱਖ ਕਾਰਵਾਈ ਦਾ ਵੀ ਖਾਸ ਧਿਆਨ ਰੱਖਿਆ ਗਿਆ ਹੈ। ਸੈਕਸ਼ਨ 5 ਦੇ ਮੁਤਾਬਕ ਕੇਂਦਰ ਜਾਂ ਰਾਜ ਸਰਕਾਰ ਇਸ ਅਧੀਨ ਬਣਦੇ ਕੇਸ ਲਈ ਇੰਸਪੈਕਟਰ ਰੈਂਕ ਤੋਂ ਘੱਟ ਮੁਲਾਜ਼ਮ ਨਿਯੁਕਤ ਨਹੀਂ ਕਰ ਸਕਦੀ। ਭਾਵੇਂ ਕੇਸ ਦੀ ਕਾਨੂੰਨੀ, ਪੜਤਾਲ, ਨੋਟਿਸ ਭੇਜਣਾ, ਵਸਤੂ ਤੇ ਜਾਇਦਾਦ ਨੂੰ ਸੀਲ ਕਰਨਾ ਹੋਵੇ। ਜਿਹੜਾ ਵਿਅਕਤੀ ਇਸ ਕਾਨੂੰਨ ਦੀ ਉਲੰਘਣਾ ਕਰਦਾ ਹੈ, ਸੈਕਸ਼ਨ 6 ਦੇ ਅਧੀਨ ਪਹਿਲੀ ਵਾਰ ਜੁਰਮ ਦੀ ਸਜ਼ਾ ਮਹੀਨੇ ਤੋਂ ਲੈ ਕੇ 2 ਸਾਲ ਦੀ ਕੈਦ ਜਾਂ ਦੋ ਹਜ਼ਾਰ ਜੁਰਮਾਨਾ ਜਾਂ ਦੋਵੇਂ ਸੰਭਵ ਹਨ। ਦੂਜੀ ਵਾਰ ਘੱਟੋ-ਘੱਟ 6 ਮਹੀਨੇ ਕੈਦ ਜਿਹੜੀ ਵੱਧ ਕੇ 5 ਸਾਲ ਅਤੇ ਜੁਰਮਾਨਾ 1000 ਤੋਂ 5 ਲੱਖ ਰੁਪਏ ਤੱਕ ਵਧਾਉਣ ਦਾ ਅਧਿਕਾਰ ਹੈ। ਭਾਰਤੀ ਦੰਡ ਸੰਘਤਾ ਦੀਆਂ ਧਾਰਾਵਾਂ ਵੀ ਅਸ਼ਲੀਲਤਾ ਨੂੰ ਠੱਲ੍ਹਣ ਲਈ ਨਾਰੀ ਨਿੱਜਤਾ ਦੀ ਰਾਖੀ ਕਰਦੀਆਂ ਹਨ। ਅਸ਼ਲੀਲਤਾ ਪ੍ਰੋਸਦੇ ਜ਼ਿੰਮੇਵਾਰ ਵਿਅਕਤੀਆਂ ਨੂੰ ਰੋਕਣ ਆਈ.ਪੀ.ਸੀ. ਦੇ 1886 ਸੈਕਸ਼ਨ 292, 293, 294 ਪ੍ਰਬੰਧ ਹਨ। ਜੁਰਮ ਦੇ ਮੁਤਾਬਕ ਤਿੰਨ ਮਹੀਨੇ ਤੋਂ ਪੰਜ ਸਾਲ ਦੀ ਕੈਦ ਜਾਂ ਦੋ ਤੋਂ ਪੰਜ ਹਜ਼ਾਰ ਰੁਪਾਏ ਦਾ ਜੁਰਮਾਨਾ ਜਾਂ ਦੋਵੇਂ ਸਜ਼ਾਵਾਂ ਅਪਰਾਧੀ ਨੂੰ ਦੇਣਾ ਦਰਜ ਕੀਤਾ ਹੋਇਆ ਹੈ। ਵਿਕਾਸਮੁਖੀ ਦੁਨੀਆਂ ਵਿਚ ਚਾਹੇ ਸੋਚ ਦਾ ਦਾਇਰਾ ਵਿਸ਼ਾਲ ਹੋਇਆ ਹੈ। ਪਰ ਸਮਾਜਿਕ ਰਿਸ਼ਤੇ ਤੇ ਭਾਰਤੀ ਸੰਸਕ੍ਰਿਤੀ ਅਜਿਹੀ ਅਵੱਗਿਆ ਸਵੀਕਾਰ ਨਹੀਂ ਕਰਦੀ। ਅਸੂਲਨ ਚੰਗੀ ਕਲਾ ਨੌਜਵਾਨ ਪੀੜ੍ਹੀ ਲਈ ਸੇਧਦਾਇਕ ਸਿੱਧ ਹੋ ਸਕਦੀ ਹੈ।

# ਸਰਕਾਰੀ ਹਸਪਤਾਲ ਅਤੇ ਮੁਫਤ ਦਵਾਈਆਂ

ਸਿ-ਸ. ਮੇਜਰ ਸਿੰਘ
ਨਾਭਾ (ਪਟਿਆਲਾ)
(Punjab Mail USA)




ਸਿਹਤ ਦਾ ਖਿਆਲ ਰੱਖਣਾ ਬਹੁਤ ਜ਼ਰੂਰੀ ਹੈ ਪਰ ਸਾਡਾ ਖਾਣ-ਪੀਣ ਪੁਰਾਤਨ ਰਵਾਇਤ ਤੋਂ ਹੱਟ ਕੇ ਸ਼ੁੱਧ ਨਾ ਹੋਣ ਕਾਰਨ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨਵੀਆਂ-ਨਵੀਆਂ ਬਿਮਾਰੀਆਂ ਨਾਲ ਪੀੜਤ ਮਰੀਜ਼ ਹਸਪਤਾਲਾਂ, ਡਾਕਟਰਾਂ ਦੇ ਕਲੀਨਿਕਾਂ ਆਦਿ ਵਿਚ ਬਹੁਤਾਤ ਵਿਚ ਦਿਖਾਈ ਦਿੰਦੇ ਹਨ। ਜ਼ਿਆਦਾਤਰ ਮਰੀਜ਼ ਐਲੋਪੈਥੀ ਦਵਾਈਆਂ ਨਾਲ ਜਲਦੀ ਠੀਕ ਹੋਣ ਲਈ ਇਲਾਜ ਕਰਵਾ ਰਹੇ ਹਨ। ਭਾਰਤ ਅੰਦਰ ਬਹੁਤੇ ਲੋਕ ਐਲੋਪੈਥੀ ਇਲਾਜ ਕਰਵਾਉਣ ਦੇ ਸਮਰੱਥ ਨਹੀਂ ਹੁੰਦੇ ਕਿਉਂਕਿ ਪਹਿਲਾਂ ਤਾਂ ਡਾਕਟਰ ਮਹਿੰਗੇ ਟੈਸਟ ਲਿਖ ਦਿੰਦੇ ਹਨ, ਦੂਸਰਾ ਦਵਾਈਆਂ ਬਹੁਤ ਮਹਿੰਗੀਆਂ ਹੁੰਦੀਆਂ ਹਨ। ਇਸ ਤਰ੍ਹਾਂ ਬਹੁਤੇ ਮਰੀਜ਼ ਨੀਮ ਹਕੀਮਾਂ ਦੇ ਸਸਤੇ ਇਲਾਜ 'ਚ ਫਸ ਕੇ ਜਾਨ ਗੁਆ ਬੈਠਦੇ ਹਨ।

ਪੰਜਾਬ ਸਰਕਾਰ ਨੇ ਸਰਕਾਰੀ ਹਸਪਤਾਲਾਂ ਅੰਦਰ ਦਵਾਈਆਂ ਮੁਫਤ ਦੇਣ ਦਾ ਐਲਾਨ ਕੀਤਾ ਹੋਇਆ ਹੈ, ਜਿਸ ਲਈ ਸਰਕਾਰ ਉਚੇਚੇ ਤੌਰ 'ਤੇ ਫੰਡ ਜਾਰੀ ਕਰ ਰਹੀ ਹੈ। ਨਵੀਂ ਪੰਜਾਬ ਸਰਕਾਰ ਨੇ ਆਪਣੇ ਚੋਣ ਵਾਅਦੇ 'ਚ ਸਿਹਤ ਅਤੇ ਸਿੱਖਿਆ ਮਹਿਕਮਿਆਂ ਦੇ ਸੁਧਾਰ ਨੂੰ ਪਹਿਲ ਦੇ ਆਧਾਰ ਉੱਪਰ ਮੁਫਤ ਸਹੂਲਤਾਂ ਦੇਣ ਦੀ ਗੱਲ ਕੀਤੀ ਸੀ। ਸਰਕਾਰੀ ਹਸਪਤਾਲਾਂ ਵਿਚੋਂ ਹੀ ਮੁਫਤ 278 ਜ਼ਰੂਰੀ ਦਵਾਈਆਂ ਦੇਣ ਦੀ ਵਿਵਸਥਾ ਦੇ ਨਾਲ ਹੁਣ 254 ਹੋਰ ਜ਼ਰੂਰੀ ਅਤੇ ਹੋਰ ਦਵਾਈਆਂ ਮੁਫਤ ਆਮ ਲੋਕਾਂ ਲਈ ਦੇਣ ਨੂੰ ਲਿਸਟ ਵਿਚ ਸ਼ਾਮਲ ਕਰਕੇ 26 ਜਨਵਰੀ 2024 ਤੋਂ ਗਿਣਤੀ 532 ਹੋ ਗਈ। ਹਸਪਤਾਲ ਸਟੋਰਾਂ ਵਿੱਚ ਜਿਨ੍ਹਾਂ ਦਵਾਈਆਂ ਦੀ ਘਾਟ ਹੋਵੇਗੀ, ਉਨ੍ਹਾਂ ਦੀ ਰਿਪੋਰਟ ਸਿਹਤ ਮਹਿਕਮੇ ਨੂੰ ਪੰਜ ਦਿਨ ਪਹਿਲਾਂ ਕਰਨੀ ਹੈ, ਤਾਂ ਜੋ ਸਮੇਂ ਸਿਰ ਦਵਾਈ ਪਹੁੰਚਾਈ ਜਾ ਸਕੇ। ਫਿਰ ਵੀ ਮਹਿਕਮੇ ਵਲੋਂ ਭੇਜਣ 'ਚ ਕਿਸੇ ਕਾਰਨ ਦੇਰੀ ਹੋਣ ਦੀ ਸੰਭਾਵਨਾ ਕਰਕੇ ਮਹਿਕਮੇ ਨੇ ਸਿਵਲ ਸਰਜਨਾਂ ਨੂੰ ਆਪਣੇ ਪੱਧਰ 'ਤੇ ਉੱਚਿਤ ਕਮੇਟੀ ਬਣਾ ਕੇ ਉਸ ਰਾਹੀਂ 10 ਲੱਖ ਤੱਕ, ਇਸੇ ਤਰ੍ਹਾਂ ਸੀਨੀਅਰ ਮੈਡੀਕਲ ਅਫਸਰਾਂ ਨੂੰ 2.50 ਲੱਖ ਰੁਪਏ ਤੱਕ ਦੀਆਂ ਲੋੜੀਂਦੀਆਂ ਦਵਾਈਆਂ ਖਰੀਦਣ ਦੇ ਅਧਿਕਾਰ ਦਿੱਤੇ ਹਨ। ਦੇਖਦੇ ਹਾਂ ਕਿ ਕਦੋਂ ਇਹ ਸਕੀਮ ਪੂਰਨ ਰੂਪ 'ਚ ਆਪਣਾ ਕੰਮ ਕਰੇਗੀ।

ਹਸਪਤਾਲਾਂ ਵਿਚ ਜਿਨ੍ਹਾਂ ਦਵਾਈਆਂ ਦੀ ਘਾਟ ਹੁੰਦੀ ਹੈ, ਤਾਂ ਤੁਰੰਤ ਖਰੀਦਣੀਆਂ ਮੁਸ਼ਕਲ ਹੋਣ ਕਾਰਨ ਇਨ੍ਹਾਂ ਦਿਨਾਂ ਵਿਚ ਮਰੀਜ਼ਾਂ ਲਈ ਕਠਿਨਾਈ ਹੁੰਦੀ ਹੈ। ਡਾਕਟਰ ਜੋ ਦਵਾਈਆਂ ਉਪਲੱਬਧ ਹੁੰਦੀਆਂ ਹਨ, ਉਹੀ ਲਿਖਣ ਲਈ ਮਜਬੂਰ ਹਨ, ਭਾਵੇਂ ਮਰੀਜ਼ ਲਈ ਹੋਰ ਜ਼ਰੂਰੀ ਦਵਾਈਆਂ ਦੀ ਵੀ ਲੋੜ ਹੁੰਦੀ ਹੈ। ਇਸ ਤਰ੍ਹਾਂ ਸਹੀ ਇਲਾਜ ਨਹੀਂ ਹੋ ਸਕਦਾ। ਇਸ ਤਰ੍ਹਾਂ ਦੇ ਮਰੀਜ਼ ਪ੍ਰਾਈਵੇਟ ਡਾਕਟਰਾਂ ਕੋਲ ਜਾਣ ਲਈ ਮਜਬੂਰ ਹੋ ਜਾਂਦੇ ਹਨ, ਜੋ ਇਲਾਜ ਕਈ ਗੁਣਾਂ ਮਹਿੰਗਾ ਪੈਂਦਾ ਹੈ। ਇਸ ਤਰ੍ਹਾਂ ਦੇ ਕਈ ਮਰੀਜ਼ ਬਾਹਰੋਂ ਇਲਾਜ ਕਰਵਾਉਣ ਦੇ ਅਸਮਰੱਥ ਹੋਣ ਕਾਰਨ ਜਾਨ ਗੁਆ ਲੈਂਦੇ ਹਨ। ਅਤਿ ਜ਼ਰੂਰੀ ਬਾਹਰਲੀਆਂ ਦਵਾਈਆਂ, ਜਿਹੜੀਆਂ ਹਸਪਤਾਲਾਂ 'ਚ ਉਪਲੱਬਧ ਨਹੀਂ ਹੋ ਸਕਦੀਆਂ, ਉਨ੍ਹਾਂ ਦੇ ਬਿਲਾਂ ਦੀ ਰਿਬੰਰਸਮੈਂਟ ਹੋਣੀ ਚਾਹੀਦੀ ਹੈ, ਚਾਹੇ ਕੋਈ ਵੀ ਮਰੀਜ਼ ਹੋਵੇ। ਇਸੇ ਕਾਰਨ ਪੈਨਸ਼ਨਰ/ਮੁਲਾਜ਼ਮ ਪ੍ਰਾਈਵੇਟ ਇਲਾਜ ਕਰਵਾਉਣ ਨੂੰ ਤਰਜੀਹ ਦਿੰਦੇ ਹਨ, ਜਿਸ ਨਾਲ ਵੱਡੇ ਮੈਡੀਕਲ ਬਿਲਾਂ ਦਾ ਸਰਕਾਰ ਨੂੰ ਭੁਗਤਾਨ ਕਰਨਾ ਪੈਂਦਾ ਹੈ। ਮੰਤਰੀ ਸਾਹਿਬ ਦੇ ਸ਼ਹਿਰ ਦੇ ਰਾਜ ਪ੍ਰਸਿੱਧ ਸਰਕਾਰੀ ਰਜਿੰਦਰਾ ਹਸਪਤਾਲ ਵਿਚ ਕੁਝ ਦਿਨ ਪਹਿਲਾਂ ਮਰੀਜ਼ਾਂ ਦੇ ਪਰਿਵਾਰਾਂ ਵਲੋਂ ਮੁਫਤ ਦਵਾਈਆਂ ਨਾ ਮਿਲਣ ਦਾ ਮੁੱਦਾ ਪ੍ਰੈੱਸ 'ਚ ਉਠਾਇਆ ਹੈ, ਜਿਸ ਲਈ ਇਸ ਸਕੀਮ ਨੂੰ ਕਾਰਗਰ ਢੰਗ ਨਾਲ ਚਲਾਉਣ ਵਿਚ ਅਜੇ ਵੀ ਹੋਰ ਸੁਧਾਰਾਂ ਦੀ ਲੋੜ ਹੈ, ਜਿਸ ਵੱਲ ਸਿਹਤ ਮੰਤਰੀ ਜ਼ਰੂਰ ਧਿਆਨ ਦੇਣਗੇ। ਅੱਜਕੱਲ੍ਹ ਕੈਂਸਰ, ਅਸਥਮਾ ਵਰਗੀਆਂ ਭਿਆਨਕ ਬਿਮਾਰੀਆਂ ਲਈ ਮਹਿੰਗੀਆਂ ਦੀਵਾਈਆਂ ਦੀ ਵਰਤੋਂ ਤੋਂ ਬਿਨ੍ਹਾਂ ਇਲਾਜ ਨਹੀਂ ਹੋ ਸਕਦਾ। ਸਰਕਾਰੀ ਆਦੇਸ਼ਾਂ ਤੋਂ ਮਜਬੂਰ ਡਾਕਟਰ ਬਾਹਰਲੀਆਂ ਦਵਾਈਆਂ ਨਹੀਂ ਲਿਖਦੇ, ਇਸ ਲਈ ਹਸਪਤਾਲਾਂ ਦੀ ਮੰਗ ਅਨੁਸਾਰ ਲੋੜੀਂਦੀਆਂ ਦਵਾਈਆਂ ਸਿਹਤ ਵਿਭਾਗ ਤੁਰੰਤ ਪਹੁੰਚਾਉਣ ਦਾ ਪ੍ਰਬੰਧ ਕਰੇ, ਜੋ ਕਿ ਆਮ ਮਰੀਜ਼ਾਂ ਲਈ ਵਧੀਆ ਰਾਹਤ ਦੇਣ ਵਾਲਾ ਕਦਮ ਹੋਵੇਗਾ।

ਜੇ ਬਾਹਰੋਂ ਦਵਾਈਆਂ ਖਰੀਦਣ ਦੀ ਗੱਲ ਕਰੀਏ, ਤਾਂ ਆਮ ਮਰੀਜ਼/ਪਰਿਵਾਰ ਲਈ ਕੋਈ ਸੌਖਾ ਕੰਮ ਨਹੀਂ। ਮੈਂ ਪੀ.ਜੀ.ਆਈ. ਚੰਡੀਗੜ੍ਹ ਤੋਂ ਆਪਣੀ ਕੈਂਸਰ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ। ਇਸਦੇ ਟੈਸਟ, ਦਵਾਈਆਂ, ਇੰਜੈਕਸ਼ਨ, ਥਰੈਪੀਆਂ ਆਦਿ ਮਹਿੰਗੀਆਂ ਹਨ। ਡਾਕਟਰ ਸਾਬ੍ਹ ਨੇ ਇੱਕ ਇੰਜੈਕਸ਼ਨ ਜੋ ਮੈਨੂੰ ਦੇਣ ਦੀ ਲੋੜ ਸੀ, ਨੂੰ ਇੰਟਰਨੈੱਟ ਉੱਪਰ ਦੇਖ ਕੇ ਮੈਨੂੰ ਪੁੱਛਿਆ ਕਿ ਇਹ ਮਹਿੰਗਾ ਹੈ, ਕੋਈ ਦਿੱਕਤ ਤਾਂ ਨਹੀਂ। ਮੈਂ ਉਨ੍ਹਾਂ ਨੂੰ ਕਹਿ ਦਿੱਤਾ, ਕੋਈ ਗੱਲ ਨਹੀਂ। ਡਾਕਟਰ ਸਾਬ੍ਹ ਦਾ ਮਰੀਜ਼ਾਂ ਪ੍ਰਤੀ ਹਮੇਸ਼ਾਂ ਹਮਦਰਦੀ ਭਰਿਆ ਵਤੀਰਾ ਹੁੰਦਾ ਹੈ ਕਿ ਘੱਟੋ-ਘੱਟ ਖਰਚੇ ਨਾਲ ਵਧੀਆ ਇਲਾਜ ਹੋ ਸਕੇ। ਮੈਂ ਇੰਜੈਕਸ਼ਨ ਲੈ ਆਇਆ, ਜਦ ਬਿਲ ਦੇਖਿਆ, ਤਾਂ ਉਹ ਕੋਈ ਛੇ ਗੁਣਾਂ ਵੱਧ ਐੱਮ.ਆਰ.ਪੀ. ਪ੍ਰਿੰਟ ਵਾਲਾ ਸੀ, ਜਿਸ ਨੂੰ ਦੇਖ ਕੇ ਮੈਨੂੰ ਵੀ ਸ਼ੱਕ ਹੋਇਆ ਕਿ ਕਿਤੇ ਹੋਰ ਕੰਪਨੀ ਦਾ ਨਾ ਹੋਵੇ ਪਰ ਤਸੱਲੀ ਹੋਣ 'ਤੇ ਮੈਂ ਆ ਗਿਆ, ਜੋ ਕਿ ਠੀਕ ਹੀ ਸੀ। ਡਾਕਟਰ ਸਾਬ੍ਹ ਨੇ ਜਦੋਂ ਰੇਟ ਪੁੱਛਿਆ, ਤਾਂ ਮੇਰੇ ਦੱਸਣ 'ਤੇ ਡਾਕਟਰ ਸਾਬ੍ਹ ਹੈਰਾਨ ਹੋ ਗਏ। ਉਹ ਆਪਣੇ ਜੂਨੀਅਰ ਡਾਕਟਰ ਨੂੰ ਕਹਿ ਰਹੇ ਸੀ ਕਿ ਉਹ ਤਾਂ ਇਹ ਇੰਜੈਕਸ਼ਨ ਮਹਿੰਗਾ ਹੋਣ ਕਾਰਨ ਸਾਰੇ ਮਰੀਜ਼ਾਂ ਨੂੰ ਨਹੀਂ ਲਿਖ ਰਹੇ, ਹੁਣ ਅੱਗੇ ਤੋਂ ਇਹ ਇਸ ਸਮੱਸਿਆ ਵਾਲੇ ਨੂੰ ਜ਼ਰੂਰ ਲਿਖ ਦਿਆ ਕਰੋ। ਭਲੀਮਾਣਸੀ ਹੈ ਇਹੋ ਜਿਹੇ ਕੈਮਿਸਟਾਂ ਦੀ, ਜਿਹੜੇ ਫਿਰ ਵੀ ਆਪਣਾ ਬਣਦਾ ਕਮਿਸ਼ਨ ਲੈ ਕੇ ਮਰੀਜ਼ਾਂ ਉੱਪਰ ਤਰਸ ਕਰਦੇ ਹਨ। ਮੇਰੇ ਮਹੀਨਾ ਵਾਰ ਲੱਗਣ ਵਾਲੇ ਇੰਜੈਕਸ਼ਨ ਨੂੰ ਜੋ ਕਿ ਹਫਤੇ ਬਾਅਦ ਆਉਣਾ ਬਣਦਾ ਸੀ, ਡਾਕਟਰ ਸਾਬ੍ਹ ਨੇ ਮੇਰੇ ਪਹਿਲਾਂ ਹੀ ਦੋ ਗੇੜੇ ਪੀ.ਜੀ.ਆਈ. ਦੇ ਲੱਗਣ ਕਾਰਨ ਉਨ੍ਹਾਂ ਐਤਕੀਂ ਲੋਕਲ ਹਸਪਤਾਲ ਤੋਂ ਹੀ ਟੀਕਾ ਲਗਵਾਉਣ ਲਈ ਕਹਿ ਦਿੱਤਾ ਪਰ ਇਹ ਟੀਕਾ ਨਾਭੇ ਤਾਂ ਮਿਲਣਾ ਨਹੀਂ ਸੀ, ਮੈਂ ਪਟਿਆਲਾ ਹਸਪਤਾਲ ਰੈਫਰ ਕਰਵਾ ਲਿਆ। ਪਟਿਆਲੇ ਇਹ ਟੀਕਾ ਉਂਝ ਨਾ ਮਿਲਿਆ, ਆਰਡਰ ਉੱਪਰ ਇੱਕ ਕੈਮਿਸਟ ਨਾਲ ਮੰਗਵਾਉਣ ਦੀ ਮੇਰੇ ਦੋਸਤ ਗੁਰਮੇਲ ਸਿੰਘ ਪਟਿਆਲਾ ਨੇ ਗੱਲ ਕਰ ਲਈ। ਟੀਕਾ ਆਉਣ ਦਾ ਕਨਫਰਮ ਕਰਕੇ ਮੈਂ ਪਟਿਆਲੇ ਚਲਾ ਗਿਆ। ਜਦੋਂ ਟੀਕੇ ਦੀ ਪੇਮੈਂਟ ਕੀਤੀ ਤਾਂ ਕੈਮਿਸਟ ਨੇ 17000 ਰੁਪਏ ਦਾ ਜੋ ਚੰਡੀਗੜ੍ਹੋਂ ਮਿਲਦਾ ਸੀ, ਉਸ ਦਾ 19500 ਰੁਪਏ ਦਾ ਬਿਲ ਦੇ ਦਿੱਤਾ, ਜਿਸ ਦੀ ਕੰਪਨੀ ਉਹੀ ਸੀ। ਮੈਂ ਮਜਬੂਰ ਸੀ, ਪੇਮੈਂਟ ਕਰ ਦਿੱਤੀ। ਪਰ ਮੈਂ ਇਸ ਵੱਡੇ ਅੰਤਰ ਬਾਰੇ ਸੋਚ ਰਿਹਾਂ ਕਿ ਗਰੀਬ ਲੋਕਾਂ ਲਈ ਏਨਾ ਮਹਿੰਗਾ ਇਲਾਜ ਕਰਾਉਣਾ ਉਨ੍ਹਾਂ ਦੇ ਵਸ ਦੀ ਗੱਲ ਨਹੀਂ। ਰੇਟ 'ਚ ਇਹ ਵੱਡੇ ਫਰਕ ਤੋਂ ਇਲਾਵਾ ਕਮਿਸ਼ਨ ਵੀ ਤਾਂ ਵੱਖਰਾ ਹੋਵੇਗਾ। ਮਨਮਰਜ਼ੀ ਦੇ ਰੇਟ ਮਰੀਜ਼ਾਂ ਦੀ ਮਜਬੂਰੀ ਕਾਰਨ ਲੈਣੇ ਇਨ੍ਹਾਂ ਲੋਕਾਂ ਦੇ ਦਿਨਾਂ 'ਚ ਅਮੀਰ ਬਣਨ ਦੇ ਰਸਤੇ ਖੁੱਲ੍ਹੇ ਹੋਏ ਹਨ, ਜ਼ਿੰਦਗੀ ਦੇ ਅਖੀਰੀ ਸਮੇਂ 'ਚ ਇਨ੍ਹਾਂ ਦੀ ਜ਼ਮੀਰ ਜ਼ਰੂਰ ਫਿਟ-ਲਾਨ੍ਹਤਾਂ ਦੇਵੇਗੀ, ਜਦੋਂ ਇਹ ਸਾਰਾ ਪੈਸਾ ਛੱਡ ਕੇ ਖਾਲੀ ਹੱਥ ਜਾਣਾ ਪਵੇਗਾ। ਇਨਸਾਨੀਅਤ ਨਾਮ ਦਾ ਇਹ ਲੋਕ ਘਾਣ ਕਰਦੇ ਨਜ਼ਰ ਆ ਰਹੇ ਹਨ। ਪ੍ਰਾਈਵੇਟ ਹਸਪਤਾਲਾਂ 'ਚ ਤਾਂ ਆਮ ਮਰੀਜ਼ਾਂ ਲਈ ਇਲਾਜ ਕਰਾਉਣਾ ਹੋਰ ਵੀ ਔਖਾ ਹੈ।

ਕੇਂਦਰ ਸਰਕਾਰ ਨੇ ਕਈ ਵੱਡੇ-ਵੱਡੇ ਫੈਸਲੇ ਲਏ ਹਨ ਪਰ ਦਵਾਈਆਂ ਦੀਆਂ ਕੀਮਤਾਂ ਐਨੀਆਂ ਜ਼ਿਆਦਾ ਕੰਪਨੀਆਂ ਨੂੰ ਕਿਉਂ ਪ੍ਰਿੰਟ ਕਰਨ ਲਈ ਆਗਿਆ ਦੇ ਰਹੀ ਹੈ, ਜਦੋਂਕਿ ਭੋਲੇ-ਭਾਲੇ ਮਰੀਜ਼ਾਂ ਦੀ ਅੰਨ੍ਹੀਂ ਲੁੱਟ ਇਸ ਕਰਕੇ ਹੀ ਹੋ ਰਹੀ ਹੈ। ਮਰੀਜ਼ ਨੂੰ ਸਮਝ ਨਹੀਂ ਆਉਂਦਾ ਕਿ ਦਵਾਈਆਂ ਦੇ ਰੇਟਾਂ ਬਾਰੇ ਕਿਵੇਂ ਪੜਤਾਲ ਕਰੇ। ਸੋ ਸਰਕਾਰ ਨੂੰ ਸਖਤੀ ਨਾਲ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਉੱਪਰ ਕੰਟਰੋਲ ਕਰਕੇ ਉਨ੍ਹਾਂ ਦੀ ਆਈ ਲਾਗਤ ਨਾਲੋਂ ਕਿੰਨਾ ਵੱਧ ਰੇਟ ਪ੍ਰਿੰਟ ਕਰਨ ਨੂੰ ਤਹਿ ਕਰਨ ਲਈ ਦਿਸ਼ਾ-ਨਿਰਦੇਸ਼ ਦੇਣੇ ਚਾਹੀਦੇ ਹਨ, ਜੇ ਕੋਈ ਇਸ ਦੀ ਉਲੰਘਣਾ ਕਰਦੀ ਹੈ, ਤਾਂ ਉਸਦੀ ਮਾਨਤਾ/ਲਾਇਸੰਸ ਕੈਂਸਲ ਕਰ ਦੇਣਾ ਚਾਹੀਦਾ ਹੈ। ਰਾਜ ਸਰਕਾਰ ਨੂੰ ਵੀ ਇਸ ਵਿਸ਼ੇ ਵੱਲ ਗੰਭੀਰਤਾ ਨਾਲ ਲੈ ਕੇ ਦਵਾਈਆਂ ਅਤੇ ਹੋਰ ਡਾਕਟਰੀ ਸਾਜ਼ੋ-ਸਮਾਨ ਦੇ ਰੇਟਾਂ ਉੱਪਰ ਨਿਯੰਤਰਨ ਕਰਨ ਲਈ ਕਦਮ ਉਠਾਉਣੇ ਚਾਹੀਦੇ ਹਨ, ਤਾਂ ਜੋ ਸਿਹਤ ਸਹੂਲਤਾਂ ਨੂੰ ਹਰੇਕ ਦੀ ਪਹੁੰਚ ਤੱਕ ਪਹੁੰਚਾਇਆ ਜਾਵੇ। ਰਾਜ ਸਰਕਾਰ ਨੇ ਦਿੱਲੀ ਦੀ ਤਰਜ਼ 'ਤੇ ਮੁਫਤ ਇਲਾਜ ਲਈ 'ਆਮ ਆਦਮੀ ਕਲੀਨਿਕ' ਖੋਲ੍ਹ ਕੇ ਪਿੰਡਾਂ ਅਤੇ ਸ਼ਹਿਰਾਂ ਵਿਚ ਇਨ੍ਹਾਂ ਦੀ ਸ਼ੁਰੂਆਤ ਕੀਤੀ ਹੈ, ਜਿਨ੍ਹਾਂ ਦੀ ਕਾਮਯਾਬੀ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਕਿਉਂਕਿ ਅਕਾਲੀ ਸਰਕਾਰ ਸਮੇਂ ਕਰੋੜਾਂ ਰੁਪਏ ਖਰਚ ਕੇ ਲੋਕਾਂ ਨੂੰ ਪਿੰਡਾਂ 'ਚ ਸੁਵਿਧਾ ਕੇਂਦਰ ਖੋਲ੍ਹ ਕੇ ਬਹੁਤ ਸਾਰੇ ਕੰਮ ਇਨ੍ਹਾਂ ਰਾਹੀਂ ਕਰਨ ਦੀ ਸੁਵਿਧਾ ਦਿੱਤੀ ਗਈ ਪਰ ਸਰਕਾਰ ਬਦਲਣ ਕਾਰਨ ਬਹੁਤੇ ਬੰਦ ਹੋ ਗਏ, ਕਈ ਚੱਲੇ ਹੀ ਨਹੀਂ, ਇਸ ਤਰ੍ਹਾਂ ਇਹ ਚਿੱਟੇ ਹਾਥੀ ਬਣ ਕੇ ਰਹਿ ਗਏ। ਹੁਣ ਇਨ੍ਹਾਂ ਵਿਚ ਹੀ ਹੋਰ ਲੱਖਾਂ ਰੁਪਏ ਖਰਚ ਕੇ ਕਲੀਨਿਕ ਖੋਲ੍ਹੇ ਜਾ ਰਹੇ ਹਨ। ਸੋ ਕਿਸੇ ਵੀ ਸਕੀਮ ਨੂੰ ਰਾਜਨੀਤੀ ਦੀ ਭੇਟ ਚੜ੍ਹਨ ਤੋਂ ਬਚਾਉਣਾ ਜਾਂ ਨਿਰੰਤਰ ਬਰਕਰਾਰ ਰੱਖਣਾ ਵੀ ਵੱਡੀ ਜ਼ਿੰਮੇਵਾਰੀ ਬਣਦੀ ਹੈ।

## ਗ਼ਜ਼ਲ

ਜਿਸ ਦਾ ਇੱਥੇ ਜੀਣਾ ਹੀ ਦੁਸ਼ਵਾਰ ਹੈ,
ਨਰਕ ਉਸ ਨੂੰ ਲੱਗਦਾ ਇਹ ਸੰਸਾਰ ਹੈ।
ਉਹ ਹਰਿਕ ਦੇ ਫਿਰਦਾ ਹੈ ਗਲ ਪੈਣ ਨੂੰ,
ਉਸ ਨੂੰ ਤਾਂ ਕੁਝ ਕਹਿਣਾ ਹੀ ਬੇਕਾਰ ਹੈ।
ਮਾਣ ਉਹ ਕੀ ਕਰਨ ਨਸ਼ਈ ਪੁੱਤ 'ਤੇ,
ਮਾਪਿਆਂ ਦੇ ਸਿਰ 'ਤੇ ਉਹ ਤਾਂ ਭਾਰ ਹੈ।
ਕਿਉਂ ਨਾ ਫਿਰ ਉਹ ਪਿਆਰ ਮਾਇਆ ਨੂੰ ਕਰੇ ?
ਆਦਮੀ ਜਦ ਇਸ ਬਿਨਾਂ ਬੇਕਾਰ ਹੈ।
ਸਾਥ ਦੋਸਤ ਛੱਡ ਜਾਂਦੇ ਨੇ ਉਦੋਂ,
ਆਦਮੀ ਹੁੰਦਾ ਜਦੋਂ ਲਾਚਾਰ ਹੈ।
ਉਸ ਨੂੰ ਬਾਹਰ ਜਾ ਕੇ ਵੀ ਇੱਜ਼ਤ ਮਿਲੇ,
ਜਿਸ ਨੂੰ ਮਿਲਦਾ ਆਪਣੇ ਘਰ ਪਿਆਰ ਹੈ।
ਕਰਕੇ ਨਫਰਤ ਖਤਮ, ਬੈਠਾਵੇ ਕੱਠੇ,
ਬਹੁਤ ਸ਼ਕਤੀਸ਼ਾਲੀ ਹੁੰਦਾ ਪਿਆਰ ਹੈ।

-ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ
ਫੋਨ : 99158-03554
(Punjab Mail USA)



## ਡਾਲਰਾਂ ਦੀ ਭੁੱਖ...

ਡਾਲਰਾਂ ਦੀ ਭੁੱਖ ਨੇ ਉਮਰਾਂ ਦੇ ਵਾਅਦੇ ਖਾ ਲਏ,
ਯਾਦ ਅੱਲ੍ਹੜ ਪੁਣੇ ਦੀ ਚੀਚੀ ਦਾ ਛੱਲਾ ਰਹਿ ਗਿਆ।
ਯੁੱਗਾਂ ਤੋਂ ਦੁਨੀਆਂ ਕਦੀ ਵੱਸਦੀ ਰਹੀ ਮਿਟਦੀ ਰਹੀ,
ਰਹਿ ਗਿਆ ਜੇਕਰ ਸਦਾ ਲਈ ਨਾਮ ਅੱਲਾਹ ਰਹਿ ਗਿਆ।
ਸ਼ੌਂਕ ਖੇਡਣ ਦਾ ਜਵਾਨੀ ਚੜ੍ਹ ਗਈ ਨਸ਼ਿਆਂ ਦੀ ਭੇਟ,
ਹੱਥਾਂ ਵਿਚ ਝਗੜੇ ਲਈ ਹਾਕੀ ਤੇ ਬੱਲਾ ਰਹਿ ਗਿਆ।
ਯਾਰ ਰਿਸ਼ਤੇਦਾਰ ਭਾਈ ਨਿਕਲੇ ਬਸ ਮਤਲਬ ਦੇ ਯਾਰ,
ਰਿਸ਼ਤਿਆਂ ਦੀ ਭੀੜ ਵਿਚ 'ਦਰਦੀ' ਇੱਕਲਾ ਰਹਿ ਗਿਆ।
ਯਾਰ ਨੂੰ ਪਾਉਣੇ ਦੀ ਖਾਤਰ ਮੌਤ ਨੂੰ ਲਾਇਆ ਗਲੇ,
ਇਸ਼ਕ ਦੇ ਇਸ ਵਣਜ ਵਿਚ ਕਿਹੜਾ ਸਵੱਲਾ ਰਹਿ ਗਿਆ।

-ਸਤਨਾਮ ਸਿੰਘ ਦਰਦੀ ਚਾਨੀਆਂ-
ਜਲੰਧਰ
92569-73526
(Punjab Mail USA)



## "ਵੀਹ ਰੁਪਏ ਦਾ ਲੰਗਰ"

ਦੁਨੀਆਂ ਦੇ ਉੱਤੇ ਜਦੋਂ ਆਉਂਦੀਆਂ ਨੇ ਆਫ਼ਤਾਂ
ਅੰਬਰ ਤੇ ਧਰਤੀ ਹਿਲਾਉਂਦਿਆਂ ਨੇ ਆਫ਼ਤਾਂ
ਬਣਕੇ ਫ਼ਰਿਸ਼ਤਾ ਕੋਈ ਆਵੇ ਤੇਰਾ ਖ਼ਾਲਸਾ।
ਹੜ੍ਹਾਂ 'ਚ ਵੀ ਲੰਗਰ ਚਲਾਵੇ ਤੇਰਾ ਖ਼ਾਲਸਾ।

ਭੂਚਾਲ ਆਇਆ ਹੋਵੇ ਭਾਵੇਂ ਕਹਿਰ ਕੋਈ ਤੂਫ਼ਾਨ ਦਾ
ਸਿਰ ਮੰਡਰਾਵੇ ਜਦੋਂ ਖਤਰਾ ਕੋਈ ਜਾਨ ਦਾ
ਜਾਨ ਦੇਕੇ ਜਾਨਾਂ ਨੂੰ ਬਚਾਵੇ ਤੇਰਾ ਖ਼ਾਲਸਾ।
ਹੜ੍ਹਾਂ 'ਚ ਵੀ ਲੰਗਰ.... .... ....।

ਜਾਨ ਲੇਵਾ ਹੋਣ ਭਾਵੇਂ ਫੈਲੀਆਂ ਬੀਮਾਰੀਆਂ
ਬਿਨਾਂ ਭੇਦਭਾਵ ਦੇ ਨਿਭਾਵੇ ਜ਼ਿੰਮੇਵਾਰੀਆਂ
ਆਕਸੀਜਨ ਸਿਲੰਡਰ ਵਰਤਾਵੇ ਤੇਰਾ ਖ਼ਾਲਸਾ।
ਹੜ੍ਹਾਂ 'ਚ ਵੀ ਲੰਗਰ.... .... ....।

ਸਿੱਖ ਸੰਸਥਾਵਾਂ ਪ੍ਰਬੰਧਕ ਕਮੇਟੀਆਂ
ਭਰ-ਭਰ ਭੇਜਣ ਦਵਾਈਆਂ ਦੀਆਂ ਪੇਟੀਆਂ
ਡੁੱਬਦਿਆਂ ਨੂੰ ਕੱਢ ਕੇ ਲਿਆਵੇ ਤੇਰਾ ਖ਼ਾਲਸਾ।
ਹੜ੍ਹਾਂ 'ਚ ਵੀ ਲੰਗਰ.... .... ....।

ਲੱਖਾਂ ਲੋਕ ਹੋਗੇ ਅੱਜ ਘਰੋਂ ਬੇਘਰ ਨੇ
ਸਭ ਲਈ ਹਮੇਸ਼ਾ ਖੁੱਲ੍ਹੇ ਗੁਰੂਆਂ ਦੇ ਦਰ ਨੇ
ਭਲਾ ਸਰਬੱਤ ਦਾ ਮਨਾਵੇ ਤੇਰਾ ਖ਼ਾਲਸਾ।
ਹੜ੍ਹਾਂ 'ਚ ਵੀ ਲੰਗਰ.... .... ....।

ਬਣਕੇ ਘਨੱਈਆ ਇਹ ਛਬੀਲਾਂ ਕਿਤੇ ਲਾਉਂਦਾ ਏ
ਭੱਠਲਾਂ ਦਾ ਗਿੱਲ ਮਲਕੀਤ ਸੱਚ ਗਾਉਂਦਾ ਏ
ਬਾਬੇ ਨਾਨਕ ਦੀ ਬਾਣੀ ਗਾਵੇ ਤੇਰਾ ਖ਼ਾਲਸਾ।
ਹੜ੍ਹਾਂ 'ਚ ਵੀ ਲੰਗਰ ਚਲਾਵੇ ਤੇਰਾ ਖ਼ਾਲਸਾ।

ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225
94174-90943



## ਚੋਣਾਂ ਦਾ ਮੌਸਮ

ਨੇਤਾਵਾਂ ਨੂੰ ਪਈ ਹੈ ਕਾਹਲੀ,
ਕਾਵਾਂ ਰੌਲੀ ਪਈ ਹੈ ਬਾਹਲੀ।
ਰੋਜ਼ ਨਵੀਂ ਹੈ ਪਾਰਟੀ ਬਣਦੀ,
ਆਪੋ 'ਚ ਖਹਿਬਾਜ਼ੀ ਤਣਦੀ।

ਕਲਾਬਾਜ਼ ਕਈ ਪਲਟੀ ਮਾਰੂ,
ਗੱਲੀਬਾਤੀਂ ਹੁਣ ਸਭਦਾ ਸਾਰੂ।
ਦੇਖ ਕੇ ਖ਼ਬਰ ਨਹੀਂ ਹੈ ਔਖੀ,
ਟਿਕਟ ਲਈ ਹੁੰਦੇ ਤਰਲੋਮੱਛੀ।

ਜਲਦੀ-ਜਲਦੀ ਬਦਲਦੇ ਰੰਗ,
ਦੇਖ ਤਮਾਸ਼ਾ ਲੋਕ ਰਹੇ ਦੰਗ।
ਝੱਟ ਪੱਗ ਨਾਲ ਪੱਗ ਵਟਾਈ,
ਭੁੱਲਕੇ ਪਿੱਛਾ ਬਣੇ ਗੁਰਭਾਈ।

ਨਹੀਂ ਹੈ ਕਿਸੇ ਦੇ ਸਕੇ ਸਕੀਰੀ,
ਮੌਕਾਪ੍ਰਸਤ ਰਲ ਖਾਣ ਪੰਜੀਰੀ।
ਜੰਮ ਪੈਂਦੇ ਜਿਵੇਂ ਬਰਸਾਤੀ ਖੁੰਬਾਂ,
ਵਿਕਦੇ ਨੇ ਵਾਂਗਰ ਨਕਲੀ ਟੁੰਬਾਂ।

ਨਿੱਕਲਦੇ ਇੰਝ ਬਰਸਾਤੀ ਡੱਡੂ,
ਪਰ ਵੋਟਰ ਵੱਟ ਕੱਢ ਕੇ ਛੱਡੂ।
ਫਿਰਕੇ ਮਜ਼੍ਹਬਾਂ ਦੇ ਵੈਰ ਪੁਆਏ,
ਝੋਲੀ ਅੱਡਕੇ ਖ਼ੈਰ ਮੰਗਣ ਆਏ।

ਪਹਿਲੇ ਜ਼ਰਾ ਖੋਟਾ ਖ਼ਰਾ ਪਛਾਣੋ,
ਵੋਟਾਂ ਵੇਚਕੇ ਕਿਤੇ ਦੁੱਖ ਨਾ ਮਾਣੋ।
ਖ਼ਬਰਦਾਰ! ਬਣ ਰਹਿਓ ਸੁਚੇਤ,
ਦੇਖਿਓ! ਵਾੜ ਨਾ ਖਾ ਜਾਏ ਖੇਤ।

-ਸੇਵਾ ਸਿੰਘ 'ਨੂਰਪੁਰੀ'
(Punjab Mail USA)



## "ਖ਼ਾਲਸੇ ਦਾ ਹੋਲਾ"

ਹੋਰਾਂ ਦੀਆਂ ਹੋਲੀਆਂ ਤੇ ਖ਼ਾਲਸੇ ਦਾ ਹੋਲਾ ਏ।
ਨਾਮ ਵਿਚ ਖ਼ਾਲਸੇ ਦਾ ਰੰਗ ਰੱਤਾ ਚੋਲਾ ਏ।

ਹਰਣਾਖ਼ਸ ਨੂੰ ਮਾਰ ਪੈਜ ਰੱਖੀ ਪ੍ਰਹਿਲਾਦ ਦੀ
ਹੋਲਕਾਂ ਨੂੰ ਸਾੜ ਰੱਬ ਰੱਖੀ ਉਹਦੀ ਲਾਜ ਸੀ
ਹੋਲਕਾ ਦਹਿਨ ਵੇਲੇ ਰੰਗ ਲੋਕੀਂ ਪਾਉਂਦੇ ਸੀ।
ਇੱਕ ਦੂਜੇ ਉੱਤੇ ਸੁੱਟ ਚਿੱਕੜ ਮਨਾਉਂਦੇ ਸੀ।

ਧੰਨ ਦਸਮੇਸ਼ ਪਿਤਾ ਕਲਗੀਆਂ ਵਾਲੇ ਨੇ
ਜੱਗ ਨਾਲੋਂ ਕੀਤੇ ਸਾਰੇ ਚੋਜ਼ ਹੀ ਨਿਰਾਲੇ ਨੇ
ਹੋਲੀ ਦੀ ਥਾਂ ਹੋਲਾ ਉਨ੍ਹਾਂ ਖੇਡਣਾ ਸਿਖਾਇਆ ਏ।
ਸ਼ਸਤਰਾਂ ਦਾ ਉਨ੍ਹਾਂ ਅਭਿਆਸ ਇਉਂ ਕਰਾਇਆ ਏ।

ਦੋ ਟੀਮਾਂ ਸਿੰਘਾਂ ਦੀਆਂ ਗੁਰੂ ਜੀ ਬਣਾਉਂਦੇ ਸੀ
ਇੱਕ ਦੂਜੀ ਨਾਲ ਉਹ ਮੁਕਾਬਲਾ ਕਰਾਉਂਦੇ ਸੀ
ਟੀਮ ਜਿਹੜੀ ਜਿੱਤ ਜਾਂਦੀ ਵੰਡਦੇ ਇਨਾਮ ਸੀ।
ਅਨੰਦਪੁਰ ਸਾਹਿਬ 'ਚ ਇਹ ਹੁੰਦਾ ਸੰਗਰਾਮ ਸੀ।

ਅੱਜ ਵੀ ਨਿਹੰਗ ਸਿੰਘ ਕੱਢਦੇ ਮੁਹੱਲਾ ਨੇ
ਗੱਤਕੇ ਦੇ ਜੌਹਰ ਵਿਖਾਉਂਦੇ ਫੜ ਭੱਲਾ ਨੇ
ਤੇਗਾਂ ਅਤੇ ਚੱਕਰਾਂ ਦੇ ਪੈਂਦੇ ਲਿਸ਼ਕਾਰੇ ਨੇ।
ਬੋਲੇ ਸੋ ਨਿਹਾਲ ਵਾਲੇ ਗੂੰਜਦੇ ਜੈਕਾਰੇ ਨੇ।

ਬੀਰ-ਰਸੀ ਵਾਰਾਂ ਆਕੇ ਢਾਡੀ ਸਾਰੇ ਗਾਉਂਦੇ ਨੇ
ਢੋਲ ਮਰਦੰਗ ਤੇ ਨਗਾਰੇ ਗੂੰਜਾਂ ਪਾਉਂਦੇ ਨੇ
ਹਾਥੀ ਅਤੇ ਘੋੜੇ ਵੀ ਸਜਾਕੇ ਪੂਰੇ ਲਿਆਉਂਦੇ ਨੇ।
ਰਾਗੀ ਸਿੰਘ ਬਾਣੀ ਬਾਬੇ ਨਾਨਕ ਦੀ ਗਾਉਂਦੇ ਨੇ।

ਅਨੰਦਪੁਰ ਸਾਹਿਬ ਲੱਖਾਂ ਆਉਂਦੀਆਂ ਨੇ ਸੰਗਤਾਂ
ਸ਼ਰਧਾ ਦੇ ਨਾਲ ਆ ਮਨਾਉਂਦੀਆਂ ਨੇ ਸੰਗਤਾਂ
"ਗਿੱਲ ਮਲਕੀਤ" ਸਦਾ ਜਾਂਦਾ ਬਲਿਹਾਰ ਹੈ।
ਚੜ੍ਹਦੀ ਕਲਾ ਦਾ ਪ੍ਰਤੀਕ ਇਹ ਤਿਉਹਾਰ ਹੈ।

ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943
(Punjab Mail USA)



## ਬੇਸ਼ਰਮਾਂ ਦੀ ਦਾਲ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)





ਪੰਜਾਬ ਵਿਚ ਪੁਰਾਤਨ ਕਾਲ ਤੋਂ ਇਹ ਕਹਾਵਤ ਪ੍ਰਚਲਿਤ ਹੈ ਕਿ ਕੋਈ ਆਦਮੀ ਬੜਾ ਢੀਠ ਅਤੇ ਬੇਸ਼ਰਮ ਸੀ। ਇੱਕ ਵਾਰ ਉਸ ਦੇ ਘਰ ਕੁਝ ਮਹਿਮਾਨ ਆਏ ਹੋਏ ਸਨ। ਸਾਰੇ ਰੋਟੀ ਖਾਣ ਲੱਗੇ, ਤਾਂ ਉਸ ਦੀ ਖੁਦ ਦੀ ਦਾਲ ਵਾਲੀ ਕੌਲੀ ਉਸਦੇ ਹੱਥੋਂ ਡਿੱਗ ਪਈ ਅਤੇ ਦਾਲ ਧਰਤੀ 'ਤੇ ਡੁੱਲ੍ਹ ਗਈ। ਉਸ ਨੇ ਪਿੱਛੇ ਮੁੜ ਕੇ ਵੇਖਿਆ, ਤਾਂ ਘਰਵਾਲੀ ਨੇ ਇਸ਼ਾਰੇ ਨਾਲ ਸਮਝਾਇਆ ਕਿ ਭਲਿਆ ਲੋਕਾ ਦਾਲ ਹੋਰ ਨਹੀਂ ਹੈ, ਗੋਹਿਆਂ ਵਗੈਰਾ ਦੀ ਅੱਗ ਨਾਲ ਹੋਰ ਦਾਲ-ਸਬਜ਼ੀ ਦੋ-ਤਿੰਨ ਘੰਟਿਆਂ ਵਿਚ ਬਣਨੀ ਸੀ (ਅੱਜ ਵਾਂਗ ਗੈਸਾਂ ਜਾਂ ਪਰੈਸ਼ਰ ਕੁੱਕਰ ਤਾਂ ਨਹੀਂ ਸਨ)। ਇਸ ਕਰਕੇ ਉਸ ਆਦਮੀ ਨੇ ਆਪਣੀ ਢੀਠਤਾਈ ਦਾ ਫਾਇਦਾ ਚੁੱਕਦੇ ਹੋਏ ਰੋਟੀ ਦੀਆਂ ਗਰਾਹੀਆਂ ਹੇਠਾਂ ਡੁੱਲ੍ਹੀ ਦਾਲ ਨਾਲ ਲਾ ਕੇ ਖਾਣੀਆਂ ਸ਼ੁਰੂ ਕਰ ਦਿੱਤੀਆਂ ਤੇ ਕਹਿੰਦਾ ਜੋ ਸਵਾਦ ਭੁੰਜੇ ਡੁੱਲ੍ਹੀ ਦਾਲ ਖਾਣ ਦਾ ਆਉਂਦਾ ਹੈ, ਉਹ ਸਵਾਦ ਕੌਲੀ ਵਿਚ ਕਿੱਥੇ ? ਉਦੋਂ ਇਹ ਗੱਲ ਕਿਸੇ-ਕਿਸੇ 'ਤੇ ਲਾਗੂ ਸੀ ਪਰ ਅੱਜ ਇਹ ਕਹਾਵਤ ਅੱਜ ਦੀ ਸਾਰੀ ਦੁਨੀਆਂ ਉਤੇ ਲਾਗੂ ਹੋ ਗਈ ਹੈ। ਇਸ ਦੀ ਤਾਜ਼ਾ ਮਿਸਾਲ ਕਰੋਨਾ ਕਾਲ ਹੈ। ਕਰੋਨਾ ਸ਼ੁਰੂ ਹੋਣ ਤੋਂ ਪਹਿਲਾਂ ਜਿਵੇਂ ਲੋਕਾਂ ਵਿਚ ਆਪਾ-ਧਾਪੀ ਮਚੀ ਹੋਈ ਸੀ, ਲੋਕ ਇੱਕ ਦੂਜੇ ਦਾ ਹੱਕ ਖਾਣ/ਖੋਹਣ ਵਿਚ ਮਸਰੂਫ ਸਨ, ਸਭ ਲੋਕ ਰੱਬ ਨੂੰ ਭੁੱਲੀ ਬੈਠੇ ਸਨ, ਤਾਂ ਕੁਝ ਸਿਆਣੇ ਲੋਕਾਂ ਨੇ ਕਿਹਾ ਕਿ ਇਹ ਜੋ ਕਰੋਪੀ (ਕਰੋਨਾ) ਆਇਆ ਹੈ, ਇਹ ਅਸੀਂ ਆਪਣੇ ਕੀਤੇ ਦਾ ਫਲ ਪਾ ਰਹੇ ਹਾਂ, ਜੋ ਪਾਪ ਅਸੀਂ ਕੀਤੇ ਹੋਏ ਹਨ, ਉਹੀ ਸਾਡੇ ਅੱਗੇ ਆ ਰਹੇ ਹਨ। ਕਿਸੇ ਨੇ ਕਿਹਾ, ਇਹੋ ਜਿਹੀ ਕਰੋਪੀ ਸੌ ਸਾਲ ਪਹਿਲਾਂ ਵੀ ਆਈ ਸੀ, ਉਦੋਂ ਪਲੇਗ ਪਈ ਸੀ। ਪਿੰਡਾਂ ਦੇ ਪਿੰਡ ਖਾਲੀ ਹੋ ਗਏ ਸਨ। ਕਿਸੇ ਚੇਚਕ ਰੋਗ (ਵੱਡੀ ਮਾਤਾ) ਦਾ ਹਵਾਲਾ ਦਿੱਤਾ। ਹੁਣ ਕਰੋਨਾ ਜਿਉਂ-ਜਿਉਂ ਜ਼ੋਰ ਫੜਦਾ ਜਾ ਰਿਹਾ ਸੀ, ਮਰਨ ਵਾਲਿਆਂ ਦੀ ਗਿਣਤੀ ਸੈਂਕੜਿਆਂ ਤੋਂ ਹਜ਼ਾਰਾਂ ਵਿਚ ਬਦਲ ਗਈ। ਵੇਖਦੇ-ਵੇਖਦੇ ਹਜ਼ਾਰ ਲੱਖਾਂ ਵਿਚ ਤਬਦੀਲ ਹੋਏ ਅਤੇ ਲੱਖਾਂ ਤੋਂ ਗਿਣਤੀ ਕਰੋੜਾਂ ਵੱਲ ਵਧਣ ਲੱਗੀ। ਦੁਨੀਆਂ ਵਿਚ ਹਾਹਾਕਾਰ ਸੀ, ਸਰਕਾਰਾਂ ਵੀ ਡਰ ਗਈਆਂ। ਕਰਫਿਊ ਲੱਗ ਗਏ। ਡਾਕਟਰ, ਨਰਸਾਂ ਅਤੇ ਸਿਹਤ ਵਿਭਾਗ ਦਾ ਅਮਲਾ ਫੈਲਾ ਵੀ ਮੌਤ ਦੀ ਭੇਂਟ ਚੜ੍ਹਨ ਲੱਗਾ। ਸਕੂਲ, ਕਾਲਜ, ਯੂਨੀਵਰਸਿਟੀਆਂ ਸਮੇਤ ਧਾਰਮਿਕ ਸਥਾਨ ਵੀ ਬੰਦ ਹੋ ਗਏ। ਬੱਸਾਂ, ਕਾਰਾਂ, ਰੇਲਗੱਡੀਆਂ ਅਤੇ ਹਵਾਈ ਜਹਾਜ਼ ਸਿਰਫ ਐਮਰਜੈਂਸੀ ਹਾਲਾਤਾਂ ਵਿਚ ਚੱਲਣ ਲੱਗੇ। ਚਾਰੇ ਪਾਸੇ ਮੌਤ ਦਾ ਭੈਅ ਸੀ!! ਉਨ੍ਹਾਂ ਹਾਲਾਤਾਂ ਵਿਚ ਲੋਕਾਂ ਨੇ ਇੱਕ ਦੂਜੇ ਦੇ ਮਰਨੇ ਪਰਨੇ 'ਤੇ ਜਾਣਾ ਵੀ ਛੱਡ ਦਿੱਤਾ। ਇਥੋਂ ਤੱਕ ਕਿ ਲੋਕਾਂ ਨੇ ਆਪਣੇ ਸੱਕਿਆਂ ਅਤੇ ਪਰਿਵਾਰਕ ਮੈਂਬਰਾਂ ਦੇ ਮ੍ਰਿਤਕ ਸਰੀਰ ਵੀ ਹਸਪਤਾਲਾਂ ਤੋਂ ਲੈਣੋਂ ਹੱਥ ਖੜ੍ਹੇ ਕਰ ਦਿੱਤੇ। ਸਰਕਾਰਾਂ ਵੱਲੋਂ ਮ੍ਰਿਤਕ ਦੇਹਾਂ ਨਦੀਆਂ ਵਿਚ ਰੋੜ੍ਹਨੀਆ ਸ਼ੁਰੂ ਦਿੱਤੀਆਂ, ਜਿਸ ਨਾਲ ਹੋਰ ਮਹਾਂਮਾਰੀ ਦਾ ਖਤਰਾ ਮੰਡਰਾਉਣ ਲੱਗਾ, ਤਾਂ ਆਮ ਅਵਾਮ ਵੱਲੋਂ ਇੱਕ ਕਿਸਮ ਦੀ ਅਵਾਜ਼ ਉੱਠਦੀ ਨਜ਼ਰ ਆਈ ਕਿ ਹੁਣ ਇਸ ਕਹਿਰ ਤੋਂ ਜੋ ਲੋਕ ਬਚ ਜਾਣਗੇ, ਉਨ੍ਹਾਂ ਨੇ ਮੌਤ ਦਾ ਮੰਜ਼ਰ ਦੇਖ ਲਿਆ ਹੈ, ਤਾਂ ਹੁਣ ਉਹ ਰੱਬ ਦੇ ਭੈਅ ਵਿਚ ਚੱਲਣਾ ਸ਼ੁਰੂ ਕਰ ਦੇਣਗੇ। ਲੋਕ ਕੁਦਰਤ ਦੀ ਕਰੋਪੀ ਤੋਂ ਸਬਕ ਲੈ ਲੈਣਗੇ ਪਰ ਹੋਇਆ ਇਸ ਸਭ ਤੋਂ ਬਿਲਕੁਲ ਉਲਟ!! ਲੋਕ ਸਗੋਂ ਵੱਧ ਠੱਗੀਆਂ ਮਾਰਨ ਲੱਗੇ, ਮੌਤ ਦੇ ਮੰਜ਼ਰ ਤੋਂ ਭੈਅ ਖਾਣ ਦੀ ਥਾਂ ਹੋਰ ਲੋਭੀ ਹੋ ਗਏ। ਝੂਠ ਬੋਲ-ਬੋਲ ਸਰਕਾਰਾਂ ਬਣਾਉਣ ਲੱਗੇ, ਭਾਵ ਬੇਸ਼ਰਮੀ ਦੀਆਂ ਹੱਦਾਂ ਟੱਪ ਗਏ, ਤਾਂ ਅੱਜ ਮੈਨੂੰ ਇਹ ਬੇਸ਼ਰਮਾਂ ਦੀ ਦਾਲ ਵਾਲੀ ਗੱਲ ਯਾਦ ਆਈ।

# REALTY ONE GROUP

## FOR SALE & PURCHASE OF ANY KIND OF PROPERTY

## *Recently Sold Properties*


Caravaggio, Sacramento


Stroman, Sacramento


Mason Ct, Tracy


Windsong Dr, Tracy


Oak Valley Way, Stockton



Van Eych, Sacramento


Valenda Ct, Elk Grove


Rodfo Ct, Sacramento


Masters St, Elk Grove


Little Harbor Ct, Elk Grove



Bond Road, Elk Grove


Bond Road, Elk Grove



**Gurjatinder S. Randhawa**
REALTOR CA DRE licence # 01490567

## *New Listings*



Bradshaw Road, Elk Grove


Neutra Way, Elk Grove


Pawcatuck Way, Rancho Cordova

# Gurjatinder S. Randhawa

web: www.RealtorRandhawa.com

**916-320-9444**

garysingh123@yahoo.com